

ਅਦਾਰਾ 'ਦੇਸ਼ ਦੁਆਬਾ' ਵੱਲੋਂ ਵਿਸ਼ਵ ਭਰ ਵਿਚ ਮਨਾਏ ਜਾ ਰਹੇ ਸ਼ਰਧਾ ਪੂਰਵਕ ਸਤਿਗੁਰੂ ਕਬੀਰ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ। (ਪ੍ਰੋ. ਐਚ. ਐਲ. ਕਪੂਰ ਦਾ ਵਿਸ਼ੇਸ਼ ਲੇਖ ਅੰਦਰ ਦੇਖੋ)


13ਵਾਂ ਸਾਲ

ਹਫਤਾਵਾਰੀ

# ਦੇਸ਼ ਦੁਆਬਾ

VOL -14 ISSUE - 10

June 11, 2025



Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com




ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ ਸਤਿਗੁਰੂ ਕਬੀਰ ਜੀ ਦਾ ਅਵਤਾਰ ਪੁਰਬ ਅਤੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਅਵਤਾਬ ਪੁਰਬ 15 ਜੂਨ 2025 ਦਿਨ ਐਤਵਾਰ ਨੂੰ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ। (ਸਬੰਧਤ ਇਸ਼ਤਿਹਾਰ ਦੇਖੋ ਸਫਾ 8 'ਤੇ)


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ




ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 40ਵਾਂ ਸਥਾਪਨਾ ਦਿਵਸ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ 27, 28, 29 ਜੂਨ 2025 ਨੂੰ ਮਨਾਇਆ ਜਾ ਰਿਹਾ ਹੈ। ਹੋਰ ਜਾਣਕਾਰੀ ਲਈ ਸਬੰਧਤ ਇਸ਼ਤਿਹਾਰ ਦੇਖੋ ਸਫਾ 2 'ਤੇ।




11-12 ਜੂਨ 1926 ਨੂੰ ਆਦਿ ਧਰਮ ਦੇ ਸਥਾਪਨਾ ਦਿਵਸ ਦੇ ਸ਼ਤਾਬਦੀ ਵਰ੍ਹਾ ਆਰੰਭ ਹੋਣ ਦੀਆਂ ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ। ਆਦਿ ਧਰਮ ਦੇ ਸਥਾਪਨਾ ਦਿਵਸ ਸਬੰਧੀ ਵਿਸ਼ੇਸ਼ ਲੇਖ ਅੰਦਰ ਦੇਖੋ

## ਇਮੀਗ੍ਰੇਸ਼ਨ ਨੂੰ ਲੈ ਕੇ ਲਾਸ ਏਂਜਲਸ 'ਚ ਤਣਾਅ, ਫੌਜ ਤਾਇਨਾਤ

**ਲਾਸ ਏਂਜਲਸ (ਬਿਊਰੋ)–** ਇਮੀਗ੍ਰੇਸ਼ਨ ਛਾਪਿਆਂ ਨੂੰ ਲੈ ਕੇ ਪਿਛਲੇ ਕਈ ਦਿਨਾਂ ਤੋਂ ਅਮਰੀਕਾ ਦੇ ਲਾਸ ਏਂਜਲਸ ਵਿੱਚ ਵਿਰੋਧ ਪ੍ਰਦਰਸ਼ਨ ਚੱਲ ਰਹੇ ਹਨ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਅਤੇ ਸੰਘੀ ਏਜੰਟਾਂ ਵਿਚਕਾਰ ਝੜਪਾਂ ਦੀਆਂ ਰਿਪੋਰਟਾਂ ਲਗਾਤਾਰ ਆ ਰਹੀਆਂ ਸਨ। ਹੁਣ ਰਾਸ਼ਟਰਪਤੀ ਡੋਨਾਲਡ ਟਰੰਪ ਨੇ 2,000 ਨੈਸ਼ਨਲ ਗਾਰਡ ਸੈਨਿਕਾਂ ਦੀ ਤਾਇਨਾਤੀ ਦਾ ਐਲਾਨ ਕੀਤਾ ਹੈ। ਇਸ ਫ਼ੈਸਲੇ ਤੋਂ ਬਾਅਦ ਵਿਰੋਧ ਪ੍ਰਦਰਸ਼ਨ ਹਿੰਸਕ ਹੋਣ ਦੀ ਉਮੀਦ ਹੈ। ਇਹ ਵਿਰੋਧ ਪ੍ਰਦਰਸ਼ਨ ਸ਼ੁੱਕਰਵਾਰ ਨੂੰ ਸ਼ੁਰੂ ਹੋਇਆ। ਲੋਕ ਟਰੰਪ ਪ੍ਰਸ਼ਾਸਨ ਦੇ ਇਮੀਗ੍ਰੇਸ਼ਨ ਛਾਪਿਆਂ ਦੇ ਫ਼ੈਸਲੇ ਤੋਂ ਨਾਰਾਜ਼ ਹਨ। ਪ੍ਰਦਰਸ਼ਨਕਾਰੀ ਮੈਕਸੀਕਨ ਝੰਡੇ ਦਿਖਾ ਕੇ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ ਅਤੇ ਭਾਰੀ ਨਾਅਰੇਬਾਜ਼ੀ ਵੀ ਹੋ ਰਹੀ ਹੈ। ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰੋਲੀਨ ਲੇਵਿਟ ਨੇ ਕਿਹਾ ਕਿ "ਗੈਰ-ਕਾਨੂੰਨੀ ਅਪਰਾਧੀਆਂ ਦੇ ਹਮਲੇ ਨੂੰ ਰੋਕਣ" ਲਈ ਇਹ ਤਾਇਨਾਤੀ ਜ਼ਰੂਰੀ ਸੀ। ਉਨ੍ਹਾਂ ਕੈਲੀਫੋਰਨੀਆ ਦੀ ਡੈਮੋਕ੍ਰੇਟਿਕ ਸਰਕਾਰ 'ਤੇ ਹਫੜਾ-ਦਫੜੀ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਗਾਇਆ। ਲੇਵਿਟ ਨੇ ਕਿਹਾ, "ਹਿੰਸਕ ਭੀੜ ਨੇ ਇਛਓ ਅਧਿਕਾਰੀਆਂ ਅਤੇ ਸੰਘੀ ਏਜੰਟਾਂ 'ਤੇ ਹਮਲਾ ਕੀਤਾ।"



### ਟਰੰਪ ਨੇ ਐਲਨ ਮਸਕ ਨੂੰ ਦਿੱਤੀ ਚਿਤਾਵਨੀ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੇ ਸਾਬਕਾ ਸਹਿਯੋਗੀ ਤੇ ਸਨਅਤਕਾਰ ਐਲਨ ਮਸਕ ਨਾਲ ਟੈਕਸ ਕਟੌਤੀ ਤੇ ਖ਼ਰਚ ਸਬੰਧੀ ਬਿੱਲ ਬਾਰੇ ਛਿੜੀ ਆਪਣੀ ਲੜਾਈ ਤੋਂ ਪਿੱਛੇ ਹਟਣ ਨੂੰ ਤਿਆਰ ਨਹੀਂ ਹਨ। ਸ਼ਨਿਚਰਵਾਰ ਨੂੰ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਮਸਕ ਨਾਲ ਰਿਸ਼ਤੇ ਸੁਧਾਰਨ ਦੀ ਕੋਈ ਇੱਛਾ ਨਹੀਂ। ਨਾਲ ਹੀ ਚਿਤਾਵਨੀ ਦਿੱਤੀ ਕਿ ਜੇਕਰ ਮਸਕ ਨੇ ਅਗਲੀਆਂ ਮੱਧਕਾਲੀ ਚੋਣਾਂ 'ਚ ਡੈਮੋਕ੍ਰੇਟਸ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ। ਟਰੰਪ ਨੇ ਐੱਨਬੀਸੀ ਦੀ ਕ੍ਰਿਸਟਨ ਵੈਲਕਰ ਨੂੰ ਫੋਨ 'ਤੇ ਦਿੱਤੀ ਇੰਟਰਵਿਊ 'ਚ ਦੱਸਿਆ ਕਿ ਉਨ੍ਹਾਂ ਦਾ ਮਸਕ ਨਾਲ ਸਮਝੌਤਾ ਕਰਨ ਦਾ ਕੋਈ ਇਰਾਦਾ ਨਹੀਂ ਹੈ। ਇਹ ਪੁੱਛੇ ਜਾਣ 'ਤੇ ਕਿ ਕੀ ਟੈਸਲਾ ਤੇ ਸਪੇਸਐਕਸ ਦੇ ਖ਼ਰਬਪਤੀ ਸੀਈ  ਨਾਲ ਉਨ੍ਹਾਂ ਦਾ ਰਿਸ਼ਤਾ ਖ਼ਤਮ ਹੋ ਗਿਆ ਹੈ, ਟਰੰਪ ਨੇ ਜਵਾਬ ਦਿੱਤਾ, ਮੈਨੂੰ ਲੱਗਦਾ ਹੈ ਕਿ ਇਸੇ ਤਰ੍ਹਾਂ ਹੈ। ਉਨ੍ਹਾਂ ਅੱਗੇ ਕਿਹਾ ਕਿ ਮੈਂ ਹੋਰ ਕੰਮਾਂ 'ਚ ਬਹੁਤ ਰੁਝਿਆ ਹਾਂ।

## ਅਮਰੀਕੀ ਯੂਨੀਵਰਸਿਟੀਆਂ 'ਚ ਪੜ੍ਹਦੇ ਭਾਰਤੀ ਵਿਦਿਆਰਥੀਆਂ 'ਚ ਬੇਯਕੀਨੀ ਦਾ ਮਾਹੌਲ



ਕੈਲੇਫੋਰਨੀਆ- ਅਮਰੀਕਾ ਵਿਚ ਰਹਿ ਰਹੇ ਭਾਰਤੀ ਵਿਦਿਆਰਥੀਆਂ ਵਿਚ ਬੇਵਸੀ ਅਤੇ ਦੁਚਿੱਤੀ ਦਾ ਮਾਹੌਲ ਵਧਦਾ ਜਾ ਰਿਹਾ ਹੈ। ਹਾਰਵਰਡ ਕੈਨੇਡੀ ਸਕੂਲ ਤੋਂ ਪਿਛਲੇ ਮਹੀਨੇ ਗਰੈਜੂਏਟ ਹੋਏ ਇੱਕ ਭਾਰਤੀ ਵਿਦਿਆਰਥੀ ਨੇ ਅਪੀਲ ਕਰਦਿਆਂ ਕਿਹਾ, ''ਇਹ ਅਜਿਹਾ ਸਮਾਂ ਜਦੋਂ ਸਾਨੂੰ ਇਹ ਸਮਝ ਨਹੀਂ ਆ ਰਹੀ ਕਿ ਕੀ ਕੀਤਾ ਜਾਵੇ। ਕੀ ਸਾਨੂੰ ਘਰ ਮੁੜ ਜਾਣਾ ਚਾਹੀਦਾ ਹੈ ਜਾਂ ਕੋਈ ਹੱਲ ਕੱਢਣ ਲਈ ਹੀਲਾ ਕਰਨਾ ਚਾਹੀਦਾ ਹੈ।'' ਹਾਰਵਰਡ 'ਚ ਕੁਝ ਭਾਰਤੀ ਵਿਦਿਆਰਥੀਆਂ ਨੇ ਨਾਮ ਗੁਪਤ ਰੱਖਣ ਦੀ ਸ਼ਰਤ ਤੇ ਗੱਲਬਾਤ ਕਰਦਿਆਂ ਪਿਛਲੇ ਕੁਝ ਮਹੀਨਿਆਂ ਦੇ ਆਪਣੇ ਤਰਜਬੇ ਤੇ ਫਿਕਰ ਸਾਂਝੇ ਕੀਤੇ, ਜਿਸ ਦੌਰਾਨ ਵੱਕਾਰੀ ਯੂਨੀਵਰਸਿਟੀ ਨੂੰ ਟਰੰਪ ਪ੍ਰਸ਼ਾਸਨ ਦੇ ਲਗਾਤਾਰ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਹੈ। ਪ੍ਰਸ਼ਾਸਨ ਦੀ ਕਾਰਵਾਈ 'ਚ 2.2 ਅਰਬ ਡਾਲਰ ਦੀ ਗਰਾਂਟ 'ਤੇ ਰੋਕ, ਕੌਮਾਂਤਰੀ ਵਿਦਿਆਰਥੀਆਂ ਨੂੰ ਦਾਖਲਾ ਦੇਣ ਦੀ ਯੂਨਵਰਸਿਟੀ ਦੀ ਯੋਗਤਾ ਰੱਦ ਕਰਨੀ ਤੇ ਹਾਰਵਰਡ 'ਚ ਰਿਸਰਚ ਤੇ ਐਕਸਚੇਂਜ ਪ੍ਰੋਗਰਾਮਾਂ 'ਚ ਹਿੱਸਾ ਲੈਣ ਦੇ ਚਾਹਵਾਨ ਵਿਦੇਸ਼ੀ ਨਾਗਰਿਕਾਂ ਦੀ ਐਂਟਰੀ ਮੁਅੱਤਲ ਕਰਨਾ ਸ਼ਾਮਲ ਹੈ। ਹਾਰਵਰਡ ਗਰੈਜੂਏਟ ਸਕੂਲ ਆਫ ਡਿਜ਼ਾਈਨ ਤੋਂ ਦੋ ਸਾਲਾ ਕੋਰਸ ਕਰਨ ਵਾਲੀ ਇੱਕ ਹੋਰ ਭਾਰਤੀ ਵਿਦਿਆਰਥਣ ਨੇ ਕਿਹਾ ਕਿ ਵਿਦਿਆਰਥੀ ਇਸ ਸੋਚ ਨਾਲ ਇੱਥੇ ਆਉਂਦੇ ਹਨ ਕਿ ਉਹ ਅਮਰੀਕੀ ਸੰਸਥਾਵਾਂ 'ਚ ਪੜ੍ਹਾਈ ਪੂਰੀ ਕਰਨ ਮਗਰੋਂ ਅਮਰੀਕਾ 'ਚ ਕੁਝ ਸਾਲਾਂ ਤੱਕ ਕੰਮ ਕਰ ਸਕਣਗੇ। ਪਰ ਉਸ ਨੇ ਹਾਲੀਆ ਕੁਝ ਮਹੀਨਿਆਂ ਦੇ ਉਤਰਾਅ-ਚੜ੍ਹਾਅ ਬਾਰੇ ਕਿਹਾ, ''ਇੰਨੀ ਬੇਯਕੀਨੀ ਵਾਲੇ ਮਾਹੌਲ 'ਚ ਮੈਂ ਕਹਿ ਸਕਦੀ ਹਾਂ ਕਿ ਜੋ ਲੋਕ ਹੁਣ ਨੌਕਰੀਆਂ ਦੇ ਰਹੇ ਹਨ, ਉਹ ਆਮ ਤੌਰ 'ਤੇ ਕੌਮਾਂਤਰੀ ਵਿਦਿਆਰਥੀਆਂ ਨੂੰ ਲੈ ਕੇ ਝਿਜਕ ਮਹਿਸੂਸ ਕਰ ਰਹੇ ਹਨ। ਪਹਿਲਾਂ ਸ਼ਾਇਦ ਹਾਰਵਰਡ ਦਾ ਨਾਮ ਝਿਜਕ ਦੂਰ ਕਰ ਦਿੰਦਾ ਸੀ ਪਰ ਇਸ ਸਮੇਂ ਖਾਸਕਰ ਹਾਲੀਆ ਸਥਿਤੀ ਵਿੱਚ, ਅਜਿਹਾ ਨਹੀਂ ਹੈ।'' ਹਾਰਵਰਡ ਕੈਨੇਡੀ ਸਕੂਲ ਦੀ ਵਿਦਿਆਰਥਣ ਨੇ ਕਿਹਾ ਕਿ ਉਹ ਨੌਕਰੀ ਦੀ ਭਾਲ ਕਰ ਰਹੀ ਹੈ। ਉਸ ਨੇ ਕਿਹਾ, ''ਮਾਲਕਾਂ ਨੇ ਕਿਸੇ ਵੀ ਕੌਮਾਂਤਰੀ ਵਿਦਿਆਰਥੀ ਨੂੰ ਕੰਮ 'ਤੇ ਰੱਖਣਾ ਬੰਦ ਕਰ ਦਿੱਤਾ ਹੈ ਕਿਉਂਕਿ ਸਾਡੀ ਵੀਜ਼ਾ ਸਥਿਤੀ ਅਸਥਿਰ ਹੈ।''



















# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Temple Pittsburg - Upcoming Programs




**Guru Piyari Saadh Sangat Ji:**

**Waheguru Ji Ka Khalsa Waheguru Ji KI Fateh!**

The following programs will be celebrated at the Gurdwara Sahib:

**June 27-28-29, 2025**
**Pittsburg Gurughar's 40th Anniversary**

Sri Guru Ravidass Sabha will be celebrating 40th anniversary of Sri Guru Ravidass Temple Pittsburg on Sunday, June 29, 2025, with great enthusiasm.

Akhand Path will start on Friday 6/27/2025 at 10:00 AMand will be concluded with Bhog ceremony on Sunday, 6/29/2025, followed by Kirtan Deewan. Jatha of Bhai Kapoor Singh ji - Khanne Wale, along with Jatha of Giani Balwinder Singh ji will delight Sangat with Shabad Kirtan.

Nishan Sahib Chola Sewa will be hosted by S. Balbir Singh ji on Saturday, June 28, 2025 at 11:00 AM. Kirtan Deewan will be from 6:00 PM to 8:00 PM on Saturday.

There will be a health camp on Sunday from 10:00 AM to 1:00 PM. Doctors and nurses will be available to help with any health questions or issues. We are always looking for medical professionals to help with this free community service. Please contact Ramesh Suman at 925.366.3618or Dilbag Singh at 209-834-4641, for information.

Path and Langar Sewa will be hosted by Guru Ki Sangat. For stalls or any langar Sewa, please contact Chairman Vinod Kumar at 408-718-2506 or President Sunita Singh at 415—233-3319. Please contact us if you would like to volunteer for Langar Sewa, Jorha Sewa, maintenance or any other Sewa.

We are extremely thankful to our founding members for creating this wonderful place of worship for the community. We are also thankful to Sangat and all the Sewadars, this could not have been possible without their continued, tireless Sewa and support. With Guru Sahib's blessings and guidance, this Gurughar has been continually making progress since June 2, 1985, the grand opening day. This is a testimony of the love and unity of our community.

We look forwards to celebrating this major milestone with all of you. May Guru Sahib bless His Sangat with peace, love and unity.

**"NANAK NAM CHARDI KALA TERE BHANE SARBAT DA BHALA"**

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguruavidasstemple.com



Chairman
Vinod Kumar



President
Sunita Singh Bangar




Gen. Secretary
Upinder Pal (Ricky)



Treasurer
Shinder Pal Narabut

ਐਸੀ ਲਾਲ ਤੁਝ ਬਿਨੁ ਕਾਉਨ ਕਰੈ ॥ ਗਰੀਬ ਨਿਵਾਜ ਗੁਸਾਈਆ ਮੇਰਾ ਮਾਥੈ ਛਤ੍ਰ ਧਰੈ ॥ ਰਹਾਉ ॥
ਜਾ ਕੀ ਛੋਤਿ ਜਗਤੁ ਕਉ ਲਾਗੈ ਤਾ ਪਰ ਤੁਹੀ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ॥

# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)







## ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਦੀ ਨਵੀਂ ਪ੍ਰਬੰਧਕ ਕਮੇਟੀ

**ਫਰਿਜ਼ਨੋ–** ਬੀਤੇ ਦਿਨੀਂ 25 ਮਈ 2025 ਨੂੰ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਦੀ ਨਵੀਂ ਪ੍ਰਬੰਧਕ ਕਮੇਟੀ ਦਾ ਸਰਬਸੰਮਤੀ ਨਾਲ 2 ਸਾਲ ਦਾ ਸਮਾਂ ਵਧਾਇਆ ਗਿਆ। ਜਿਹਨਾਂ ਅਹੁਦੇਦਾਰਾਂ ਨੇ ਸੇਵਾ ਵਾਪਸ ਲੈ ਲਈ, ਉਹਨਾਂ ਦੀ ਥਾਂ ਨਵੇਂ ਅਹੁਦੇਦਾਰ ਲਏ ਗਏ। ਨਵੀ ਪ੍ਰਬੰਧਕ ਕਮੇਟੀ ਇਸ ਪ੍ਰਕਾਰ ਹੈ: ਬੀਬੀ ਸੁਰਿੰਦਰ ਕੌਰ ਬੰਗੜ (ਚੇਅਰਪਰਸਨ), ਬੀਬੀ ਬਲਵੀਰ ਕੌਰ ਮੋਮੀ (ਵਾਈਸ ਚੇਅਰਪਰਸਨ), ਸ੍ਰੀ ਅਮਰ ਦੜੋਚ (ਪ੍ਰਧਾਨ), ਸ੍ਰੀ ਸ਼ਿਵਚਰਨ (ਸੀਨੀਅਰ ਵਾਈਸ ਪ੍ਰਧਾਨ), ਸ੍ਰੀ ਸੁੱਚਾ ਸਿੰਘ ਝੱਮਟ (ਵਾਈਸ ਪ੍ਰਧਾਨ), ਸ੍ਰੀ ਕਮਲਪ੍ਰੀਤ ਸ਼ੀਂਮਾਰ (ਜਨਰਲ ਸਕੱਤਰ), ਬੀਬੀ ਸਿਮਰਨ ਹੇਅਰ (ਸਹਾਇਕ ਜਨਰਲ ਸਕੱਤਰ), ਸ੍ਰੀ ਦਵਿੰਦਰ ਸਿੰਘ ਨਿਗਾਹ (ਖਜਾਨਚੀ), ਸ੍ਰੀ ਕੁਲਦੀਪ ਸਿੰਘ (ਸਹਾਇਕ ਖਜਾਨਚੀ), ਸ੍ਰੀ ਕੁਲਦੀਪ ਸਿੰਘ ਬੰਗੜ (ਸਟੇਜ ਸਕੱਤਰ), ਬੀਬੀ ਦੀਪਿਕਾ ਕਲੇਰ (ਸਹਾਇਕ ਸਟੇਜ ਸਕੱਤਰ), ਸ੍ਰੀ ਲਖਵਿੰਦਰ ਰਾਮ ਲੱਕੀ (ਮੀਡੀਆ ਪਰਸਨ), ਸ੍ਰੀ ਰਾਜ ਕੁਮਾਰ ਜੱਸੀ (ਐਗਜੀਕਿਊਟਿਵ ਕਮੇਟੀ ਆਬਜ਼ਰਵਰ ਚੁਣੇ ਗਏ। ਅਖੀਰ ਵਿਚ ਪ੍ਰਧਾਨ ਸ੍ਰੀ ਅਮਰ ਦੜੋਚ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਵਾਹਿਗੁਰੂ ਦਾ ਸ਼ੁਕਰਾਨਾ ਕਰਦੇ ਹੋਏ ਸਮੂਹ ਅਹੁਦੇਦਾਰਾਂ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਦਾ ਧੰਨਵਾਦ ਕੀਤਾ, ਜਿਹਨਾਂ ਨੇ ਫਿਰ ਸੇਵਾ ਦਾ ਮੌਕਾ ਦਿੱਤਾ। ਉਹਨਾਂ ਕਿਹਾ ਕਿ ਪ੍ਰਬੰਧਕ ਕਮੇਟੀ ਗੁਰੂ ਘਰ ਦੀ ਸੇਵਾ ਲਈ ਵੱਧ ਤੋਂ ਵੱਧ ਆਪਣਾ ਯੋਗਦਾਨ ਪਾਵੇਗੀ।

## ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ) ਦੇ ਸੇਵਾਦਾਰ


ਬੀਬੀ ਸੁਰਿੰਦਰ ਕੌਰ ਬੰਗੜ (ਚੇਅਰਪਰਸਨ)


ਬੀਬੀ ਬਲਵੀਰ ਕੌਰ ਮੋਮੀ (ਵਾਈਸ ਚੇਅਰਪਰਸਨ)


ਸ੍ਰੀ ਅਮਰ ਦੜੋਚ (ਪ੍ਰਧਾਨ)


ਸ੍ਰੀ ਸ਼ਿਵਚਰਨ (ਸੀਨੀਅਰ ਵਾਈਸ ਪ੍ਰਧਾਨ)


ਸ੍ਰੀ ਸੁੱਚਾ ਸਿੰਘ ਝੱਮਟ (ਵਾਈਸ ਪ੍ਰਧਾਨ)


ਸ੍ਰੀ ਕਮਲਪ੍ਰੀਤ ਸ਼ੀਂਮਾਰ (ਜਨਰਲ ਸਕੱਤਰ)


ਬੀਬੀ ਸਿਮਰਨ ਹੇਅਰ (ਸਹਾਇਕ ਜਨਰਲ ਸਕੱਤਰ)


ਸ੍ਰੀ ਦਵਿੰਦਰ ਸਿੰਘ ਨਿਗਾਹ (ਖਜਾਨਚੀ)


ਸ੍ਰੀ ਕੁਲਦੀਪ ਸਿੰਘ (ਸਹਾਇਕ ਖਜਾਨਚੀ)


ਸ੍ਰੀ ਕੁਲਦੀਪ ਸਿੰਘ ਬੰਗੜ (ਸਟੇਜ ਸਕੱਤਰ)


ਬੀਬੀ ਦੀਪਿਕਾ ਕਲੇਰ (ਸਹਾਇਕ ਸਟੇਜ ਸਕੱਤਰ)


ਸ੍ਰੀ ਲਖਵਿੰਦਰ ਰਾਮ ਲੱਕੀ (ਮੀਡੀਆ ਪਰਸਨ)


ਸ੍ਰੀ ਰਾਜ ਕੁਮਾਰ ਜੱਸੀ ਐਗਜੀਕਿਊਟਿਵ ਕਮੇਟੀ ਆਬਜ਼ਰਵਰ


ਭਾਈ ਰਾਮ ਸਿੰਘ ਜੀ ਹੈੱਡ ਗ੍ਰੰਥੀ

**5025 S Cherry Ave Fresno, CA 93706**

**ਗੁਰੂ ਘਰ ਦਾ ਫੋਨ ਨੰਬਰ: 559-486-3091**

# ਹਾਰਵਰਡ ਯੂਨੀਵਰਸਿਟੀ ਵਿਚ ਹੋਰ ਦੇਸ਼ਾਂ ਦੇ ਨਵੇਂ ਵਿਦਿਆਰਥੀ ਨਹੀਂ ਲੈ ਸਕਣਗੇ ਦਾਖਲਾ


**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁੱਧਵਾਰ ਨੂੰ ਇੱਕ ਐਲਾਨ ਤੇ ਦਸਤਖਤ ਕਰਕੇ ਇੱਕ ਦਰਜਨ ਦੇਸ਼ਾਂ ਦੇ ਲੋਕਾਂ ਨੂੰ ਅਮਰੀਕਾ ਵਿੱਚ ਦਾਖਲ ਹੋਣ ਤੋਂ ਪਾਬੰਦੀ ਲਗਾ ਦਿੱਤੀ ਹੈ। ਇਨ੍ਹਾਂ ਦੇਸ਼ਾਂ ਵਿੱਚ ਅਫਗਾਨਿਸਤਾਨ, ਮਿਆਂਮਾਰ, ਚਾਡ, ਕਾਂਗੋ ਗਣਰਾਜ, ਇਕੂਟੇਰੀਅਲ ਗਿਨੀ, ਏਰੀਟਰੀਆ, ਹੈਤੀ, ਈਰਾਨ, ਲੀਬੀਆ, ਸੋਮਾਲੀਆ, ਸੁਡਾਨ ਅਤੇ ਯਮਨ ਸ਼ਾਮਲ ਹਨ। ਇਸ ਪਾਬੰਦੀ ਤੋਂ ਇਲਾਵਾ, ਬੁਰੂੰਡੀ, ਕਿਊਬਾ, ਲਾ ਸ, ਸੀਅਰਾ ਲਿ ਨ, ਟੋਗੋ, ਤੁਰਕਮੇਨਿਸਤਾਨ ਅਤੇ ਵੈਨੇਜ਼ੁਏਲਾ ਤੋਂ ਆਉਣ ਵਾਲੇ ਸੈਲਾਨੀਆਂ 'ਤੇ ਪਾਬੰਦੀਆਂ ਵਧਾਈਆਂ ਜਾਣ-ਗੀਆਂ। ਇਸ ਤੋਂ ਇਲਾਵਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਾਰਵਰਡ ਯੂਨੀਵਰਸਿਟੀ ਵਿਚ ਨਵੇਂ ਵਿਦਿਆਰਥੀਆਂ ਦੇ ਦਾਖਲੇ ਉਪਰ ਰੋਕ ਲਾ ਦਿੱਤੀ ਹੈ। ਉਨਾਂ ਨੇ ਕੌਮਾਂਤਰੀ ਵੀਜ਼ਾ ਪ੍ਰੋਗਰਾਮ ਮੁਲਤਵੀ ਕਰਨ ਸਬੰਧੀ ਅੱਜ ਇਕ ਘੋਸ਼ਣਾਪੱਤਰ ਉਪਰ ਦਸਤਖਤ ਕੀਤੇ



ਜਿਸ ਤਹਿਤ ਹਾਰਵਰਡ ਯੂਨੀਵਰਸਿਟੀ ਵਿਚ ਦਾਖਲਾ ਲੈਣ ਦੇ ਇਛੁੱਕ ਹੋਰ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਨਹੀਂ ਕੀਤੇ ਜਾਣਗੇ। ਇਹ ਜਾਣਕਾਰੀ ਵਾਈਟ ਹਾਊਸ ਨੇ ਦਿੱਤੀ ਹੈ। ਵਾਈਟ ਹਾਊਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਘੋਸ਼ਣਾਪੱਤਰ ਅਨੁਸਾਰ ਐਫ , ਐਮ ਜਾਂ ਜੇ ਵੀਜ਼ੇ ਤਹਿਤ ਕਿਸੇ ਵੀ ਨਵੇਂ ਵਿਦਿਆਰਥੀ ਦਾ ਗੈਰ ਪ੍ਰਵਾਸੀ ਵਜੋਂ ਹਾਰਵਰਡ ਯੂਨੀਵਰਸਿਟੀ ਵਿਚ ਦਾਖਲਾ ਮੁਲਤਵੀ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਵਿਦੇਸ਼ ਮੰਤਰਾਲੇ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਹਾਰਵਰਡ ਯੂਨੀਵਰਸਿਟੀ ਵਿਚ ਪੜਦੇ ਮੌਜੂਦਾ ਵਿਦਿਆਰਥੀਆਂ ਦੇ ਐਫ, ਐਮ ਜਾਂ ਜੇ ਵੀਜ਼ਿਆਂ ਨੂੰ ਰੱਦ ਕਰਨ ਬਾਰੇ ਵਿਚਾਰ ਕਰੇ ਤਾਂ ਜੋ ਘੋਸ਼ਣਾਪੱਤਰ ਦੀ ਕਸੌਟੀ ਉਪਰ ਖਰਾ ਉਤਰਿਆ ਜਾ ਸਕੇ। ਇਸ ਘੋਸ਼ਣਾਪੱਤਰ ਦੇ ਜਾਰੀ ਹੋਣ ਕਾਰਨ ਜਿਥੇ ਇਸ ਪ੍ਰਸਿੱਧ ਯੂਨੀਵਰਸਿਟੀ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ ਉਥੇ ਯੂਨੀਵਰਸਿਟੀ ਵਿਚ ਪੜਦੇ ਮੌਜੂਦਾ ਕੌਮਾਂਤਰੀ ਵਿਦਿਆਰਥੀਆਂ ਲਈ ਵੀ ਕਿਸੇ ਵੀ ਸਮੇ ਸੰਕਟ ਖੜਾ ਹੋ ਸਕਦਾ ਹੈ।

# ਪ੍ਰਦਰਸ਼ਨਕਾਰੀਆਂ 'ਤੇ ਅੱਗ ਬੰਬ ਨਾਲ ਹਮਲੇ ਦਾ ਮਾਮਲਾ

## ਸੰਘੀ ਜੱਜ ਨੇ ਸ਼ੱਕੀ ਦੋਸ਼ੀ ਦੀ ਪਤਨੀ ਤੇ ਉਸ ਦੇ 5 ਬੱਚਿਆਂ ਦੇ ਦੇਸ਼ ਨਿਕਾਲੇ ਉਪਰ ਲਾਈ ਆਰਜੀ ਰੋਕ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਕੋਲੋਰਾਡੋ ਵਿਚ ਇਕ ਸੰਘੀ ਅਦਾਲਤ ਨੇ ਐਤਵਾਰ ਨੂੰ ਗਾਜ਼ਾ ਪੱਟੀ ਵਿਚ ਇਸਰਾਈਲੀ ਬੰਧਕਾਂ ਦੇ ਸਮਰਥਨ ਵਿੱਚ ਬੋਲਡਰ ਵਿਚ ਹੋਏ ਪ੍ਰਦਰਸ਼ਨ ਦੌਰਾਨ ਪ੍ਰਦਰਸ਼ਨਕਾਰੀਆਂ ਉਪਰ ਅੱਗ-ਬੰਬ ਨਾਲ ਹਮਲਾ ਕਰਨ ਦੇ ਮਾਮਲੇ ਵਿੱਚ ਸ਼ੱਕੀ ਦੋਸ਼ੀ ਮੁਹੰਮਦ ਸੋਲੀਮੈਨ ਦੇ ਪਰਿਵਾਰਕ ਜੀਆਂ ਪਤਨੀ ਤੇ 5 ਬੱਚਿਆਂ ਨੂੰ ਦੇਸ਼ ਨਿਕਾਲਾ ਦੇਣ ਉਪਰ ਆਰਜੀ ਰੋਕ ਲਾ ਦਿੱਤੀ ਹੈ। ਯੂ ਐਸ ਡਿਸਟ੍ਰਿਕਟ ਜੱਜ ਗਾਰਡਨ ਗਾਲਾਘਰ ਨੇ ਜਾਰੀ ਇਕ ਹੁਕਮ ਵਿਚ ਕਿਹਾ ਹੈ ਕਿ ਪਰਿਵਾਰ ਨੂੰ ਲੋੜੀਂਦੀ ਪ੍ਰਕ੍ਰਿਆ ਪੂਰੀ ਕੀਤੇ ਬਿਨਾਂ ਦੇਸ਼ ਨਿਕਾਲਾ ਦੇਣ ਨਾਲ 'ਅਸਧਾਰਨ ਨੁਕਸਾਨ' ਹੋ ਸਕਦਾ ਹੈ ਜਿਸ ਦੀ ਭਰਪਾਈ ਨਹੀਂ ਹੋ ਸਕਦੀ। ਮਿਸਰ ਦੇ ਨਾਗਰਿਕ ਪਰਿਵਾਰ ਦੇ ਵਕੀਲਾਂ ਨੇ ਟਰੰਪ ਪ੍ਰਸ਼ਾਸਨ ਦੇ ਫੈਸਲੇ ਨੂੰ ਦਿੱਤੀ ਚੁਣੌਤੀ ਵਿਚ ਦੇਸ਼ ਨਿਕਾਲਾ ਰੋਕਣ ਤੇ ਪਰਿਵਾਰ ਨੂੰ ਹਿਰਾਸਤ ਵਿਚੋਂ ਰਿਹਾਅ ਕਰਨ ਦੀ ਮੰਗ ਕੀਤੀ ਹੈ। ਬੋਲਡਰ ਪੁਲਿਸ ਅਨੁਸਾਰ ਅੱਗ-ਬੰਬ ਹਮਲੇ ਦੇ ਪੀੜਤਾਂ ਦੀ ਗਿਣਤੀ ਵਧ ਕੇ 15 ਹੋ ਗਈ ਹੈ। ਸ਼ੱਕੀ ਦੋਸ਼ੀ ਮੁਹੰਮਦ ਸੋਲੀਮੈਨ ਇਸ ਸਮੇ ਐਫ ਬੀ ਆਈ ਦੀ ਹਿਰਾਸਤ ਵਿਚ ਹੈ ਤੇ ਉਸ ਵਿਰੁੱਧ ਨਫਰਤੀ ਅਪਰਾਧ ਤੇ ਹੱਤਿਆਵਾਂ ਦੀ ਕੋਸ਼ਿਸ਼ ਦੇ ਦੋਸ਼ ਲਾਏ ਗਏ ਹਨ।

# 3 ਭੈਣਾਂ ਮ੍ਰਿਤਕ ਹਾਲਤ ਵਿਚ ਮਿਲੀਆਂ, ਪਿਤਾ ਹੋਇਆ ਫਰਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਵਾਸ਼ਿੰਗਟਨ ਵਿਚ ਇਕ ਮਾਂ ਵੱਲੋਂ ਉਸ ਦੀਆਂ 3 ਧੀਆਂ ਦੇ



ਲਾਪਤਾ ਹੋਣ ਦੀ ਰਿਪੋਰਟ ਲਿਖਵਾਉਣ ਤੋਂ ਬਾਅਦ ਉਨਾਂ ਦੀ ਲਾਸ਼ਾਂ ਮਿਲਣ ਦੀ ਖਬਰ ਹੈ ਜਿਸ ਉਪਰੰਤ ਇਲਾਕੇ ਵਿਚ ਸਹਿਮ ਤੇ ਡਰ ਦਾ ਮਾਹੌਲ ਬਣ ਗਿਆ ਹੈ। ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਉਹ ਇਸ ਮਾਮਲੇ ਵਿਚ ਲੋੜੀਂਦੇ ਮ੍ਰਿਤਕ ਬੱਚੀਆਂ ਦੇ ਪਿਤਾ ਨੂੰ ਲੱਭ ਰਹੀ ਹੈ ਜੋ ਘਟਨਾ ਤੋਂ ਬਾਅਦ ਫਰਾਰ ਹੈ। ਵੈਨੇਚੀ ਪੁਲਿਸ ਨੇ ਕਿਹਾ ਹੈ ਕਿ ਮਾਂ ਨੇ ਪੈਟਿਨ ਡੈਕਰ (9 ਸਾਲ), ਆਈਲਿਨ ਡੈਕਰ (8) ਸਾਲ ਤੇ ਲੀਵਿਆ ਡੈਕਰ (5 ਸਾਲ) ਦੇ ਲਾਪਤਾ ਹੋਣ ਦੀ ਰਿਪੋਰਟ 30 ਮਈ ਦੀ ਰਾਤ ਨੂੰ ਲਿਖਵਾਈ ਸੀ। ਉਹ ਆਪਣੇ ਪਿਤਾ ਟਰੈਵਿਸ ਡੈਕਰ ਨੂੰ ਮਿਲਣ ਗਈਆਂ ਸਨ,ਜੋ ਇਕ ਬੇਘਰਾ ਹੈ ਤੇ ਇਕ ਪਿਕਅੱਪ ਟਰੱਕ ਵਿਚ ਰਹਿੰਦਾ ਹੈ ਪਰੰਤੂ ਉਹ ਘਰ ਵਾਪਿਸ ਨਹੀਂ ਆਈਆਂ। ਪੁਲਿਸ ਅਨੁਸਾਰ ਉਸ ਨੇ ਖੇਤਰ ਵਿਚਲੇ ਮੋਟਲਾਂ ਦੀ ਤਲਾਸ਼ੀ ਲਈ ਹੈ ਪਰੰਤੂ ਟਰੈਵਿਸ ਡੈਕਰ ਨਹੀਂ ਮਿਲਿਆ ਜਦ ਕਿ 30 ਮਈ ਨੂੰ ਉਸ ਦਾ ਪਿੱਕਅੱਪ ਟਰੱਕ ਵੈਨੇਚੀ ਤੋਂ ਰਾਸ਼ਟਰੀ ਮਾਰਗ 2 ਉਪਰ ਪੱਛਮ ਵਾਲੇ ਪਾਸੇ ਗਿਆ ਸੀ। ਪੁਲਿਸ ਨੇ ਕਿਹਾ ਹੈ ਕਿ ਮਾਮਲਾ ਬਹੁਤ ਗੰਭੀਰ ਹੈ ਤੇ ਉਹ ਇਸ ਮਾਮਲੇ ਵਿੱਚ ਨਾਮਜ਼ਦ ਟਰੈਵਿਸ ਡੈਕਰ ਨੂੰ ਲੱਭ ਰਹੀ ਹੈ।

# ਹਾਰਵਰਡ ਯਨੀਵਰਸਿਟੀ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ, ਹੰਗਾਮੀ ਦਖਲ ਦੇਣ ਦੀ ਕੀਤੀ ਮੰਗ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਹਾਰਵਰਡ ਯੁ-ਨੀਵਰਸਿਟੀ ਨੇ ਇਕ ਅਦਾਲਤ ਵਿਚ ਦਾਇਰ ਬੇਨਤੀ ਵਿੱਚ ਮੰਗ ਕੀਤੀ ਹੈ ਕਿ ਟਰੰਪ ਪ੍ਰਸ਼ਾਸਨ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਦੇ ਦਾਖਲੇ ਨੂੰ ਰੋਕਣ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਰੋਕਿਆ ਜਾਵੇ। ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਯੁਨੀਵਰਸਿਟੀ ਵਿਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ਉਪਰ ਲਾਈ ਆਰਜੀ ਰੋਕ ਤੋਂ ਬਾਅਦ 24 ਘੰਟਿਆਂ ਦੇ ਵੀ ਘੱਟ ਸਮੇਂ ਵਿੱਚ ਦਾਇਰ ਅਪੀਲ ਵਿੱਚ ਯੁਨੀਵਰਸਿਟੀ ਨੇ ਅਦਾਲਤ ਕੋਲੋਂ ਹੰਗਾਮੀ ਦਖਲ ਦੇਣ ਦੀ ਮੰਗ ਕੀਤੀ ਹੈ। ਯੁਨੀਵਰਸਿਟੀ ਦੇ ਕੁਲ ਵਿਦਿਆਰਥੀਆਂ ਦੇ ਚੌਥੇ ਹਿੱਸੇ ਤੋਂ ਵਧ ਵਿਦਿਆਰਥੀ ਵਿਦੇਸ਼ੀ ਹਨ। ਦਾਇਰ ਸੋਧੀ ਹੋਈ ਅਪੀਲ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਟਰੰਪ ਦਾ ਘੋਸ਼ਣਾਪੱਤਰ ਕਾਨੂੰਨ ਦੀ ਉਲੰਘਣਾ ਹੈ ਜਿਸ ਤਹਿਤ ਹਾਰਵਰਡ ਯੁਨੀਵਰਸਿਟੀ ਵਿਚ ਦਾਖਲਾ ਲੈਣ ਦੇ ਚਾਹਵਾਨ ਨਵੇਂ ਵਿਦੇਸ਼ੀ ਵਿਦਿਆਰਥੀਆਂ ਦੇ ਵੀਜ਼ੇ ਮੁਲਤਵੀ ਕਰ ਦਿੱਤੇ ਗਏ ਹਨ। ਯੁਨੀਵਰਸਿਟੀ ਨੇ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਨੇ ਤਕਰੀਬਨ ਸਾਰੇ ਨਵੇਂ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ਉਪਰ ਰੋਕ ਲਾ ਦਿੱਤੀ ਹੈ ਜੋ ਵਿਦਿਆਰਥੀ ਅਮਰੀਕੀ ਯੁਨੀਵਰਸਿਟੀਆਂ ਵਿਚ ਪੜਣ ਜਾਂ ਅਕਾਦਮਿਕ ਵਟਾਂਦਰਾ ਪ੍ਰੋਗਰਾਮ ਵਿੱਚ ਹਿੱਸਾ ਲੈਣ ਆਉਂਦੇ ਹਨ। ਯੁਨੀਵਰਸਿਟੀ ਨੇ ਮੰਗ ਕੀਤੀ ਹੈ ਕਿ ਟਰੰਪ ਪ੍ਰਸ਼ਾਸਨ ਦੇ ਸਾਰੇ ਅਧਿਕਾਰੀਆਂ ਨੂੰ ਟਰੰਪ ਦੇ ਹੁਕਮਾਂ ਨੂੰ ਲਾਗੂ ਕਰਨ ਤੋਂ ਰੋਕਿਆ ਜਾਵੇ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਨੈਸ਼ਨਲ ਗਾਰਡ ਤਾਇਨਾਤ ਕਰਨਾ ਤਾਨਾਸ਼ਾਹੀ ਕਾਰਵਾਈ, ਪ੍ਰਭੂਸੱਤਾ ਦੀ ਉਲੰਘਣਾ-ਗਵਰਨਰ

## ਲਿਖੇ ਪੱਤਰ ਵਿੱਚ ਕੈਲੀਫੋਰਨੀਆ ਦਾ ਕੰਟਰੋਲ ਵਾਪਿਸ ਕਰਨ ਲਈ ਕਿਹਾ






**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਰਾਸ਼ਟਰਪਤੀ ਡੋਨਾਲਡ ਟਰੰਪ ਦੇ ਆਦੇਸ਼ 'ਤੇ ਲਾਸ ਏਂਜਲਸ ਵਿਚ ਨੈਸ਼ਨਲ ਗਾਰਡ ਪੁੱਜ ਗਏ ਹਨ ਜਦ ਕਿ ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਦਾ ਵਿਰੋਧ ਨਿਰੰਤਰ ਜਾਰੀ ਹੈ। ਪ੍ਰਦਰਸ਼ਨਕਾਰੀਆਂ ਤੇ ਲਾਅ ਇਨਫੋਰਸਮੈਂਟ ਏਜੰਸੀਆਂ ਦੇ ਜਵਾਨਾਂ ਵਿਚਾਲੇ ਤਾਜਾ ਝੜਪਾਂ ਹੋਣ ਦੀਆਂ ਖਬਰਾਂ ਹਨ। ਲਾਸ ਏਂਜਲਸ ਦੀ ਮੇਅਰ ਕਾਰੇਨ ਬਾਸ ਤੇ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸੋਮ ਵੱਲੋਂ ਪ੍ਰਗਟਾਏ ਤਿੱਖੇ ਪ੍ਰਤੀਕਰਮ ਦੇ ਬਾਵਜੂਦ ਟਰੰਪ ਨੇ ਲਾਸ ਏਂਜਲਸ ਵਿਚ 2000 ਨੈਸ਼ਨਲ ਗਾਰਡ ਤਾਇਨਾਤ ਕਰਨ ਦਾ ਆਦੇਸ਼ ਦਿੱਤਾ ਹੈ। ਯੂ ਐਸ ਨਾਰਦਰਨ ਕਮਾਂਡ ਨੇ ਕਿਹਾ ਹੈ ਕਿ ਸੰਘੀ ਜਾਇਦਾਦ ਦੀ ਰਾਖੀ ਲਈ ਲਾਸ ਏਂਜਲਸ ਦੇ 3 ਸਥਾਨਾਂ 'ਤੇ ਨੈਸ਼ਨਲ ਗਾਰਡ ਤਾਇਨਾਤ ਕੀਤੇ ਗਏ ਹਨ।

ਨਿਊਸੋਮ ਨੇ ਟਰੰਪ ਦੁਆਰਾ ਨੈਸ਼ਨਲ ਗਾਰਡ ਤਾਇਨਾਤ ਕੀਤੇ ਜਾਣ ਨੂੰ ਤਾਨਾਸ਼ਾਹੀ ਕਾਰਵਾਈ ਕਿਹਾ ਹੈ। ਗਵਰਨਰ ਨੇ ਲਿਖੇ ਇਕ ਪੱਤਰ ਵਿਚ ਫੌਜ ਦੀ ਤਾਇਨਾਤੀ ਨੂੰ ਗੈਰ ਕਾਨੂੰਨੀ ਕਰਾਰ ਦਿੰਦਿਆਂ ਟਰੰਪ ਪ੍ਰਸ਼ਾਸਨ ਕੋਲੋਂ ਇਸ ਸਬੰਧੀ ਜਾਰੀ ਆਦੇਸ਼ ਵਾਪਿਸ ਲੈਣ ਦੀ ਮੰਗ ਕੀਤੀ ਹੈ। ਗਵਰਨਰ ਨੇ ਕਿਹਾ ਹੈ ਕਿ ਟਰੰਪ ਦਾ ਨਿਰਨਾ ਰਾਜ ਦੀ ਪ੍ਰਭੂਸੱਤਾ ਦੀ ਗੰਭੀਰ ਉਲੰਘਣਾ ਹੈ। ਉਨਾਂ ਨੇ ਮੰਗ ਕੀਤੀ ਹੈ ਕਿ ਨਿਯੰਤਰਣ ਕੈਲੀਫੋਰਨੀਆ ਨੂੰ ਵਾਪਿਸ ਕੀਤਾ ਜਾਵੇ। ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਦਾ ਵਿਰੋਧ ਕਰਨ ਲਈ ਡਾਊਨ ਟਾਊਨ ਲਾਸ ਏਂਜਲਸ ਵਿਚ ਸੈਂਕੜੇ ਲੋਕ ਇੱਕਠੇ ਹੋਏ ਤੇ ਉਨਾਂ ਨੇ ਟਰੰਪ ਪ੍ਰਸ਼ਾਸਨ ਵਿਰੁੱਧ ਨਾਅਰੇਬਾਜੀ ਕੀਤੀ। ਲਾਸ ਏਂਜਲਸ ਪੁਲਿਸ ਵਿਭਾਗ ਨੇ ਪਾਈ ਇਕ ਸੋਸ਼ਲ ਪੋਸਟ ਵਿਚ ਕਿਹਾ ਹੈ ਕਿ ਹਰ ਇਕ ਨੂੰ ਸ਼ਾਂਤਮਈ ਪ੍ਰਦਰਸ਼ਨ ਕਰਨ ਦਾ ਹੱਕ ਹੈ ਪਰੰਤੂ ਜਾਇਦਾਦ ਨੂੰ ਨੁਕਸਾਨ ਪਹੁੰਚਾਉਣਾ ਜਾਂ ਅਫਸਰਾਂ ਉਪਰ ਹਮਲਾ ਕਰਨਾ ਸਹਿਣ ਨਹੀਂ ਕੀਤਾ ਜਾਵੇਗਾ।

## ਕੈਲੀਫਰਨੀਆ ਸਟੇਟ ਸੈਨੇਟ ਵੱਲੋਂ ਸੈਨ ਹੋਜੇ ਵਿਖੇ ਲਾਅ ਸਕੂਲ ਖੋਲਣ ਲਈ ਬਿੱਲ ਪਾਸ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਕੈਲੀਫੋਰਨੀਆ ਸਟੇਟ ਸੈਨੇਟ ਨੇ ਕੈਲੀਫੋਰਨੀਆ ਸਟੇਟ ਯੁਨੀਵਰਸਿਟੀ (ਸੀ ਐਸ ਯੂ) ਵਿਵਸਥਾ ਵਿੱਚ ਪਹਿਲਾ ਜਨਤਿਕ ਲਾਅ ਸਕੂਲ ਖੋਲਣ ਲਈ ਸੈਨੇਟਰ ਡੇਵ ਕੋਰਟਸੀ ਵੱਲੋਂ ਪੇਸ਼ ਐਸ ਬੀ 550 ਬਿੱਲ ਪਾਸ ਕਰ ਦਿੱਤਾ ਹੈ। ਜੇਕਰ ਵਿਧਾਨ ਸਭਾ ਵੱਲੋਂ ਇਸ ਬਿੱਲ ਨੂੰ ਹਰੀ ਝੰਡੀ ਦੇ ਦਿੱਤੀ ਜਾਂਦੀ ਹੈ ਤਾਂ ਸੈਨ ਹੋਜੇ ਸਟੇਟ ਯੁਨੀਵਰਸਿਟੀ ਵਿਖੇ ਲਾਅ ਸਕੂਲ ਖੋਲਣ ਲਈ ਰਾਹ ਪੱਧਰਾ ਹੋ ਜਾਵੇਗਾ। ਸਾਂਤਾ ਕਲਾਰਾ ਕਾਊਂਟੀ ਜੋ ਤਕਰੀਬਨ 20 ਲੱਖ ਲੋਕਾਂ ਦਾ ਘਰ ਹੈ, ਵਿਚ ਲਾਅ ਸਕੂਲ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਕਾਊਂਟੀ ਵਿਚ 65% ਤੋਂ ਵਧ ਆਬਾਦੀ ਏਸ਼ੀਅਨਾਂ ਤੇ ਲਾਤੀਨੋ ਭਾਈਚਾਰੇ ਦੀ ਹੈ। ਇਨਾਂ ਦੋਨਾਂ ਭਾਈਚਾਰਿਆਂ ਵੱਲੋਂ ਲਾਅ ਸਕੂਲ ਦੀ ਮੰਗ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਹੈ। ਬਿੱਲ ਵਿਚ ਸੈਨ ਹੋਜੇ ਸਟੇਟ ਯੁਨੀਵਰਸਿਟੀ ਤੇ ਲਿਨਕੋਲਨ ਲਾਅ ਸਕੂਲ ਆਫ ਸੈਨ ਹੋਜੇ ਵਿਚਾਲੇ ਭਾਈਵਾਲੀ ਦਾ ਜਿਕਰ ਕੀਤਾ ਗਿਆ ਹੈ।

ਇਨਾਂ ਦੋਨਾਂ ਦੇ ਸਹਿਯੋਗ ਨਾਲ ਸੈਨ ਹੋਜੇ ਤੇ ਕੈਲੀਫੋਰਨੀਆ ਸਟੇਟ ਯੁਨੀਵਰਸਿਟੀ ਸਿਸਟਮ ਵਿੱਚ ਪਹਿਲਾ ਜਨਤਿਕ ਲਾਅ ਸਕੂਲ ਖੁਲੇਗਾ। ਇਸ ਸਬੰਧੀ ਅੰਤਿਮ ਪ੍ਰਵਾਨਗੀ ਸੀ ਐਸ ਯੂ ਬੋਰਡ ਆਫ ਟਰਸਟੀਜ ਵੱਲੋਂ ਦਿੱਤੀ ਜਾਣੀ ਹੈ। ਕੋਰਟਸੀ ਨੇ ਕਿਹਾ ਹੈ ਕਿ ਇਸ ਬਿੱਲ ਤਹਿਤ ਇਕ ਕਿਫ਼ਾਇਤੀ ਲਾਅ ਸਕੂਲ ਦੀ ਸਥਾਪਨਾ ਹੋਵੇਗੀ ਜਿਸ ਨਾਲ ਕੈਲੀਫੋਰਨੀਆ ਦੀ ਕਾਨੂੰਨੀ ਬੁਨਿਆਦ ਹੋਰ ਪੱਕੀ ਹੋ ਜਾਵੇਗੀ।

## ਫਰਜ਼ੀ ਵਿਆਹ ਦੇ ਮਾਮਲੇ ਵਿਚ ਭਾਰਤੀ ਨੇ ਦੋਸ਼ ਮੰਨਿਆ, ਹੋ ਸਕਦੀ ਹੈ ਵਤਨ ਵਾਪਸੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਪੱਛਮੀ ਵਿਰਜੀਨੀਆ ਦੇ ਰੋਂਸਵਰਟ ਸ਼ਹਿਰ ਵਿਚ ਗੈਰ ਕਾਨੂੰਨੀ ਤੌਰ 'ਤੇ ਰਹਿੰਦੇ ਇਕ ਭਾਰਤੀ ਨੇ ਮੰਨਿਆ ਹੈ ਕਿ ਉਸ ਨੇ ਅਮਰੀਕਾ ਵਿਚ ਟਿਕੇ ਰਹਿਣ ਲਈ ਫਰਜ਼ੀ ਵਿਆਹ ਕਰਵਾਇਆ ਸੀ। 29 ਸਾਲਾ ਅਕਾਸ਼ ਪ੍ਰਕਾਸ਼ ਮਕਵਾਨਾ ਨੂੰ ਸਜ਼ਾ 26 ਸਤੰਬਰ 2025 ਨੂੰ ਸੁਣਾਈ ਜਾਵੇਗੀ। ਉਸ ਨੂੰ ਕੈਦ ਤੇ ਜੁਰਮਾਨੇ ਤੋਂ ਇਲਾਵਾ ਦੇਸ਼ ਨਿਕਾਲੇ ਦੀ ਸਜ਼ਾ ਹੋ ਸਕਦੀ ਹੈ। ਮਕਵਾਨਾ ਜੇ-1 ਵੀਜੇ 'ਤੇ ਨਵੰਬਰ 2019 ਵਿਚ ਅਮਰੀਕਾ ਆਇਆ ਸੀ ਤੇ ਉਸ ਦਾ ਵੀਜ਼ਾ 2020 ਵਿਚ ਖਤਮ ਹੋ ਗਿਆ ਸੀ ਪਰੰਤੂ ਉਹ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਹੀ ਟਿਕਿਆ ਰਿਹਾ। ਅਗਸਤ 2021 ਵਿਚ ਮਕਵਾਨਾ ਨੇ ਗਰੀਨ ਕਾਰਡ ਲੈਣ ਦੇ ਮਕਸਦ ਨਾਲ ਇਕ ਅਮਰੀਕਨ ਨਾਗਰਿਕ ਔਰਤ ਨਾਲ ਫਰਜ਼ੀ ਵਿਆਹ ਕਰਵਾਇਆ ਤੇ ਇਸ ਬਦਲੇ ਉਸ ਨੇ ਔਰਤ ਨੂੰ 10 ਹਜਾਰ ਡਾਲਰ ਦੇਣ ਦਾ ਵਾਅਦਾ ਕੀਤਾ। ਦੋਨਾਂ ਨੇ 3 ਸਤੰਬਰ 2021 ਨੂੰ ਵਿਆਹ ਕਰਵਾਇਆ। ਜਦੋਂ ਫਰਜ਼ੀ ਵਿਆਹ ਦੀ ਯੋਜਨਾ ਕੰਮ ਨਾ ਆਈ ਤਾਂ ਉਸ ਨੇ ਯੂ ਐਸ ਇਮੀਗ੍ਰੇਸ਼ਨ ਵਿਭਾਗ ਵਿੱਚ ਇਕ ਪਟੀਸ਼ਨ ਦਾਇਰ ਕੀਤੀ ਜਿਸ ਵਿਚ ਉਸ ਨੇ ਦਾਅਵਾ ਕੀਤਾ ਕਿ ਉਸ ਦੀ ਅਮਰੀਕੀ ਨਾਗਰਿਕ ਪਤਨੀ ਨੇ ਉਸ ਨਾਲ ਧੋਖਾ ਕੀਤਾ ਹੈ। ਪਰੰਤੂ ਮਕਵਾਨਾ ਆਪਣਾ ਦਾਅਵਾ ਸਾਬਤ ਕਰਨ ਵਿੱਚ ਨਾਕਾਮ ਰਿਹਾ ਤੇ ਉਸ ਨੇ ਮੰਨਿਆ ਕਿ ਉਸ ਨੇ ਝੂਠ ਬੋਲਿਆ ਹੈ। ਇਸ ਮਾਮਲੇ ਵਿਚ ਸ਼ਾਮਿਲ ਫੇਅਰਬਰੀ, ਇਲੀਨੋਇਸ ਵਾਸੀ ਅਮਰੀਕੀ ਨਾਗਰਿਕ 28 ਸਾਲਾ ਔਰਤ ਕੈਲੀ ਐਨ ਹਫ ਤੇ ਉਸ ਦੇ ਦਿ ਰ ਜੋਸਫ ਸਾਂਚੇਜ਼ (33) ਨੂੰ 30 ਮਈ ਨੂੰ ਸਜ਼ਾ ਸੁਣਾਈ ਜਾਵੇਗੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com
www.ambedkartimes.com


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor
Recap Truck Tire $ 249 + Labor
Recap Trailar Tires and Kind $ 199 + Labor

NEW & USED TIRES
WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021
Across the Street from TA Truck Stop

ਦੇਸ਼ ਦੁਆਬਾ

## ਬੇਮੁਖ ਲੋਕਾਂ ਨੂੰ ਸੁਨੇਹਾ

1905 ਈ: ਦੇ ਬਰਸਾਤੀ ਦਿਨ ਇਕ ਨੌਵੀਂ ਜਮਾਤ ਦਾ ਵਿਦਿਆਰਥੀ ਮੀਂਹ ਕਾਰਨ ਸਕੂਲ ਦੇ ਕਮਰੇ ਵਿਚ ਆ ਵੜਿਆ। ਉਸ ਵਿਦਿਆਰਥੀ ਦੇ ਬ੍ਰਾਹਮਣ ਮਾਸਟਰ ਨੇ ਉਸ ਨੂੰ ਅਛੂਤ ਹੁੰਦਿਆਂ ਕਮਰੇ ਵਿਚ ਵੜਨ 'ਤੇ ਕੁੱਟ-ਕੁੱਟ ਅਧਮੋਇਆ ਕਰ ਦਿੱਤਾ। ਇਹ ਮਾਰ ਕੁੱਟ ਅਤੇ ਬਦਸਲੂਕੀ ਨੇ ਉਸ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਸਿਰਫ ਉਸ ਨਾਲ ਹੀ ਅਜਿਹਾ ਸਲੂਕ ਕਿਉਂ? ਇਸ ਬਦਸਲੂਕੀ ਕਾਰਨ ਉਸ ਨੂੰ ਪੜ੍ਹਾਈ ਛੱਡਣੀ ਪਈ।

1909 ਈ. ਵਿਚ ਇਹੀ ਨੌਜਵਾਨ ਅਮਰੀਕਾ ਵਿਚ ਰੁਜ਼ਗਾਰ ਲਈ ਗਿਆ, ਜਿੱਥੇ ਉਸ ਦਾ ਲਾਲਾ ਹਰਦਿਆਲ ਗਦਰ ਪਾਰਟੀ ਦੇ ਆਗੂ ਨਾਲ ਵਾਹ ਪਿਆ ਅਤੇ ਗਦਰ ਪਾਰਟੀ ਦੇ ਉਘੇ ਆਗੂ ਬਣ ਨਿਕਲੇ। ਇਹ ਨੌਜਵਾਨ ਪੰਜਾਬ ਦਾ ਜੰਮਪਲ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੀ। ਬਾਬੂ ਜੀ ਦੇਸ਼ ਦੀ ਆਜ਼ਾਦੀ ਲਈ ਚਾਰ ਸਾਥੀਆਂ ਸਣੇ ਅਸਲਾ ਲੈ ਕੇ ਭਾਰਤ ਵੱਲ ਵਧੇ ਪਰ ਦੇਸ਼ ਧ੍ਰੋਹੀਆਂ ਕਾਰਨ ਫੜੇ ਗਏ ਅਤੇ ਦੋ ਵਾਰੀ ਸ਼ਹੀਦ ਹੁੰਦੇ-ਹੁੰਦੇ ਬਚੇ। ਦਸੰਬਰ 1925 ਵਿਚ 40 ਵਰ੍ਹਿਆਂ ਦੀ ਉਮਰ ਵਿਚ ਬਾਬੂ ਜੀ ਭਾਰਤ ਵਾਪਸ ਪਰਤੇ। ਪੰਜਾਬ ਪੁੱਜਦਿਆਂ ਬਾਬੂ ਜੀ ਦੇ ਖਿਆਲਾਂ ਵਿਚ ਮਹਾਨ ਤਬਦੀਲੀ ਆਈ। ਅਮਰੀਕਾ ਆਦਿ ਦੇਸ਼ਾਂ ਵਿਚ ਬਰਾਬਰੀ ਦਾ ਗੁਜ਼ਾਰਿਆ ਜੀਵਨ ਅਤੇ ਭਾਰਤ ਵਿਚ ਅਛੂਤਾਂ ਦੀ ਦੁਰਦਸ਼ਾ ਦੇਖ ਕੇ ਬਾਬੂ ਜੀ ਨੇ ਅਛੂਤਾਂ ਦੀ ਬਿਹਤਰ ਲਈ ਆਪਣਾ ਰਹਿੰਦਾ ਜੀਵਨ ਗੁਜ਼ਾਰਨ ਦਾ ਪ੍ਰਣ ਕੀਤਾ। ਉਨ੍ਹਾਂ ਨੇ ਅਛੂਤਾਂ ਨੂੰ ਅੰਗਰੇਜਾਂ ਦੀ ਗੁਲਾਮੀ ਦੇ ਨਾਲ-ਨਾਲ ਬ੍ਰਾਹਮਣਵਾਦ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਹੰਭਲਾ ਮਾਰਨਾ ਸ਼ੁਰੂ ਕੀਤਾ। ਪਿੰਡ ਵਿਚ ਸਕੂਲ ਖੋਲ੍ਹ ਕੇ ਆਦਿ ਧਰਮੀਆਂ ਦੇ ਬੱਚਿਆਂ ਨੂੰ ਵਿੱਦਿਆ ਦਾ ਚਾਨਣ ਦਿੱਤਾ। ਇਸੇ ਕਰਕੇ ਪੰਜਾਬ ਖਾਸ ਕਰ ਦੁਆਬੇ ਦੇ ਆਦਿ-ਧਰਮੀ ਵੱਧ ਪੜ੍ਹੇ-ਲਿਖੇ ਅਤੇ ਜਾਗਰਿਤ ਹਨ। ਉੱਤਰੀ ਭਾਰਤ ਦੇ ਆਦਿ-ਧਰਮੀਆਂ ਨੂੰ ਜਾਗਰਿਤ ਕਰਨ ਲਈ 11-12 ਜੂਨ 1926 ਨੂੰ ਪਿੰਡ ਮੁੱਗੋਵਾਲ (ਹੁਸ਼ਿਆਰਪੁਰ) 'ਚ ਜਲਸੇ ਵਿਚ ਆਦਿ-ਧਰਮ ਦੀ ਸਥਾਪਨਾ ਕਰਕੇ ਆਦਿ-ਧਰਮੀ ਵੱਖਰੀ ਕੌਮ ਹੈ ਦਾ ਐਲਾਨ ਕੀਤਾ। ਮਰਦਮ ਸ਼ੁਮਾਰੀ ਲਈ ਵੀ ਸਰਕਾਰ ਵੱਲੋਂ ਆਦਿ-ਧਰਮ ਮਨਜ਼ੂਰ ਕਰਵਾਇਆ। ਕਮਿਊਨਲ ਅਵਾਰਡ ਵਿਚ ਆਦਿ-ਧਰਮੀਆਂ ਨੂੰ ਮਿਲੇ ਹੱਕਾਂ ਖਿਲਾਫ ਬ੍ਰਾਹਮਣਵਾਦੀ ਗਾਂਧੀ ਵੱਲੋਂ ਰੱਖੇ ਮਰਨ ਵਰਤ ਦੇ ਵਿਰੋਧ ਵਿਚ ਆਪ ਨੇ ਮਰਨ ਵਰਤ ਰੱਖਿਆ, ਜਿਸ ਦੀ ਮਿਸਾਲ ਨਹੀਂ ਮਿਲਦੀ। 1937 ਦੀਆਂ ਅਸੈਂਬਲੀ ਚੋਣਾਂ ਵਿਚ ਆਦਿ ਧਰਮੀਆਂ ਲਈ ਰਾਖਵੀਆਂ 8 ਸੀਟਾਂ ਵਿਚੋਂ 7 'ਤੇ ਬਾਬੂ ਜੀ ਦੇ ਉਮੀਦਵਾਰ ਜਿੱਤੇ। 1945 ਤੋਂ 1952 ਤੱਕ ਉਹ ਆਪ ਵੀ ਐਮ. ਐਲ. ਏ. ਰਹੇ। ਮਜ਼ਲੂਮ ਹੁਣ ਮਜ਼ਲੂਮ ਨਹੀਂ ਰਹੇ ਸਨ।

ਬਾਬੂ ਜੀ ਦੀ ਤੇਜ਼ ਨਜ਼ਰ ਨੇ ਦੇਖਿਆ ਕਿ ਆਦਿ-ਧਰਮੀਆਂ (ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ) ਦੀ ਮੰਦਹਾਲੀ ਦਾ ਕਾਰਨ ਸਿਰਫ ਬ੍ਰਾਹਮਣ ਹੈ। ਇਸ ਲਈ ਉਨ੍ਹਾਂ ਨੇ ਬ੍ਰਾਹਮਣਵਾਦ ਦੇ ਸਿੱਕੇ ਦੇ ਦੂਜੇ ਪਾਸੇ ਆਰੀਆ ਸਮਾਜ ਅਤੇ ਕਾਂਗਰਸ ਦੀ ਵਿਰੋਧਤਾ ਕੀਤੀ। ਭਾਰਤ ਦੇ ਵੀਹਵੀਂ ਸਦੀ ਦੇ ਇਤਿਹਾਸ ਵਿਚ ਬਾਬੂ ਮੁੱਗੋਵਾਲੀਆ ਅਤੇ ਡਾ. ਅੰਬੇਡਕਰ ਜੀ ਨੇ ਕਾਂਗਰਸ ਅਤੇ ਆਰੀਆ ਸਮਾਜ ਦਾ ਉਹੋ ਜਿਹਾ ਮੁਕਾਬਲਾ ਕੀਤਾ, ਜਿਸ ਤਰ੍ਹਾਂ ਸਿੰਧੂ-ਘਾਟੀ ਦੀ ਸਭਿਅਤਾ ਦੇ ਆਦਿ-ਧਰਮੀਆਂ (ਆਦਿ ਵਾਸੀਆਂ) ਨੇ ਵਿਦੇਸ਼ੀ ਆਰੀਆ ਹਮਲਾਵਰਾਂ ਨਾਲ ਮੁਕਾਬਲਾ ਕੀਤਾ।

ਆਦਿ-ਧਰਮੀਆਂ ਲਈ ਅਗਰ ਖੁਸ਼ਹਾਲੀ ਦਾ ਕੋਈ ਰਸਤਾ ਹੈ ਤਾਂ ਬਾਬੂ ਜੀ ਦਾ ਦੱਸਿਆ ਰਸਤਾ ਹੈ ਜਿਸ ਨਾਲ ਅਸੀਂ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਦੇ ਹਾਂ। ਬਾਬੂ ਜੀ ਨੇ ਮਹਾਂਰਿਸ਼ੀ ਵਾਲਮੀਕ, ਗੁਰੂ ਰਵਿਦਾਸ, ਗੁਰੂ ਨਾਮਦੇਵ ਅਤੇ ਗੁਰੂ ਕਬੀਰ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਤਰੱਕੀ ਕਰਨਾ ਲੋਕਾਂ ਨੂੰ ਦੱਸਿਆ। ਇਤਿਹਾਸ ਕਦੇ ਵੀ ਉਨ੍ਹਾਂ ਲੋਕਾਂ ਨੂੰ ਮੁਆਫ ਨਹੀਂ ਕਰੇਗਾ, ਜੋ ਦੱਬੇ ਕੁਚਲੇ ਲੋਕਾਂ ਦੇ ਨਾਂ 'ਤੇ ਸਹੂਲਤਾਂ ਲੈ ਕੇ ਬੇਮੁਖ ਹੋ ਗਏ।

**-ਸੀ. ਐਲ. ਚੁੰਬਰ**
ਕੌਮੀ ਉਡਾਰੀਆਂ (ਜਲੰਧਰ)
14 ਜਨਵਰੀ 1986 'ਚੋਂ ਧੰਨਵਾਦ ਸਹਿਤ

### ਅਣਵੰਡੇ ਪੰਜਾਬ ਵਿਚ ਦਲਿਤ ਰਾਜਨੀਤੀ ਦਾ ਮੋਢੀ

# ਬਾਬੂ ਮੰਗੂ ਰਾਮ ਮੁਗੋਵਾਲੀਆ



ਭਾਰਤ ਵਿਚ ਵਿਦੇਸ਼ੀ ਧਾੜਵੀਆਂ ਦੇ ਪ੍ਰਵੇਸ਼ ਤੋਂ ਪਹਿਲਾਂ ਇਸ ਦੇਸ਼ ਵਿਚ ਵਰਣ-ਵੰਡ, ਵਰਗ-ਵੰਡ, ਜਾਤ-ਪਾਤ, ਊਚ-ਨੀਚ ਅਤੇ ਨਾ-ਬਰਾਬਰੀ ਵਰਗੀਆਂ ਕੁਰੀਤੀਆਂ ਨਹੀਂ ਸਨ। ਇੱਥੋਂ ਦੇ ਮੂਲ ਨਿਵਾਸੀ ਕੁਦਰਤੀ ਨਿਯਮਾਂ ਅਧੀਨ ਵਿਚਰਦੇ ਸਨ ਅਤੇ ਅੱਜ ਵਰਗੀ ਰਹਿਤ ਮਰਿਆਦਾ ਦੇ ਕਠੋਰ ਜ਼ਾਬਤੇ ਮੁੱਢ-ਕਦੀਮੀਂ ਲੋਕ ਧਰਮ ਦੇ ਅੰਗ ਨਹੀਂ ਸਨ। ਉਹ ਆਪਸੀ ਸਾਂਝ, ਮਿਲਵਰਤਣ, ਪ੍ਰੇਮ-ਪਿਆਰ, ਸਤਿਕਾਰ ਅਤੇ ਸਦਭਾਵਨਾ ਅਧੀਨ ਆਪਣਾ ਜੀਵਨ ਬਸਰ ਕਰਦੇ ਸਨ। ਉਹ ਦੁਨੀਆ ਦੀ ਮਹਾਨ ਸਭਿਅਤਾ ਸਿੰਧ ਘਾਟੀ ਅਤੇ ਮਾਨਵ ਧਰਮ ਦੇ ਸਿਰਜਕ ਸਨ। ਪ੍ਰੰਤੂ ਆਰੀਆ ਦੇ ਆਉਣ ਉਪਰੰਤ ਸਿਆਸੀ ਕੂਟਨੀਤਿਕ ਚਾਲਾਂ ਅਧੀਨ ਇਸ ਮਾਨਵਵਾਦੀ ਵਿਵਸਥਾ ਨੂੰ ਤਹਿਸ-ਨਹਿਸ ਕਰ ਦਿੱਤਾ ਗਿਆ। ਆਰੀਅਨ ਦੁਆਰਾ ਸਿਰਜੀ ਵਰਣ-ਵਿਵਸਥਾ ਸਮਾਂ ਪੈ ਕੇ ਅਨੇਕ ਜਾਤੀਆਂ ਵਿਚ ਪਰਿਵਰਤਿਤ ਹੋ ਗਈ ਅਤੇ ਫਿਰ ਸਦੀਆਂ ਤੱਕ ਭਾਰਤ ਦੇ ਆਦਿਵਾ-ਸੀਆਂ ਲਈ ਇਕ ਤ੍ਰਾਸਦੀ ਹੋ ਨਿ-ਬੜੀ। ਆਰੀਆਂ ਦੁਆਰਾ ਸਿਰਜੀ ਇਸ ਸਮਾਜਿਕ, ਧਾਰਮਿਕ ਅਤੇ ਆਰਥਿਕ ਵਿਵਸਥਾ ਨੇ ਇਸ ਦੇਸ਼ ਦੇ ਕਰੋੜਾਂ ਮੂਲ ਨਿਵਾਸੀਆਂ ਨੂੰ ਸ਼ੂਦਰ, ਅਤੀ ਸ਼ੂਦਰ, ਅਛੂਤ ਅਤੇ ਗੁਲਾਮ ਬਣਾ ਕੇ ਪਸ਼ੂਆਂ ਤੋਂ ਵੀ ਭੈੜਾ ਜੀਵਨ ਜਿਊਣ ਲਈ ਮਜਬੂਰ ਕਰ ਦਿੱਤਾ।

ਸਦੀਆਂ ਪਹਿਲਾਂ ਤਥਾਗਤ ਬੁੱਧ ਨੇ ਇਸ ਅਮਾਨਵੀ ਸਿਸਟਮ ਵਿਰੁੱਧ ਆਵਾਜ਼ ਬੁਲੰਦ ਕੀਤੀ, ਮੱਧਕਾਲੀਨ ਯੁੱਗ ਵਿਚ ਭਗਤੀ ਅੰਦੋਲਨ ਦੇ ਸ਼੍ਰੋਮਣੀ ਸੰਤਾਂ- ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਨਾਨਕ ਦੇਵ ਜੀ ਅਤੇ ਹੋਰ ਅਨੇਕ ਸੰਤਾਂ, ਮਹਾਂਪੁਰਖਾਂ ਨੇ ਆਰੀਆ ਦੇ ਇਸ ਘਿਨੌਣੇ ਸਿਸਟਮ ਵਿਰੁੱਧ ਕਈ ਸਦੀਆਂ ਤੱਕ ਨਿਰੰਤਰ ਸੰਘਰਸ਼ ਕੀਤਾ। 20ਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਸੰਤ ਮੱਤ ਦੇ ਪ੍ਰਚਾਰ-ਪਸਾਰ ਅਧੀਨ ਪੰਜਾਬ ਵਿਚ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਅਗਵਾਈ ਅਧੀਨ ਆਦਿ-ਵਾ-ਸੀਆਂ ਦੀ ਬਹੁਲਤਾ ਵਾਲੇ ਖੇਤਰ ਦੁਆਬੇ ਵਿਚੋਂ ਆਦਿ ਧਰਮ ਲਹਿਰ ਇਕ ਅੰਦੋਲਨ ਦੇ ਰੂਪ ਵਿਚ ਆਰੰਭ ਹੋ ਕੇ ਪੰਜ ਤੋਂ ਦਸ ਸਾਲ ਦੇ ਅਲਪ ਅਰਸੇ ਵਿਚ ਹੀ ਪੂਰੇ ਪੰਜਾਬ ਵਿਚ ਫੈਲ ਗਈ।



**ਡਾ. ਜੀ. ਸੀ. ਕੌਲ**
**ਐਮ. ਏ., ਪੀ. ਐਚ. ਡੀ.**
91-94632-23223

ਬਾਬੂ ਮੰਗੂ ਰਾਮ ਮੁਗੋਵਾਲੀਆ 1947 ਤੋਂ ਪਹਿਲਾਂ ਅਣਵੰਡੇ ਪੰਜਾਬ ਵਿਚ ਦਲਿਤ ਰਾਜਨੀਤੀ ਦੇ ਸਿਰਜਕ ਹਨ। ਪੰਜਾਬ ਦੀ ਦਲਿਤ ਰਾਜਨੀਤੀ ਦੇ ਇਤਿਹਾਸ ਵਿਚ ਉਨ੍ਹਾਂ ਦਾ ਮਹੱਤਵਪੂਰਨ ਸਥਾਨ ਹੈ। ਇੱਥੋਂ ਦੇ ਦਲਿਤ ਵਰਗਾਂ ਨੂੰ ਏਕਤਾ ਦੀ ਲੜੀ ਵਿਚ ਪਰੋ ਕੇ ਇਕ ਮੰਚ ਤੇ ਲਿਆਉਣ ਵਿਚ ਉਨ੍ਹਾਂ ਨੇ ਮੁਢਲਾ ਤੇ ਇਤਿਹਾਸਕ ਯੋਗਦਾਨ ਪਾਇਆ। ਭਾਰਤ ਦੀ ਸੁਤੰਤਰਤਾ ਤੋਂ ਲਗਭਗ ਦੋ ਦਹਾਕੇ ਪਹਿਲਾਂ ਦਲਿਤ ਰਾਜਨੀਤੀ ਦਾ ਜਿਹੜਾ ਮੈਦਾਨ ਉਨ੍ਹਾਂ ਨੇ ਤਿਆਰ ਕੀਤਾ ਸੀ, ਆਜ਼ਾਦੀ ਉਪਰੰਤ ਵੀ ਉਸ ਪਿੱਚ ਤੇ ਹੀ ਪੰਜਾਬ ਦੀ ਰਾਜਨੀਤੀ ਨੇ ਇਤਿਹਾਸ ਦੇ ਹਰ ਪੜਾਅ 'ਤੇ ਆਪਣੀ ਖੇਡ ਖੇਡੀ ਹੈ। ਬੇਸ਼ੱਕ ਆਪਣੀਆਂ ਨਿੱਜੀ, ਸਵਾਰਥੀ ਅਤੇ ਹਉਮੈ-ਗ੍ਰਸਤ ਕੂਟਨੀਤੀਆਂ ਕਾਰਨ ਸਿਆਸਤਦਾਨ ਸਫਲ ਜਾਂ ਅਸਫਲ ਹੋਏ, ਇਹ ਇਕ ਵੱਖਰਾ ਵਿਸ਼ਾ ਹੈ। ਪਰ ਪੰਜਾਬ ਦੇ ਦਲਿਤਾਂ ਵਿਚ ਜਨ-ਚੇਤਨਾ ਪੈਦਾ ਕਰਨ ਵਿਚ ਬਾਬੂ ਮੰਗੂ ਰਾਮ ਦੇ ਯਤਨ ਬੇਮਿਸਾਲ ਹਨ।

ਇਹ ਹੈਰਾਨੀ ਵਾਲੀ ਗੱਲ ਹੈ ਕਿ ਬਾਬੂ ਮੰਗੂ ਰਾਮ ਵੱਲੋਂ ਦਲਿਤਾਂ ਦੀ ਆਜ਼ਾਦੀ, ਬਰਾਬਰੀ, ਏਕਤਾ ਅਤੇ ਸਨਮਾਨ ਲਈ ਆਰੰਭਿਆ ਗਿਆ ਇਹ ਸੰਘਰਸ਼ ਪੰਜਾਬੀ ਦਲਿਤਾਂ ਦੀ ਚੇਤਨਾ ਵਿਚੋਂ ਅਲੋਪ ਕਿਵੇਂ ਹੋ ਗਿਆ? ਗਦਰ ਪਾਰਟੀ ਦੀ ਰਹਿਨੁਮਾਈ ਹੇਠ ਸਟਾਕਟਨ, ਸਾਨਫਰਾਂਸਿਸਕੋ (ਕੈਲੀਫੋਰਨੀਆ) ਤੋਂ ਆਜ਼ਾਦੀ ਸੰਗਰਾਮੀਏ ਵਜੋਂ ਆਪਣਾ ਜੀਵਨ-ਸੰਘਰਸ਼ ਸ਼ੁਰੂ ਕਰਨ, 11-12 ਜੂਨ 1926 ਨੂੰ ਪੰਜਾਬ ਦੇ ਹਜ਼ਾਰਾਂ ਅਛੂਤਾਂ ਨੂੰ ਹੁਸ਼ਿਆਰਪੁਰ ਦੇ ਪਿੰਡ ਮੁੱਗੋਵਾਲ ਵਿਖੇ ਇਕ ਵਿਸ਼ਾਲ ਇਕੱਤਰਤਾ ਵਿਚ ਇਕ ਨਵੇਂ 'ਆਦਿ ਧਰਮ' ਦੀ ਸਿਰਜਣਾ ਕਰਕੇ, ਉਨ੍ਹਾਂ ਦੀ ਦਸ਼ਾ ਨੂੰ ਪਰਿਵਰਤਿਤ ਕਰਨ ਲਈ ਇਕ ਨਵੀਂ ਦਿਸ਼ਾ ਦੇਣ, ਦਲਿਤਾਂ ਵਿਚ ਵਿੱਦਿਆ ਪ੍ਰਾਪਤੀ ਦੀ ਚਿਣਗ ਪੈਦਾ ਕਰਨ ਲਈ 'ਆਦਿ ਧਰਮ ਸਕੂਲ' ਖੋਲ੍ਹਣ, ਆਪਣੇ ਮੀਡੀਆ ਵਜੋਂ 'ਆਦਿ ਡੰਕਾ' ਪੇਪਰ ਸ਼ੁਰੂ ਕਰਨ, 1930 ਵਿਚ ਬਰਤਾਨਵੀ ਸਰਕਾਰ ਕੋਲੋਂ ਪੰਜਾਬ ਦੇ ਅਛੂਤਾਂ ਲਈ ਹਿੰਦੂਆਂ ਤੋਂ ਵੱਖਰਾ ਨਵਾਂ 'ਆਦਿ ਧਰਮ' ਸਵੀਕ੍ਰਿਤ ਕਰਵਾਉਣ, ਦੂਸਰੀ ਗੋਲਮੇਜ਼ ਕਾਨਫਰੰਸ (1931), ਲੰਡਨ ਵਿਖੇ ਗਾਂਧੀ ਜੀ ਦੇ ਮੁਕਾਬਲੇ ਤੋਂ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਭਾਰਤ ਦੇ ਅਛੂਤਾਂ ਦੇ ਇਕੋ-ਇਕ ਨੁਮਾਇੰਦੇ ਵਜੋਂ ਆਦਿ ਧਰਮ ਵੱਲੋਂ ਜ਼ੋਰਦਾਰ ਹਮਾਇਤ ਦੇਣ, ਬਰਤਾਨੀਆ ਸਰਕਾਰ ਵੱਲੋਂ ਵਿਭਿੰਨ ਸਮਿਆਂ 'ਤੇ ਭਾਰਤੀਆਂ ਦੀਆਂ ਮੰਗਾਂ ਤੇ ਵਿਚਾਰ ਕਰਨ ਲਈ ਭੇਜੇ ਜਾਂਦੇ ਅਨੇਕ ਰਾਇਲ ਕਮਿਸ਼ਨਾਂ ਅੱਗੇ ਪੰਜਾਬ ਦੇ ਸਦੀਆਂ-ਪੀੜਤ ਅਛੂਤਾਂ ਦੀਆਂ ਹੱਕੀ ਮੰਗਾਂ ਸਬੰਧੀ ਜ਼ੋਰਦਾਰ ਢੰਗ ਨਾਲ ਆਵਾਜ਼ ਬੁਲੰਦ ਕਰਨ ਅਤੇ ਮੈਮੋਰੰਡਮ ਦੇਣ, 1936-37 ਦੀ ਪਹਿਲੀ ਚੋਣ ਵਿਚ ਸਦੀਆਂ ਉਪਰੰਤ ਪਹਿਲੀ ਵਾਰੀ ਪੰਜਾਬ ਦੀਆਂ ਅੱਠ ਰਿਜ਼ਰਵ ਸੀਟਾਂ 'ਤੇ ਕਾਂਗਰਸੀ ਉਮੀਦਵਾਰਾਂ ਦੇ ਮੁਕਾਬਲੇ ਤੇ ਆਦਿ ਧਰਮ ਮੰਡਲ ਦੇ ਸੱਤ ਐਮ. ਐਲ. ਏ. ਜਿਤਾ ਕੇ ਲਾਹੌਰ ਅਸੰਬਲੀ ਵਿਚ ਭੇਜਣ ਅਤੇ 1946 ਵਿਚ ਹੁਸ਼ਿਆਰਪੁਰ ਤੋਂ ਜਿੱਤ ਕੇ ਖੁਦ ਐਮ. ਐਲ. ਏ. ਬਣਨ ਵਾਲੇ ਬਾਬੂ ਮੰਗੂ ਰਾਮ ਨੂੰ 1952 ਵਿਚ ਗੜ੍ਹਸ਼ੰਕਰ ਵਿਧਾਨ ਸਭਾ ਸੀਟ ਤੋਂ ਕਾਂਗਰਸੀ ਉਮੀਦਵਾਰ ਤੋਂ ਹਾਰ ਜਾਣ ਉਪਰੰਤ, ਗੁਮਨਾਮੀ ਵਾਲਾ ਜੀਵਨ ਬਤੀਤ ਕਰਨ ਲਈ ਮਜਬੂਰ ਕਿਉਂ ਹੋਣਾ ਪਿਆ? ਇਹ ਕੁਝ ਅਜਿਹੇ ਪ੍ਰਸ਼ਨ ਹਨ ਜਿਹੜੇ ਜੁਆਬਾਂ ਦੀ ਮੰਗ ਕਰਦੇ ਹਨ।

ਪਿਛਲੇ ਲਗਭਗ ਪੰਜ ਦਹਾਕਿਆਂ ਤੋਂ ਅਰਥਾਤ 1970 ਵਿਚ ਜਲੰਧਰ ਤੋਂ ਹਫਤਾਵਾਰੀ 'ਰਵਿਦਾਸ ਪੱਤ੍ਰਿਕਾ' ਸ਼ੁਰੂ ਹੋਣ ਦੇ ਨਾਲ ਬਾਬੂ ਮੰਗੂ ਰਾਮ ਬਨਵਾਸ ਵਰਗੀ ਗੁੰਮਨਾਮੀ ਭਰੀ ਜ਼ਿੰਦਗੀ ਤੋਂ ਬਾਹਰ ਆਏ ਅਤੇ ਪੰਜਾਬ ਵਿਚ ਆਦਿ ਧਰਮ ਬਾਰੇ ਪੁਨਰ ਵਿਚਾਰ-ਚਰਚਾ ਸ਼ੁਰੂ ਹੋਈ। ਕੁਝ 'ਵਿਦਵਾਨਾਂ' ਨੇ ਤਾਂ ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਅੰਦੋਲਨਾਂ ਨੂੰ ਇਕ ਦੂਸਰੇ ਦੇ ਵਿਰੋਧ ਵਿਚ ਖੜਿਆਂ ਕਰ ਦਿੱਤਾ, ਹਮਾਇਤੀਆਂ ਅਤੇ ਵਿਰੋਧੀਆਂ ਨੇ ਸਵਾਰਥੀ ਭਾਵਨਾ ਅਧੀਨ ਇਨ੍ਹਾਂ ਅੰਦੋਲਨਾਂ ਨੂੰ ਇਕ ਅਜੀਬੋ-ਗਰੀਬ ਆਪੇ ਸਿਰਜੀ ਨਵੀਂ ਰੰਗਤ ਦੇਣੀ ਸ਼ੁਰੂ ਕਰ ਦਿੱਤੀ। 17 ਫਰਵਰੀ 1970 ਨੂੰ 'ਹਫਤਾਵਾਰੀ 'ਰਵਿਦਾਸ ਪੱਤ੍ਰਿਕਾ' ਸ਼ੁਰੂ ਹੋਣ ਉਪਰੰਤ ਮੇਰੇ ਵਰਗੇ ਅਨੇਕਾਂ ਤਤਕਾਲੀ ਨੌਜਵਾਨ ਬਾਬੂ ਮੰਗੂ ਰਾਮ ਦੇ ਸੰਪਰਕ ਵਿਚ ਆਏ ਅਤੇ ਉਨ੍ਹਾਂ ਦੀ ਅਗਵਾਈ ਹੇਠ ਆਦਿ ਧਰਮ ਨੂੰ ਇਕ ਨਵੇਂ ਨਾਂ ਅਧੀਨ ਆਦਿ ਧਰਮ 'ਸ਼ਡਿਊਲਡ ਕਾਸਟਸ ਫੈਡਰੇਸ਼ਨ' ਵਿਚ ਕੰਮ ਕਰਨ ਦਾ ਅਵਸਰ ਪ੍ਰਾਪਤ ਹੋਇਆ, ਬੇਸ਼ੱਕ ਕੁਝ ਆਪਣਿਆਂ ਦੀਆਂ ਲੂੰਬੜ-ਚਾਲਾਂ ਅਤੇ ਪੰਜਾਬ ਵਿਚ ਤਤਕਾਲੀ ਸਰਕਾਰਾਂ ਵਿਚ ਦਲਿਤਾਂ ਦੀ ਪ੍ਰਤੀਨਿਧਤਾ ਕਰਨ ਵਾਲਿਆਂ ਦੀਆਂ ਕੂਟਨੀਤਿਕ ਚਾਲਾਂ ਨੇ ਇਸ ਲਹਿਰ ਨੂੰ ਪੁਨਰ ਸੁਰਜੀਤ ਨਾ ਹੋਣ ਦੇਣ ਵਿਚ ਆਪਣਾ ਭਰਪੂਰ ਯੋਗਦਾਨ ਪਾਇਆ।

1980 ਵਿਚ ਬਾਬੂ ਮੰਗੂ ਰਾਮ ਅਤੇ 1983 ਵਿਚ ਚੌ. ਹਜ਼ਾਰਾ ਰਾਮ ਪਿੱਪਲਾਂਵਾਲਾ, ਸਾਬਕਾ ਜਨਰਲ ਸਕੱਤਰ ਆਦਿ ਧਰਮ ਮੰਡਲ (1930) ਦੇ ਦੇਹਾਂਤ ਨਾਲ ਪੁਨਰ ਸੁਰਜੀਤੀ ਦੀ ਇਹ ਲਹਿਰ ਆਪੇ ਹੀ ਦਮ ਤੋੜ ਗਈ। ਮੌਕੇ ਦੀ ਸਰਕਾਰ ਵੱਲੋਂ ਇਸ ਲਹਿਰ ਦੀਆਂ ਸਰਗਰਮੀਆਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਕਈਆਂ ਨਾਲ ਬੇਇਨਸਾਫ਼ੀਆਂ ਵੀ ਹੋਈਆਂ। ਭਾਰਤ ਵਿਚ ਲੱਗੀ ਐਮਰਜੈਂਸੀ ਦਾ ਬਹਾਨਾ ਬਣਾ ਕੇ ਕਈ ਸਰਗਰਮ ਸਾਥੀਆਂ ਨੂੰ ਨੌਕਰੀਆਂ ਤੋਂ ਵੀ ਹੱਥ ਧੋਣੇ ਪਏ, ਪਰ ਕਈ ਸਵਾਰਥੀਆਂ ਨੇ ਹੱਥ ਵੀ ਰੰਗੇ ਅਤੇ ਸਿਆਸੀ ਫਾਇਦੇ ਵੀ ਚੁੱਕੇ।

ਮੈਨੂੰ ਇਸ ਗੱਲ ਦਾ ਫਖਰ ਹੈ ਕਿ 'ਦੀ ਪੰਜਾਬ ਸਰਵਿਸ ਕੋਆਪਰੇਟਿਵ ਸੁਸਾਇਟੀ ਲਿਮਟਿਡ ਮਨਜ਼ੂਰ ਸ਼ੁਦਾ ਯੂ. ਕੇ. ਦੀ ਸਰਪ੍ਰਸਤੀ ਹੇਠ ਸ੍ਰੀ ਮੰਗੂ ਰਾਮ ਜਸਪਾਲ, ਪ੍ਰੋਪਰਾਈਟਰ ਅਤੇ ਐਡੀਟਰ ਦੀ ਅਗਵਾਈ ਹੇਠ 17 ਫਰਵਰੀ 1970 ਤੋਂ ਹਫਤਾਵਾਰੀ 'ਰਵਿਦਾਸ ਪੱਤ੍ਰਿਕਾ' ਪ੍ਰਕਾਸ਼ਿਤ ਕੀਤੇ ਜਾਣ ਉਪਰੰਤ ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮੁਗੋਵਾਲ ਅਤੇ ਜਨਰਲ ਸਕੱਤਰ ਚੌਧਰੀ ਹਜ਼ਾਰਾ ਰਾਮ ਪਿੱਪਲਾਂਵਾਲਾ ਦੇ ਅੰਤਿਮ ਸਮੇਂ ਤੱਕ ਇਨ੍ਹਾਂ ਮਹਾਨ ਸ਼ਖਸੀਅਤਾਂ ਦੀ ਸੰਗਤ ਮਾਨਣ, ਇਨ੍ਹਾਂ ਦੀ ਰਹਿਨੁਮਾਈ ਹੇਠ ਆਦਿ ਧਰਮ ਨੂੰ ਪੰਜਾਬ ਵਿਚ ਮੁੜ ਸੁਰਜੀਤ ਕਰਨ ਦੇ ਅੰਦੋਲਨ ਵਿਚ ਕਾਰਜਸ਼ੀਲ ਹੋਣ ਅਤੇ ਇਨ੍ਹਾਂ ਤੋਂ ਬਹੁਤ ਕੁਝ ਸਿੱਖਣ ਦਾ ਮੌਕਾ ਮਿਲਦਾ ਰਿਹਾ ਹੈ। ਜਿੱਥੇ ਸਮਾਜ ਦੇ ਇਨ੍ਹਾਂ ਨਿਧੜਕ ਜਰਨੈਲਾਂ ਦੇ ਜੀਵਨ ਨੂੰ ਨੇੜਿਉਂ ਤੱਕਣ ਦਾ ਅਵਸਰ ਮਿਲਿਆ, ਉਥੇ ਇਨ੍ਹਾਂ ਦੁਆਰਾ ਆਦਿ ਧਰਮ ਮੰਡਲ ਦੀ ਸਥਾਪਨਾ, ਇਸਦੇ ਉਦੇਸ਼ਾਂ, ਸੰਘਰਸ਼ਾਂ, ਸ਼ਾਨਦਾਰ ਪ੍ਰਾਪਤੀਆਂ ਦਾ ਵਿਵੇਚਨ, ਵਿਸ਼ਲੇਸ਼ਣ ਕਰਨ ਅਤੇ ਇਸਦੇ ਪਤਨ ਲਈ ਜ਼ਿੰਮੇਵਾਰ ਸਥਿਤੀਆਂ, ਸ਼ਖਸੀਅਤਾਂ ਅਤੇ ਕਾਰਨਾਂ ਦੇ ਪ੍ਰਗਟਾਵਿਆਂ ਦੇ ਚਿੱਤਰ ਅੱਜ ਵੀ ਮੇਰੇ ਮਨ ਦੀ ਕੈਨਵਸ 'ਤੇ ਉਲੀਕੇ ਪਏ ਹਨ।

ਨਿਰਸੰਦੇਹ ਇਹ ਇਕ ਖੋਜ ਤੇ ਗਹਿਰੇ ਅਧਿਐਨ ਦਾ ਵਿਸ਼ਾ ਹੈ ਅਤੇ ਇਸ ਪਾਸੇ ਸਾਡੇ 'ਵਿਦਵਾਨਾਂ' ਦਾ ਹਾਲੇ ਧਿਆਨ ਨਹੀਂ ਗਿਆ। ਪੰਜਾਬ ਵਿਚ ਆਦਿ ਧਰਮ ਲਹਿਰ, ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੁਆਰਾ ਸਥਾਪਿਤ ਦੋ ਸਿਆਸੀ ਪਾਰਟੀਆਂ ਆਲ ਇੰਡੀਆ ਸ਼ਡਿਊਲਡ ਕਾਸਟਸ ਫੈਡਰੇਸ਼ਨ ਅਤੇ ਆਰ. ਪੀ. ਆਈ. ਦੇ ਸੰਘਰਸ਼, ਪ੍ਰਾਪਤੀਆਂ ਤੇ ਪਤਨ ਬਾਰੇ ਨਾ ਕੋਈ ਵਿਚਾਰ-ਚਰਚਾ ਹੋਈ ਅਤੇ ਨਾ ਹੀ ਇਸ ਸੰਦਰਭ ਵਿਚ ਕੋਈ ਖੋਜ ਅਧਿਐਨ ਪ੍ਰਸਤੁਤ ਕੀਤੇ ਗਏ। ਆਦਿ ਧਰਮ ਦੇ ਸੰਦਰਭ ਵਿਚ

(ਬਾਕੀ ਅਗਲੇ ਸਫੇ 'ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਣਵੰਡੇ ਪੰਜਾਬ ਵਿਚ ਦਲਿਤ ਰਾਜਨੀਤੀ ਦਾ ਮੋਢੀ ਬਾਬੂ ਮੰਗੂ ਰਾਮ ਮੁਗੋਵਾਲੀਆ







(ਸਫਾ 6 ਦੀ ਬਾਕੀ)

ਕੈਲੇਫੋਰਨੀਆ ਯੂਨੀਵਰਸਿਟੀ ਦੇ ਵਿਦਵਾਨ ਪ੍ਰੋ. ਜੇ. ਮਾਰਕ, ਮਿ. ਸੀ. ਐਲ. ਚੁੰਬਰ, ਡਾ. ਰੌਣਕੀ ਰਾਮ, ਡਾ. ਜਸਵੰਤ ਰਾਏ, ਮਿ. ਮੇਘ ਰਾਜ ਐਮ. ਏ. ਨੇ ਕੁਝ ਦਸਤਾਵੇਜ਼ੀ ਸਬੂਤਾਂ ਦੇ ਆਧਾਰ 'ਤੇ ਪ੍ਰਸੰਸਾਯੋਗ ਖੋਜ ਅਧਿਐਨ ਪ੍ਰਸਤੁਤ ਕੀਤੇ ਹਨ।

ਆਦਿ ਧਰਮ ਦੇ ਬਾਨੀ, ਗਦਰੀ ਯੋਧੇ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਜਨਮ 14 ਜਨਵਰੀ 1986 ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਦੇ ਪਿੰਡ ਮੁੱਗੋਵਾਲ ਵਿਖੇ ਹੋਇਆ। ਵਰਣ-ਵੰਡ, ਜਾਤ-ਪਾਤ ਅਤੇ ਛੂਆ-ਛੂਤ ਦੇ ਵਿਤਕਰੇ ਅਧੀਨ ਉਹ ਉਚੇਰੀ ਵਿਦਿਆ ਪ੍ਰਾਪਤ ਨਾ ਕਰ ਸਕੇ। ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਪੱਖਪਾਤੀ ਰਵੱਈਏ ਦਾ ਸ਼ਿਕਾਰ ਹੋ ਕੇ, ਹੁਸ਼ਿਆਰ ਵਿਦਿਆਰਥੀ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਹਾਈ ਸਕੂਲ ਦੀ ਸੀਨੀਅਰ ਕਲਾਸ ਦੀ ਪੜ੍ਹਾਈ ਅੱਧਵਾਟੇ ਹੀ ਛੱਡਣੀ ਪਈ। 1909 ਵਿਚ ਖੁਸ਼ਹਾਲ ਜੀਵਨ ਦੀਆਂ ਸੱਧਰਾਂ ਲੈ ਕੇ ਉਹ ਅਮਰੀਕਾ ਚਲੇ ਗਏ ਅਤੇ ਸਾਨਫਰਾਂਸਿਸਕੋ, ਕੈਲੇਫੋਰਨੀਆ ਵਿਖੇ 1912 ਤੱਕ ਫਲ ਤੋੜਨ ਦਾ ਰੋਜ਼ਗਾਰ ਕਰਦੇ ਰਹੇ। ਕੈਲੇਫੋਰਨੀਆ ਵਿਖੇ ਸਟੈਨਫੋਰਡ ਯੂਨੀਵਰਸਿਟੀ ਵਿਚ ਹਿੰਦੂ ਫਿਲਾਸਫ਼ੀ ਅਤੇ ਸੰਸਕ੍ਰਿਤ ਦੇ ਪ੍ਰੋਫੈਸਰ ਲਾਲਾ ਹਰਦਿਆਲ, ਜੋ ਗਦਰ ਪਾਰਟੀ ਦੇ ਪ੍ਰਮੁੱਖ ਬਾਨੀਆਂ ਵਿਚੋਂ ਸਨ, ਦੇ ਕ੍ਰਾਂਤੀਕਾਰੀ ਭਾਸ਼ਣਾਂ ਅਤੇ ਵਿਚਾਰਾਂ ਦਾ ਤਤਕਾਲੀ ਨੌਜਵਾਨ ਮੰਗੂ ਰਾਮ 'ਤੇ ਐਨਾ ਪ੍ਰਭਾਵ ਪਿਆ ਕਿ 1913 ਵਿਚ ਉਹ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ। ਉਹ ਸਟਾਕਟਨ ਗੁਰਦੁਆਰੇ ਦੇ ਬਾਨੀ ਮੈਂਬਰਾਂ ਵਿਚੋਂ ਇਕ ਸਨ। ਇਸ ਸਬੰਧੀ ਚਰਨਜੀਤ ਸਿੰਘ ਪੰਨੂ ਲਿਖਦੇ ਹਨ:

*"ਦਲਿਤ ਭਾਈਚਾਰੇ ਨਾਲ ਸਬੰਧਤ ਮੰਗੂ ਰਾਮ ਜੋ ਬਾਅਦ ਵਿਚ ਬਾਬਾ ਮੰਗੂ ਰਾਮ ਕਹਾਇਆ ਵੀ ਇਸ ਗੁਰਦੁਆਰੇ ਦਾ ਮੁਢਲਾ ਮੈਂਬਰ ਸੀ।" (ਮੇਰੀ ਵਾਈਟ ਹਾਊਸ ਫੇਰੀ 149)*

1913 ਵਿਚ ਹੀ ਉਹ ਗਦਰ ਪਾਰਟੀ ਦੇ ਛਾਪੇਖਾਨੇ ਵਿਚ ਕੰਮ ਕਰਨ ਲੱਗੇ, ਜਿੱਥੋਂ ਹਫਤਾਵਾਰੀ 'ਗਦਰ' ਨਾਂ ਦਾ ਅਖ਼ਬਾਰ, ਪਾਰਟੀ ਵੱਲੋਂ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਗਿਆ। 1915 ਵਿਚ ਜਰਮਨ ਸਰਕਾਰ ਦੀ ਸਹਾਇਤਾ ਨਾਲ ਗਦਰ ਪਾਰਟੀ ਵੱਲੋਂ ਜਹਾਜ਼ ਰਾਹੀਂ ਭਾਰਤ ਦੀ ਆਜ਼ਾਦੀ ਲਈ ਲੜਨ ਵਾਲੇ ਦੇਸ਼ ਭਗਤ ਗਦਰੀ ਯੋਧਿਆਂ ਨੂੰ ਹਥਿਆਰ ਭੇਜਣ ਦੀ ਯੋਜਨਾ ਅਧੀਨ ਪਾਰਟੀ ਦੇ ਜਿਹੜੇ ਪੰਜ ਮੈਂਬਰਾਂ ਦੀ ਡਿਊਟੀ ਲਾਈ ਗਈ, ਉਨ੍ਹਾਂ ਵਿਚ ਬਾਬੂ ਮੰਗੂ ਰਾਮ ਵੀ ਸ਼ਾਮਲ ਸਨ। ਪ੍ਰੰਤੂ ਹਾਲਾਤ ਅਤੇ ਕੁਝ ਗੱਦਾਰਾਂ ਦੀਆਂ ਸਾਜ਼ਿਸ਼ਾਂ ਅਧੀਨ ਪਾਰਟੀ ਦੀ ਇਹ ਯੋਜਨਾ ਨੇਪਰੇ ਨਾ ਚੜ੍ਹ ਸਕੀ। ਇਨ੍ਹਾਂ ਵਿਰੁੱਧ ਬਰਤਾਨੀਆ ਸਰਕਾਰ ਦੇ ਵਿਰੁੱਧ ਸਾਜ਼ਿਸ਼ ਰਚੇ ਜਾਣ ਦੇ ਦੋਸ਼ ਦੇ ਅੰਤਰਗਤ ਕੈਲੀਫੋਰਨੀਆ ਦੀ ਅਦਾਲਤ ਵਿਚ ਮੁਕੱਦਮਾ ਚੱਲਿਆ ਅਤੇ 1917 ਵਿਚ ਅਦਾਲਤ ਵੱਲੋਂ ਬਾਬੂ ਮੰਗੂ ਰਾਮ ਤੇ ਉਹਨਾਂ ਦੇ ਸਾਥੀਆਂ ਨੂੰ ਫਾਂਸੀ ਦੀ ਸਜ਼ਾ ਦਾ ਐਲਾਨ ਕੀਤਾ ਗਿਆ। ਪਰ ਜਰਮਨਾਂ ਦੀ ਸਹਾਇਤਾ ਨਾਲ ਇਹ ਪੰਜੇ ਸਾਥੀ ਰੂਪੋਸ਼ ਹੋ ਗਏ ਅਤੇ ਇਕ ਦੂਜੇ ਤੋਂ ਵਿੱਛੜ ਵੀ ਗਏ। ਲਗਭਗ ਅੱਠ ਸਾਲ ਪੂਰਬੀ ਦੇਸ਼ਾਂ ਵਿਚ ਰੂਪੋਸ਼ ਹੋਣ ਦੀਆਂ ਦੁਸ਼ਵਾਰੀਆਂ ਸਹਿੰਦਿਆਂ 1925 ਵਿਚ ਬਾਬੂ ਮੰਗੂ ਰਾਮ ਦਸੰਬਰ 1925 ਵਿਚ ਆਪਣੇ ਪਿੰਡ ਮੁਗੋਵਾਲ ਪਹੁੰਚ ਗਏ।

1932 ਵਿਚ ਪੈਦਾ ਹੋਏ ਅਤੇ ਅਮਰੀਕਾ ਦੀਆਂ ਕਾਲਰਾਡੋ, ਸ਼ਿਕਾਗੋ ਅਤੇ ਕੈਲੇਫੋਰਨੀਆ ਯੂਨੀਵਰਸਿਟੀ ਵਿਚ ਲਗਭਗ ਢਾਈ ਦਹਾਕੇ ਅਧਿਆਪਨ ਦਾ ਕਾਰਜ ਕਰਨ ਵਾਲੇ ਪ੍ਰੋ. ਵੇਦ ਪ੍ਰਕਾਸ਼ ਵਟੁਕ ਨੇ ਆਪਣੀ ਪੁਸਤਕ 'ਵਿਪੱਨਤਾ ਸੇ ਕ੍ਰਾਂਤੀ ਕੀ ਔਰ' ਵਿਚ ਗਦਰ ਪਾਰਟੀ ਦੇ ਉਦੇਸ਼, ਸੰਘਰਸ਼ ਅਤੇ ਕਾਰਗੁਜ਼ਾਰੀ ਬਾਰੇ ਵਿਸਤ੍ਰਿਤ ਚਰਚਾ ਕੀਤੀ ਹੈ। ਇਸ ਪੁਸਤਕ ਵਿਚ ਬਾਬੂ ਜੀ ਬਾਰੇ ਜ਼ਿਕਰ ਕਰਦਿਆਂ ਉਹ ਲਿਖਦੇ ਹਨ:

(ੳ) "ਮੰਗੂ ਰਾਮ ਇਕ ਦਲਿਤ ਸੀ, ਜਿਸਨੂੰ ਗਦਰ ਪਾਰਟੀ ਨੇ ਪੂਰਾ ਸੱਮਾਨ ਦਿੱਤਾ, ਮਨੁੱਖ ਦੇ ਰੂਪ ਵਿਚ ਦੇਖਿਆ। ਪਹਿਲੀ ਵਾਰ ਉਸ ਨੂੰ ਗੌਰਵ ਦਾ ਅਹਿਸਾਸ ਕਰਵਾਇਆ। ਐਨੀ ਲਾਰਸਨ ਅਤੇ ਮੈਵਰਿਕ ਜਹਾਜ਼ਾਂ ਵਿਚ ਭਾਰਤ ਵਿਚ ਸ਼ਸਤਰ ਭੇਜਣ ਵਾਲੇ ਪੰਜ ਭਾਰਤੀਆਂ ਵਿਚ ਉਸਨੂੰ ਚੁਣਿਆ। ਬਰਤਾਨੀਆ ਸਰਕਾਰ ਉਸਨੂੰ ਗੋਲੀ ਨਾਲ ਉਡਾਉਣਾ ਚਾਹੁੰਦੀ ਸੀ ਜਾਂ ਫਾਂਸੀ 'ਤੇ ਲਟਕਾਉਣਾ। ਇਕ ਦਿਨ ਇਕ ਅਖ਼ਬਾਰ ਵਿਚ ਛਪਿਆ, ਮੰਗੂ ਰਾਮ ਮਾਰਿਆ ਗਿਆ ਹੈ। ਸ਼ਾਇਦ ਮ੍ਰਿਤਕ ਦੇ ਪਾਸ ਮੰਗੂ ਰਾਮ ਨਾਮ ਦਾ ਪਾਸਪੋਰਟ ਸੀ। ਉਸ ਸਮਾਚਾਰ ਦਾ ਲਾਭ ਉਠਾ ਕੇ ਪਹਿਲੇ ਮਹਾਂਯੁੱਧ ਦੇ ਸਮਾਪਤ ਹੋਣ 'ਤੇ ਮੰਗੂ ਰਾਮ ਲੁਕਵੇਂ ਪਹਿਰਾਵੇ ਵਿਚ ਭਾਰਤ ਵਾਪਸ ਆਇਆ, ਆਪਣੀ ਜਨਮ ਭੂਮੀ ਪੰਜਾਬ ਵਿਚ ਪਹੁੰਚਿਆ। ਪ੍ਰੰਤੂ ਉਸਦੀ ਜਨਮ ਭੂਮੀ ਨੇ ਉਸਨੂੰ ਮਾਨਵ ਦੇ ਰੂਪ ਵਿਚ ਸਵੀਕਾਰ ਨਹੀਂ ਕੀਤਾ। ਉਹ ਉਥੇ ਆ ਕੇ ਫਿਰ ਦਲਿਤ ਹੋ ਗਿਆ- ਘ੍ਰਿਣਾ ਅਤੇ ਅਪਮਾਨ ਦਾ ਪਾਤਰ।"

(ਪੰਨਾ 179)

(ਅ) "ਉਸਦੀ ਆਜ਼ਾਦ ਆਤਮਾ ਤੜਫ ਉੱਠੀ। ਉਸਨੇ ਉਸ ਬ੍ਰਿਛ ਤੋਂ, ਜੋ ਉਸਨੂੰ ਬਿਮਾਰ ਸ਼ਾਖਾ ਦੇ ਰੂਪ ਵਿਚ ਦੇਖਦਾ ਸੀ, ਆਪਣੇ ਸਮੁਦਾਇ ਨੂੰ ਅਲੱਗ ਕਰਨ ਦੀ ਠਾਣ ਲਈ।" (ਪੰਨਾ 180)

(ੲ) "ਆਪਣੀ ਆਜ਼ਾਦੀ ਦੀ ਲੜਾਈ ਲੜਨ ਲਈ ਉਸਨੇ 'ਆਦਿ ਧਰਮ' ਦੀ ਸਥਾਪਨਾ ਕੀਤੀ। .. ਉਸਨੇ ਆਪਣੇ ਸਮਾਜ ਨੂੰ ਨਿਰਭੈ ਹੋ ਕੇ ਆਪਣਾ ਸੁਤੰਤਰ ਜੀਵਨ ਜਿਊਣ ਦਾ ਆਹਵਾਨ ਕੀਤਾ। ਇਸ ਤੋਂ ਬਾਅਦ ਮੰਗੂ ਰਾਮ ਨੇ ਜ਼ਿੰਦਗੀ ਭਰ ਦਲਿਤ ਵਰਗ ਵਿਚ ਸਵੈ-ਮਾਣ ਨਾਲ ਜਿਊਣ ਦੀ ਭਾਵਨਾ ਪੈਦਾ ਕਰਨ ਦਾ ਕੰਮ ਕੀਤਾ।" (ਪੰਨਾ 180)




L to R : Megh Raj, Gurmail, Karamchand, Gurdev Mehmi, Babu Mangu Ram, Harbans Hira, Nirmal, Ashwani, Mr. Randhawa, Charan Dass Puar, Karamchand, Maghi Ram, Parshini & Charano Kaur

## ਆਦਿ ਧਰਮ ਲਹਿਰ ਦੀ ਸਥਾਪਨਾ

ਵਤਨ ਪਰਤ ਕੇ ਬਾਬੂ ਮੰਗੂ ਰਾਮ ਦੇ ਸਾਹਮਣੇ ਸਭ ਤੋਂ ਵੱਡਾ ਪ੍ਰਸ਼ਨ ਸੀ, ਅਛੂਤਾਂ ਦੀ ਦਰਿਦ੍ਰਤਾ ਅਤੇ ਦੁਰਦਸ਼ਾ ਭਰੀ ਸਥਿਤੀ ਅਤੇ ਇਸ ਸਮਾਜਿਕ ਵਿਵਸਥਾ ਨੂੰ ਕਿਵੇਂ ਪਰਿਵਰਤਿਤ ਕੀਤਾ ਜਾਵੇ। ਇਸ ਸਬੰਧੀ ਨਿਰੰਤਰ ਚਿੰਤਨ ਅਤੇ ਡੂੰਘੀ ਸੋਚ ਵਿਚੋਂ ਹੀ 11-12 ਜੂਨ 1926 ਨੂੰ ਬਾਬੂ ਜੀ ਦੇ ਆਪਣੇ ਹੀ ਪਿੰਡ ਮੁਗੋਵਾਲ ਵਿਖੇ ਹਜ਼ਾਰਾਂ ਅਛੂਤਾਂ ਦੇ ਭਰਵੇਂ ਇਕੱਠ ਵਿਚ 'ਆਦਿ ਧਰਮ' ਦੀ ਸਥਾਪਨਾ ਹੋਈ।

1926 ਦੇ ਆਰੰਭ ਵਿਚ ਵਿਦੇਸ਼ੋਂ ਪਰਤਦਿਆਂ ਹੀ ਪੰਜਾਬ ਦੇ ਅਛੂਤਾਂ ਦੀ ਜ਼ਿੰਦਗੀ ਵਿਚ ਖੁਸ਼ਹਾਲੀ ਅਤੇ ਬਹਾਰ ਲਿਆਉਣ ਲਈ ਬਾਬੂ ਮੰਗੂ ਰਾਮ ਨੇ ਦੁਆਬੇ ਦੇ ਅਗਾਂਹਵਧੂ ਸੋਚ ਰੱਖਣ ਵਾਲੇ ਅਛੂਤ ਸਾਥੀਆਂ ਦੇ ਸਹਿਯੋਗ ਨਾਲ ਮੂਲ ਨਿਵਾਸੀਆਂ ਦੇ ਸਮਾਨ ਅਧਿਕਾਰਾਂ ਪ੍ਰਤੀ ਜਨ-ਚੇਤਨਾ ਪੈਦਾ ਕਰਨ ਲਈ ਅਨੇਕ ਪਿੰਡਾਂ ਵਿਚ ਜਲਸੇ ਤੇ ਮੀਟਿੰਗਾਂ ਕੀਤੀਆਂ। ਸਿੱਟੇ ਵਜੋਂ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਜਾਗ੍ਰਿਤ ਪਿੰਡਾਂ ਦੇ ਅਨੇਕ ਨੌਜਵਾਨਾਂ ਦਾ ਭਰਪੂਰ ਸਹਿਯੋਗ ਉਨ੍ਹਾਂ ਨੂੰ ਪ੍ਰਾਪਤ ਹੋਇਆ। ਪਿੰਡ ਮੁਗੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 11-12 ਜੂਨ 1926 ਨੂੰ ਅਛੂਤਾਂ ਦੇ ਹੋਏ ਬੇਮਿਸਾਲ ਇਕੱਠ ਵਿਚ ਬੇਪਨਾਹ ਜਜ਼ਬੇ ਅਤੇ ਉਤਸ਼ਾਹ ਨਾਲ ਲਬਰੇਜ਼ ਤਤਕਾਲੀਨ ਨੌਜਵਾਨਾਂ ਨੇ ਬਾਬੂ ਮੰਗੂ ਰਾਮ ਦੀ ਰਹਿਨੁਮਾਈ ਹੇਠ ਹਿੰਦੂ ਧਰਮ ਵਿਰੁੱਧ ਬਗਾਵਤ ਦਾ ਬਿਗਲ ਵਜਾਉਂਦਿਆਂ ਇਕ ਨਵੇਂ ਧਰਮ ਦਾ ਆਗਾਜ਼ ਕੀਤਾ।

ਪੰਜਾਬ ਦੇ ਅਛੂਤਾਂ ਲਈ 'ਆਦਿ ਧਰਮ' ਦੀ ਸਿਰਜਣਾ ਕਰਦਿਆਂ ਇਸ ਬੇਮਿਸਾਲ ਇਕੱਠ ਵਿਚ ਪਾਸ ਹੋਏ ਮਤਿਆਂ ਦੇ ਰੂਪ ਵਿਚ ਹਜ਼ਾਰਾਂ ਸਾਲਾਂ ਤੋਂ ਪੀੜਾਂ ਭੋਗ ਰਹੇ ਮੂਲ ਨਿਵਾਸੀਆਂ ਦਾ ਪਹਿਲਾ 'ਐਲਾਨਨਾਮਾ' ਜਾਰੀ ਕੀਤਾ ਗਿਆ। ਜਿਸ ਵਿਚੋਂ ਕੁਝ ਨੁਕਤੇ ਇੱਥੇ ਪੇਸ਼ ਹਨ:

(ੳ) ਅਸੀਂ ਹਿੰਦੂ ਨਹੀਂ ਹਾਂ। ...ਅਸੀਂ ਹਿੰਦੂ ਧਰਮ ਦਾ ਹਿੱਸਾ ਨਹੀਂ ਹਾਂ ਅਤੇ ਨਾ ਹੀ ਹਿੰਦੂ ਸਾਡਾ ਹਿੱਸਾ ਹਨ।

(ਅ) ਮਰਦਮਸ਼ੁਮਾਰੀ ਵਿਚ ਆਦਿ ਧਰਮ ਨੂੰ ਵੱਖਰੇ ਧਰਮ ਵਜੋਂ ਸ਼ਾਮਲ ਕੀਤਾ ਜਾਵੇ ਅਤੇ ਸਾਨੂੰ ਹਿੰਦੂਆਂ ਦੇ ਬਰਾਬਰ ਹੱਕ ਦਿੱਤੇ ਜਾਣ।

(ੲ) ਜਿਹੜੇ ਗ੍ਰੰਥ ਅਤੇ ਸ਼ਾਸਤਰ ਅਛੂਤਾਂ ਨੂੰ ਗੁਲਾਮ ਦਿਖਾਉਂਦੇ ਹਨ, ਉਨ੍ਹਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ। ਅਜਿਹੀਆਂ ਪੁਸਤਕਾਂ ਨੂੰ ਮੰਨਣਾ ਇਕ ਨੈਤਿਕ ਪਾਪ ਹੈ।

(ਸ) ਉਹ ਸ਼ਾਸਤਰ ਜਿਵੇਂ ਕਿ ਮਨੂੰ ਸਿਮ੍ਰਿਤੀ, ਜਿਹੜੇ ਅਛੂਤਾਂ ਨੂੰ ਗੁਲਾਮ ਬਣਾਉਂਦੇ ਹਨ, ਦੇ ਉਪਰ ਪਾਬੰਦੀ ਲਾਈ ਜਾਵੇ ਅਤੇ ਜ਼ਬਤ ਕੀਤੇ ਜਾਣ। ਇਹ ਪੁਸਤਕਾਂ ਸਾਡੀ ਤਰੱਕੀ ਦੇ ਰਾਹ ਵਿਚ ਰੁਕਾਵਟ ਬਣ ਚੁੱਕੀਆਂ ਹਨ।

(ਹ) ਅਛੂਤਾਂ ਦੇ ਬੱਚਿਆਂ ਨੂੰ ਖਾਸ ਵਜ਼ੀਫੇ ਅਤੇ ਵਿਦਿਆ ਦਿੱਤੀ ਜਾਵੇ।

(ਕ) ਸਾਨੂੰ ਵੀ ਦੂਜਿਆਂ ਵਾਂਗ ਗ੍ਰਾਂਟਾਂ ਮਿਲਣੀਆਂ ਚਾਹੀਦੀਆਂ ਹਨ। ਅਛੂਤਾਂ ਲਈ ਵਿਸ਼ੇਸ਼ ਸਕੂਲਾਂ ਦੀ ਸਥਾਪਨਾ ਕੀਤੀ ਜਾਵੇ।

(ਖ) ਅਛੂਤ ਜਿਨ੍ਹਾਂ ਘਰਾਂ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਇਨ੍ਹਾਂ ਘਰਾਂ ਦੀ ਮਾਲਕੀ ਦੇ ਯੋਗ ਬਣਾਇਆ ਜਾਵੇ। ਰਈਅਤਨਾਮਾ ਅਤੇ ਇਹੋ ਜਿਹੀਆਂ ਹੋਰ ਸ਼ਰਤਾਂ ਨੂੰ ਖਤਮ ਕੀਤਾ ਜਾਵੇ।

(ਗ) ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਾਰੇ ਮਹਿਕਮਿਆਂ ਨੂੰ ਚਿਤਾਵਨੀਆਂ ਜਾਰੀ ਕਰੇ ਕਿ ਕਿਸੇ ਨੂੰ ਵੀ ਅਛੂਤਾਂ ਤੋਂ, ਬਿਨਾਂ ਮਜ਼ਦੂਰੀ ਦਿੱਤਿਆਂ (ਬੇਗਾਰ) ਕੰਮ ਕਰਾਉਣ ਦਾ ਹੱਕ ਨਹੀਂ।

## ਆਦਿ ਧਰਮ ਦੇ ਕੁਝ ਮੁਢਲੇ ਸਿਧਾਂਤ ਤੇ ਫਰਜ਼

ਹਰ ਧਰਮ ਦੇ ਕੁਝ ਮੁਢਲੇ ਸਿਧਾਂਤ, ਸੰਕਲਪ ਅਤੇ ਅਸੂਲ ਹੁੰਦੇ ਹਨ। ਇਹ ਅਸੂਲ, ਨਿਯਮ ਅਤੇ ਰਹਿਤ ਮਰਿਆਦਾ ਹੀ ਕਿਸੇ ਨਵੇਂ ਧਰਮ ਦੀ ਵਿਸ਼ੇਸ਼ ਪਹਿਚਾਣ ਬਣਦੀ ਹੈ। ਉਪਰੋਕਤ ਕੁਝ ਇਕ ਅਹਿਮ ਨੁਕਤਿਆਂ ਤੋਂ ਇਲਾਵਾ ਆਦਿ ਧਰਮ ਦੇ ਮੁਢਲੇ ਸਿਧਾਂਤ ਅਤੇ ਆਦਿ ਧਰਮੀਆਂ ਦੇ ਫਰਜ਼ ਵੀ ਵਾਚਣਯੋਗ ਹਨ। ਇਨ੍ਹਾਂ ਅਸੂਲਾਂ, ਸਿਧਾਂਤਾਂ ਅਤੇ ਫਰਜ਼ਾਂ ਨੂੰ ਵਾਚ ਕੇ ਇਹ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਬਾਬੂ ਮੰਗੂ ਰਾਮ ਅਤੇ ਉਹਨਾਂ ਦੇ ਸਾਥੀ ਲਗਭਗ 98 ਸਾਲ ਪਹਿਲਾਂ ਅਰਥਾਤ 1926 ਵਿਚ ਵੀ ਮੂਲ ਨਿਵਾਸੀਆਂ ਦੀ ਸਮਾਜਿਕ, ਆਰਥਿਕ ਅਤੇ ਨੈਤਿਕ ਉਨਤੀ ਪ੍ਰਤੀ ਕਿੰਨੇ ਸੁਚੇਤ ਅਤੇ ਦੂਰਦਰਸ਼ੀ ਸਨ। ਸਾਡਾ ਸਮਾਜ ਤਾਂ ਅੱਜ ਵੀ ਇਨ੍ਹਾਂ ਕਮੀਆਂ, ਕੁਰੀਤੀਆਂ ਨੂੰ ਤਿਆਗ ਨਹੀਂ ਸਕਿਆ। ਆਦਿ ਧਰਮ ਦੇ ਮੁਢਲੇ ਸਿਧਾਂਤ ਅਤੇ ਆਦਿ ਧਰਮੀਆਂ ਦੇ ਫਰਜ਼ ਅਜੋਕੇ ਸਮਾਜ ਦੇ ਵਿਕਾਸ ਲਈ ਪਹਿਲਾਂ ਨਾਲੋਂ ਵੀ ਵੱਧ ਲੋੜੀਂਦੇ ਤੇ ਸਾਰਥਕ ਹਨ:

(ੳ) ਮੂਰਤੀ ਪੂਜਾ ਦਾ ਤਿਆਗ ਕਰੋ। ਜਾਦੂ-ਟੂਣਿਆਂ, ਵਹਿਮਾਂ-ਭਰਮਾਂ ਅਤੇ ਭੂਤਾਂ-ਪ੍ਰੇਤਾਂ ਦੇ ਹਰ ਪ੍ਰਕਾਰ ਦੇ ਪਾਖੰਡਾਂ ਤੋਂ ਦੂਰ ਰਹੋ।

(ਅ) ਆਦਿ ਧਰਮੀਆਂ ਨੂੰ ਚੋਰੀ, ਫਰਾਡ, ਝੂਠ, ਬੇਇਮਾਨੀ, ਕਿਸੇ ਦੂਸਰੇ ਦੀ ਪਤਨੀ ਵੱਲ ਭੈੜੀ ਨਜ਼ਰ ਨਾਲ ਤੱਕਣਾ, ਕਿਸੇ ਚੀਜ਼ ਦੀ ਵਰਤੋਂ ਕਰਨਾ ਜੋ ਨਸ਼ਾ ਚੜ੍ਹਾਉਂਦੀ ਹੋਵੇ, ਜੂਏਬਾਜ਼ੀ, ਕਿਸੇ ਦੂਸਰੇ ਵਿਅਕਤੀ ਦੀ ਜਾਇਦਾਦ ਜਾਂ ਵਸਤੂ ਨੂੰ ਜ਼ਬਰਦਸਤੀ ਪ੍ਰਾਪਤ ਕਰਨਾ, ਇਹ ਸਭ ਕੁਝ ਕੁਦਰਤ ਦੇ ਸਿਧਾਂਤ ਦੇ ਉਲਟ ਹੈ। ਇਸ ਲਈ ਇਹ ਆਦਿ ਧਰਮ ਦੇ ਸਿਧਾਂਤ ਦੇ ਉਲਟ ਹੈ।

(ੲ) ਗਿਆਨ ਨੂੰ ਗ੍ਰਹਿਣ ਕਰਨਾ, ਭਾਲਣਾ, ਤਰੱਕੀ ਨੂੰ ਪ੍ਰਾਪਤ ਕਰਨਾ ਅਤੇ ਭਾਲਣਾ ਹਰ ਆਦਮੀ ਅਤੇ ਔਰਤ ਲਈ ਜ਼ਰੂਰੀ ਹੈ।

(ਸ) ਆਦਿ ਧਰਮ ਵਿਚ ਲੜਕੇ ਅਤੇ ਲੜਕੀ ਦਾ ਪਰਿਵਾਰਕ ਜਾਇਦਾਦ ਵਿਚ ਬਰਾਬਰ ਦਾ ਹਿੱਸਾ ਹੋਣਾ ਚਾਹੀਦਾ ਹੈ।

(ਹ) ਲੜਕੇ ਅਤੇ ਲੜਕੀ ਦੇ ਜਨਮ 'ਤੇ ਇਕੋ ਜਿਹੀ ਅਪਾਰ ਖੁਸ਼ੀ ਮਨਾਉਣੀ ਚਾਹੀਦੀ ਹੈ।

(ਕ) ਲੜਕੀਆਂ ਨੂੰ ਸਿੱਖਿਆ ਦੇਣੀ ਚਾਹੀਦੀ ਹੈ, ਖਾਸ ਕਰਕੇ ਘਰੇਲੂ ਕੰਮਾਂ ਅਤੇ ਸਿਲਾਈ ਕਢਾਈ ਦੀ।

(ਖ) ਮਰੇ ਪਸ਼ੂ ਜਾਂ ਪੰਛੀ ਦਾ ਮੀਟ ਖਾਣਾ ਆਦਿ ਧਰਮ ਦੇ ਨਿਯਮਾਂ ਦੇ ਵਿਰੁੱਧ ਹੈ।

(ਗ) ਸ਼ਰਾਬ ਜਾਂ ਕੋਈ ਹੋਰ ਨਸ਼ਾ ਬਿਮਾਰੀ ਦੀ ਹਾਲਤ ਤੋਂ ਬਿਨਾਂ ਵਰਤਣਾ ਇਕ ਪਾਪ ਹੈ।

(ਘ) ਬਾਲ ਵਿਆਹ ਅਤੇ ਖ਼ਰਚੀਲੇ ਵਿਆਹਾਂ ਦੀ ਪੂਰਨ ਮਨਾਹੀ ਕਰਾਉਣਾ।

(ਙ) ਆਦਿ ਧਰਮੀਆਂ ਨੂੰ ਸਾਰੇ ਪਿੰਡਾਂ ਵਿਚ ਦੁਕਾਨਾਂ ਅਤੇ ਕਾਰੋਬਾਰ ਖੋਲ੍ਹਣੇ ਚਾਹੀਦੇ ਹਨ।

(ਚ) ਜਾਤ-ਪਾਤ ਤਿਆਗ ਕੇ ਸਮੁੱਚੇ ਆਦਿ ਧਰਮੀ ਆਪਸ ਵਿਚ ਸਹਿਯੋਗ ਕਰਕੇ ਆਪਸੀ ਏਕਤਾ, ਤਾਕਤ ਅਤੇ ਪ੍ਰੇਮ ਪਿਆਰ ਵਿਚ ਵਾਧਾ ਕਰਨ।

ਇੱਥੇ ਲੇਖ ਦੇ ਵਿਸਤ੍ਰਿਤ ਹੋਣ ਦੇ ਡਰ ਕਾਰਨ ਸਿਰਫ਼ ਕੁਝ ਇਕ ਮਹੱਤਵਪੂਰਨ ਨੁਕਤਿਆਂ ਦਾ ਹੀ ਜ਼ਿਕਰ ਕੀਤਾ ਗਿਆ ਹੈ, ਉਂਝ ਆਦਿ ਧਰਮ ਦੇ ਸਿਧਾਂਤਾਂ ਅਤੇ ਆਦਿ ਧਰਮੀਆਂ ਦੇ ਫਰਜ਼ਾਂ ਅਤੇ ਹਿਦਾਇਤਾਂ ਦੀ ਕੁੱਲ ਗਿਣਤੀ 78 ਹੈ।

ਵਾਸਤਵ ਵਿਚ ਆਦਿ ਧਰਮ ਲਹਿਰ ਰਾਜ ਸ਼ਕਤੀ ਅਰਥਾਤ ਸੱਤਾ ਪ੍ਰਾਪਤੀ ਲਈ ਇਕ ਸਮਾਜਿਕ ਅਤੇ ਧਾਰਮਿਕ ਅੰਦੋਲਨ ਸੀ। ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਉਨ੍ਹਾਂ ਦੇ ਦੂਰ-ਅੰਦੇਸ਼, ਸਾਊ ਤੇ ਸੂਝਵਾਨ ਸਾਥੀ ਇਸ ਤੱਥ ਤੋਂ ਭਲੀ-ਭਾਂਤ ਜਾਣੂ ਸਨ ਕਿ ਸਮਾਜਿਕ ਅਤੇ ਧਾਰਮਿਕ ਇੱਕਜੁਟਤਾ ਸਦੀਆਂ ਤੋਂ ਪੀੜਾ ਭੋਗ ਰਹੇ ਸਮਾਜ ਵਿਚ ਇਕ ਨਵੀਂ ਚੇਤਨਾ ਅਤੇ ਨਵੀਂ ਰਾਜਨੀਤਿਕ ਸ਼ਕਤੀ ਦਾ ਸੰਚਾਰ ਕਰ ਸਕਦੀ ਹੈ। ਇਸ ਸੰਕਲਪ ਤੇ ਸਿਧਾਂਤ ਨੂੰ ਸਾਕਾਰ ਹੁੰਦਿਆਂ ਉਹਨਾਂ ਨੇ 1937 ਦੀ ਵਿਧਾਨ ਸਭਾ ਚੋਣ ਵਿਚ ਅੱਖੀਂ ਦੇਖਿਆਂ, ਜਦੋਂ ਆਦਿ ਧਰਮ ਦੀ ਸੰਗਠਨਾਤਮਕ ਸ਼ਕਤੀ ਨੇ ਪੰਜਾਬ ਦੀ ਯੂਨੀਅਨਿਸਟ ਪਾਰਟੀ ਨਾਲ ਸਮਝੌਤਾ ਕਰਕੇ ਪੰਜਾਬ ਦੀਆਂ ਅੱਠ ਰਿਜ਼ਰਵ ਸੀਟਾਂ 'ਤੇ ਬੇਮਿਸਾਲ ਅਤੇ ਇਤਿਹਾਸਕ ਜਿੱਤ ਪ੍ਰਾਪਤ ਕੀਤੀ। ਪਰ ਏਕਤਾ ਅਤੇ ਸੰਗਠਨ ਵਿਚ ਬਿਖਰਾਵ ਤੇ ਤ੍ਰੇੜਾਂ ਆਉਣ ਨਾਲ ਇਸ ਕਾਮਯਾਬੀ ਨੂੰ ਲੰਮੇ ਅਰਸੇ ਤੱਕ ਕਾਇਮ ਨਹੀਂ ਰੱਖਿਆ ਜਾ ਸਕਿਆ। ਅਜੋਕੀਆਂ ਪ੍ਰਸਥਿਤੀਆਂ ਦੇ ਅੰਤਰਗਤ ਅੱਜ ਪੁਨਰ-ਵਿਚਾਰ ਦੀ ਲੋੜ ਹੈ ਕਿ ਅਸੀਂ ਇਤਿਹਾਸ ਤੋਂ ਸਬਕ ਸਿੱਖੀਏ, ਸਵੈ-ਵਿਵੇਚਨ ਕਰੀਏ, ਸਮਾਜਿਕ ਤੇ ਧਾਰਮਿਕ ਤੌਰ 'ਤੇ ਲਾਮਬੰਦ ਹੋ ਕੇ ਸੱਤਾ ਪ੍ਰਾਪਤੀ ਦੀ ਮੰਜ਼ਿਲ ਵੱਲ ਅੱਗੇ ਵਧੀਏ।

ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਜਨਮ ਦਿਨ, 14 ਜਨਵਰੀ 'ਤੇ ਉਹਨਾਂ ਦੇ ਸਾਰਥਕ ਤੇ ਬੇਮਿਸਾਲ ਸੰਘਰਸ਼ ਨੂੰ ਯਾਦ ਕਰਦਿਆਂ ਇਸ ਵਿਚਾਰ-ਚਰਚਾ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਸਾਹਿਬ ਦੇ ਇਸ ਇਤਿਹਾਸਕ ਕਥਨ ਨਾਲ ਸਮਾਪਤ ਕਰਦਾ ਹਾਂ;

"ਰਾਜਨੀਤਿਕ ਕ੍ਰਾਂਤੀਆਂ ਹਮੇਸ਼ਾ ਸਮਾਜਿਕ ਅਤੇ ਧਾਰਮਿਕ ਕ੍ਰਾਂਤੀਆਂ ਤੋਂ ਬਾਅਦ ਹੋਈਆਂ ਹਨ।"

(Vol. 1, P. 44)

ੴ

ਸੋਹੰ ਹਰਿ

ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫ਼ਤਿਹ॥
ਬੋਲੇ ਸੋ ਨਿਰਭੈ, ਸਤਿਗੁਰੂ ਰਵਿਦਾਸ ਮਹਾਰਾਜ ਕੀ ਜੈ॥



ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ

# ਸਤਿਗੁਰੂ ਕਬੀਰ ਜੀ ਦਾ ਅਵਤਾਰ ਪੁਰਬ ਤੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਅਵਤਾਰ ਪੁਰਬ



# 15 ਜੂਨ ਦਿਨ ਐਤਵਾਰ ਨੂੰ ਮਨਾਇਆ ਜਾਵੇਗਾ

## ਇਸ ਦਿਨ ਫਾਦਰ ਡੇਅ ਵੀ ਮਨਾਇਆ ਜਾਵੇਗਾ।

ਲੱਗਭੱਗ ਸਾਢੇ ਛੇਂ ਸਦੀਆਂ ਪਹਿਲਾਂ ਡੰਕੇ ਦੀ ਚੋਟ ਤੇ ਪੁਜਾਰੀ ਤੇ ਬ੍ਰਾਹਮਣਵਾਦ ਦੇ ਵਰਤਾਰੇ ਨੂੰ ਲਲਕਾਰ ਕੇ ਕਹਿਣ ਵਾਲੇ "ਜੇ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ, ਆਨ ਬਾਟ ਕਾਹਿ ਨਹੀ ਆਇਆ॥ ਸਤਿਗੁਰੂ ਕਬੀਰ ਮਹਾਰਾਜ ਜੀ ਜਿਨ੍ਹਾਂ ਗੈਰ ਮਾਨਵਵਾਦੀ ਸੋਚ ਨੂੰ ਦਲੀਲ ਨਾਲ ਭੰਡਿਆ, ਗੁਲਾਮੀ ਨੂੰ ਆਪਣੀ ਕਿਸਮਤ ਸਮਝ ਕੇ ਜੀਵਨ ਬਤੀਤ ਕਰਨ ਵਾਲੇ ਨੀਵੇਂ ਪੱਧਰ ਤੇ ਡਿੱਗੇ ਹੋਏ ਸਮਾਜ ਨੂੰ ਤਰਕ ਦੀਆਂ ਥੰਮ੍ਹੀਆਂ ਦੇ ਕੇ ਨਿਰਬਲ ਤੋਂ ਬਲਵਾਨ ਕੀਤਾ। ਨਿਤਾਣਿਆਂ ਨੂੰ ਮਾਣ ਸਤਿਕਾਰ ਦੇ ਕੇ ਵਿਚਾਰਾਂ ਵਿੱਚ ਜਾਨ ਭਰੀ, ਉਸੇ ਵਿਚਾਰਧਾਰਾ ਨੂੰ ਗੁਰੂ ਸਾਹਿਬਾਨਾਂ ਨੇ ਲਹਿਰ ਦੇ ਰੂਪ ਵਿੱਚ ਆਪਣੀਆਂ ਜਾਨਾਂ ਤੱਕ ਕੁਰਬਾਨ ਕਰਕੇ ਇਸ ਸਰਬ-ਸਾਂਝੇ ਫਲਸਫੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਸਦੀਵੀ ਬਣਾ ਦਿੱਤਾ। ਇਸ ਪਵਿੱਤਰ ਦਿਹਾੜੇ ਨੂੰ ਮਨਾਉਂਦਿਆਂ ਸਮੂਹ ਗੁਰੂ ਸਾਹਿਬਾਨਾਂ ਦਾ ਕੋਟਿਨ ਕੋਟ ਸ਼ੁਕਰਾਨਾ ਕਰਦੇ ਹਾਂ।

**ਪ੍ਰੋਗਰਾਮ**

ਸਵੇਰੇ 9:00 ਵਜੇ ਆਸਾ ਦੀ ਵਾਰ ਦਾ ਕੀਰਤਨ ਉਪਰੰਤ ਸ੍ਰੀ ਸੁਖਮਨੀ ਸਾਹਿਬ ਦੇ ਜਾਪ
12:00 ਵਜੇ ਕੀਰਤਨ ਦਰਬਾਰ ਸਜਾਇਆ ਜਾਵੇਗਾ।

ਪ੍ਰਸਿੱਧ ਰਾਗੀ ਭਾਈ ਸੁੱਖਪਾਲ ਸਿੰਘ ਜੀ, ਸੰਤ ਜੀਤ ਦਾਸ ਜੀ, ਗਿਆਨੀ ਪ੍ਰਿਤਪਾਲ ਸਿੰਘ ਜੀ, ਭਾਈ ਸੰਦੀਪ ਕੁਮਾਰ ਜੀ ਅਤੇ ਭਾਈ ਦਿਲਬਾਗ ਸਿੰਘ ਜੀ, ਰੂਪ ਸਿੰਘ ਜੀ, ਭਾਈ ਸਰਬਜੀਤ ਸਿੰਘ ਜੀ ਆਪ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਨਗੇ।

ਗੁਰੂ ਕੇ ਲੰਗਰ ਸਾਰਾ ਦਿਨ ਅਤੁੱਟ ਵਰਤਾਏ ਜਾਣਗੇ।



PARAMJIT KAMAM
President
646-331-1206

**SPECIAL MESSAGE FROM MANAGEMENT COMMITTEE AND TRUST COMMITTEE ANNOUNCING A GENERAL BODY MEETING ON JUNE 28,2025 SATURDAY TIME 12:00PM TO 3:00PM**

VERY WARM WELCOME FROM MANAGEMENT COMMITTEE AND TRUST COMMITTEE MEMBERS
PRESIDENT: PARAMJIT KAMAM, CHAIRMAN: JASWINDER SINGH, SENIOR V. PRESIDENT: GURDYAL RAMVICE, PRESIDENT: PARAMJIT LALGENERAL SECRETARY: CHARANJIT SINGH JHALLY, JOINT. SEC: BALVINDER BHAURA, PUB. REL. SEC : TAWINDER SINGH BAINSLANGAR SEC: GURNAM SINGH VIRDI, HEAD CASHIERS: KIRPAL SINGH, JOINT CASHIER: MANOHAR KALER

TRUSTEE COMMITTEE MEMBERS - SURAJ PARKASH, SATNAM SINGH, MOHINDER RAM, SUKHWINDER SINGH VIRDI, BALJINDER KUMAR, LAKHVIR KATARIA, BUTA RAM, AVTAR BHATIA, ASHWANI DADRA & RAMESH MAHEY.



JASWINDER SINGH BILLA
Chairman
917-459-4303

ਜਾਰੀ ਕਰਤਾ : ਸਮੂਹ ਪ੍ਰਬੰਧਕ ਕਮੇਟੀ ਅਤੇ ਟਰੱਸਟ ਕਮੇਟੀ ਮੈਂਬਰ


# SHRI GURU RAVIDAS SABHA OF NEW YORK INC.

YouTube Channel: @ShriGuruRavidasSabhaofNewYork
61-01 BROADWAY WOODSIDE NY 11377
PHONE: 929-462-0184, EMAIL : GURURAVIDASSSNYC@GMAIL.COM

Design : Walia Interprises # 98153-78692

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ।
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ।।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)




## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦਾ ਦੋ-ਹਫਤਾਵਾਰੀ ਸਮਾਗਮ 15 ਜੂਨ 2025 ਨੂੰ

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀਓ

ਇਸ ਮਹੀਨੇ ਦਾ ਦੋ-ਹਫਤਾਵਾਰੀ ਸਮਾਗਮ 15 ਜੂਨ 2025, ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ 3 ਵਜੇ ਤੱਕ ਹੋਵੇਗਾ। ਇਹ ਸਮਾਗਮ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਯਾਦ ਵਿਚ ਹੋਵੇਗਾ, ਜਿਸ ਮੌਕੇ ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ ਆਪਣੇ ਜਥੇ ਸਮੇਤ ਰਸਭਿੰਨਾ ਸ਼ਬਦ ਗਾਇਨ ਕਰਨਗੇ ਅਤੇ ਬੁਲਾਰੇ ਗੁਰੂ ਸਾਹਿਬ ਜੀ ਦੀ ਸ਼ਹੀਦੀ ਪ੍ਰਤੀ ਆਪਣੇ ਵਿਚਾਰ ਸਾਂਝੇ ਕਰਨਗੇ। ਇਸ ਸਮਾਗਮ ਦੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਅਪਾਰ ਕਿਰਪਾ ਨਾਲ ਇਕ ਸਮਾਗਮ ਦੀ ਸੇਵਾ ਚੁੰਬਰ ਅਤੇ ਬਡਵਾਲ ਪਰਿਵਾਰਾਂ ਵਲੋਂ ਵਾਹਿਗੁਰੂ ਦਾ ਸ਼ੁਕਰਾਨਾ ਕਰਦੇ ਹੋਏ ਕੀਤੀ ਜਾਵੇਗੀ।

## ਗੁਰੂ ਘਰ ਦੀ ਉਸਾਰੀ ਅਧੀਨ ਬਿਲਡਿੰਗ ਦੀਆਂ ਕੁਝ ਝਲਕੀਆਂ








## ਸੰਗਤ ਦੇ ਸੇਵਾਦਾਰ ਅਤੇ ਸੰਪਰਕ ਨੰਬਰ


ਵਿਨੋਦ ਕੁਮਾਰ (ਚੇਅਰਮੈਨ)
510-953-9800


ਤਰਲੋਚਨ ਸਿੰਘ (ਪ੍ਰਧਾਨ)
510-712-1743


ਨਰੇਸ਼ ਕੁਮਾਰ (ਜਨਰਲ ਸਕੱਤਰ)
510-857-4551


ਮਨਦੀਪ ਰਾਏ (ਖਜਾਨਚੀ)
415-342-9159

## ਸਮੂਹ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

**31252 Veasy Street, Union City, CA 94587**

# ਹਲਕਾ ਚੱਬੇਵਾਲ 'ਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸੰਤ-ਮਹਾਂਪੁਰਸ਼ਾਂ ਦੀ ਹਾਜ਼ਰੀ 'ਚ ਕਰਵਾਈ ਅਰਦਾਸ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)-** ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੀ ਸਫਲਤਾ ਲਈ ਸੰਤ-ਸਮਾਜ ਦਾ ਆਸ਼ੀਰਵਾਦ ਲੈਣ ਲਈ ਵਿਧਾਨ ਸਭਾ ਹਲਕਾ ਚੱਬੇਵਾਲ ਵਿੱਚ ਪੈਂਦੇ ਪਿੰਡ ਬਾਹੋਵਾਲ ਦੇ ਗੁਰਦੁਆਰਾ ਬਣ੍ਹਾ ਸਾਹਿਬ ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ ਅਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਗਈ। ਸਮਾਗਮ ਦੌਰਾਨ ਜਿੱਥੇ ਹਲਕਾ ਚੱਬੇਵਾਲ ਸਮੇਤ ਜਿਲ੍ਹੇ ਦੇ ਦੂਜੇ ਹਿੱਸਿਆਂ ਤੋਂ ਸੰਤ ਮਹਾਂਪੁਰਸ਼ ਪੁੱਜੇ ਉੱਥੇ ਹੀ ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆ ਸੰਤ-ਮਹਾਂਪੁਰਸ਼ਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਗਿਆ। ਇਸ ਸਮੇਂ ਸੰਬੋਧਨ ਵਿੱਚ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਸਮਾਜ ਵਿੱਚ ਫੈਲੇ ਨਸ਼ੇ ਦੇ ਕੋਹੜ ਨੂੰ ਖਤਮ ਕਰਨ ਲਈ ਸੂਬਾ ਸਰਕਾਰ ਵੱਲੋਂ ਪੂਰੀ ਸੁਹਿਰਦਤਾ ਨਾਲ ਕਦਮ ਚੁੱਕੇ ਜਾ ਰਹੇ ਹਨ ਜਿਸਦੇ ਨਤੀਜੇ ਸਾਹਮਣੇ ਆਉਣ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਜਿੱਥੇ ਵੱਡੇ ਨਸ਼ਾ ਤਸਕਰਾਂ ਨੂੰ ਜੇਲ੍ਹਾਂ ਵਿੱਚ ਡੱਕਿਆ ਗਿਆ ਹੈ ਉੱਥੇ ਹੀ ਨਸ਼ਾ ਕਰਨ ਦੇ ਆਦੀ ਨੌਜਵਾਨਾਂ ਨੂੰ ਸਰਕਾਰੀ ਨਸ਼ਾ ਛਡਾਊ ਕੇਂਦਰਾਂ ਵਿੱਚ ਭਰਤੀ ਕਰਕੇ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਸਮਾਜ ਦੀ ਬੇਹਤਰੀ ਵਿੱਚ ਹਮੇਸ਼ਾ ਹੀ ਧਰਮ ਨੇ ਸਕਾਰਾਤਮਕ ਰੋਲ ਨਿਭਾਇਆ ਹੈ ਅਤੇ ਧਰਮ ਹੀ ਸਮਾਜ ਦੀਆਂ ਬੁਰਾਈਆਂ ਦੀ




ਜੜ੍ਹ ਹਮੇਸ਼ਾ ਵੱਢਦਾ ਆਇਆ ਹੈ। ਉਨ੍ਹਾਂ ਕਿਹਾ ਕਿ ਸੰਤਾਂ-ਮਹਾਂਪੁਰਸ਼ਾਂ ਵੱਲੋਂ ਜਿੱਥੇ ਲੋਕਾਂ ਨੂੰ ਗੁਰੂ ਦੇ ਲੜ ਲਗਾਇਆ ਜਾ ਰਿਹਾ ਹੈ ਉੱਥੇ ਹੀ ਨਸ਼ੇ ਵਰਗੀਆਂ ਅਲਾਮਤਾਂ ਤੋਂ ਲੋਕਾਂ ਨੂੰ ਬਚਾਉਣ ਵਿੱਚ ਵੀ ਸੰਤ-ਮਹਾਂਪੁਰਸ਼ਾਂ ਦਾ ਵੱਡਾ ਯੋਗਦਾਨ ਰਿਹਾ ਹੈ। ਡਾ। ਚੱਬੇਵਾਲ ਨੇ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 15,861 ਹੋ ਗਈ ਹੈ। ਉਨ੍ਹਾਂ ਦੱਸਿਆ ਕਿ 101 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਤੋਂ ਵੱਧ ਪੁਲਿਸ ਮੁਲਾਜ਼ਮਾਂ ਨਫ਼ਰੀ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਰਾਜ ਭਰ ਵਿੱਚ ਛਾਪੇਮਾਰੀ ਕਰ ਰਹੀਆਂ ਹਨ। ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਡਾ। ਇਸ਼ਾਂਕ ਕੁਮਾਰ ਦੀ ਅਗਵਾਈ ਹੇਠ ਚੱਬੇਵਾਲ ਹਲਕੇ ਨੂੰ ਨਸ਼ਾ ਮੁਕਤ ਬਣਾਉਣ ਦਾ ਸਾਡਾ ਸੁਪਨਾ ਜਲਦੀ ਹੀ ਪੂਰਾ ਹੋਵੇਗਾ। ਇਸ ਮੌਕੇ ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਹਲਕੇ ਦੇ ਵਿਕਾਸ ਦੇ ਨਾਲ-ਨਾਲ ਚੱਬੇਵਾਲ ਵਿੱਚੋ ਨਸ਼ਾ ਖਤਮ ਕਰਨਾ ਸਾਡਾ ਮੁੱਖ ਟੀਚਾ ਹੈ, ਉਨ੍ਹਾਂ ਕਿਹਾ ਕਿ ਇੱਕ ਪਾਸੇ ਜਿੱਥੇ ਨਸ਼ੇ ਦਾ ਤਸਕਰਾਂ ਨਾਲ ਸਖਤੀ ਜਾਰੀ ਰਹੇਗੀ ਉੱਥੇ ਹੀ ਇਸ ਨਸ਼ੇ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਦੇ ਇਲਾਜ ਵਿੱਚ ਵੀ ਅਸੀਂ ਕੋਈ ਕਸਰ ਬਾਕੀ ਨਹੀਂ ਛੱਡਾਂਗੇ। ਉਨ੍ਹਾਂ ਹਲਕੇ ਦੇ ਨੌਜਵਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਜੇਕਰ ਉਨ੍ਹਾਂ ਦਾ ਕੋਈ ਸੱਜਣ-ਮਿੱਤਰ ਨਸ਼ੇ ਦੀ ਇਸ ਦਲਦਲ ਵਿੱਚ ਫਸਿਆ ਹੈ ਤਾਂ ਉਸ ਨੂੰ ਇਸ ਵਿੱਚੋ ਬਾਹਰ ਕੱਢਣ ਲਈ ਮਦਦ ਕਰੋ ਅਤੇ ਜਿੱਥੇ ਸਾਡੀ ਲੋੜ ਹੈ ਉੱਥੇ ਸਾਨੂੰ ਦੱਸਿਆ ਜਾਵੇ ਤਾਂ ਜੋ ਨਸ਼ੇ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ।

ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਪਰਿਵਾਰ ਦਾ ਇੱਕ ਵੀ ਜੀਅ ਜਦੋਂ ਨਸ਼ੇ ਦੀ ਦਲਦਲ ਵਿੱਚ ਫੱਸਦਾ ਹੈ ਤਦ ਉਹ ਆਪਣੇ ਪੂਰੇ ਪਰਿਵਾਰ ਨੂੰ ਬਰਬਾਦੀ ਵੱਲ ਲੈ ਜਾਂਦਾ ਹੈ ਇਸ ਲਈ ਹਰ ਪਰਿਵਾਰ ਦੇ ਹਰ ਇੱਕ ਮੈਂਬਰ ਨੂੰ ਦੂਜਿਆਂ ਦਾ ਖਿਆਲ ਰੱਖਣ ਦੀ ਜਰੂਰਤ ਹੈ।

ਉਨ੍ਹਾਂ ਕਿਹਾ ਕਿ ਉਹ ਸਮੂਹ ਸੰਤਾਂ-ਮਹਾਂਪੁਰਸ਼ਾਂ ਦੇ ਦਿਲੋਂ ਰਿਣੀ ਹਨ ਜਿਨ੍ਹਾਂ ਨੇ ਨਸ਼ੇ ਖਿਲਾਫ ਛੇੜੀ ਇਸ ਮੁਹਿੰਮ ਵਿੱਚ ਸਹਿਯੋਗ ਦਾ ਭਰੋਸਾ ਦਿੱਤਾ ਹੈ।

# ਐਡਵੋਕੇਟ ਗੁਰਮੀਤ ਸ਼ੁਗਲੀ ਅਤੇ ਸੁਧਾਕਰ ਦੀ ਯਾਦ 'ਚ ਦੇਸ਼ ਭਗਤਾਂ ਵੱਲੋਂ ਸ਼ੋਕ ਸਭਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਨਵਾਂ ਜ਼ਮਾਨਾ ਅਖ਼ਬਾਰ ਦੀ ਸੰਚਾਲਕ ਸੰਸਥਾ ਅਰਜਣ ਸਿੰਘ ਗੜਗੱਜ ਫਾਊਂਡੇਸ਼ਨ ਦੇ ਜਨਰਲ ਸਕੱਤਰ, ਨਵਾਂ ਜ਼ਮਾਨਾ ਅਖ਼ਬਾਰ ਦੇ ਪ੍ਰਿੰਟਰ ਅਤੇ ਪਬਲਿਸਰ, ਲੇਖਕ, ਮਾਰਕਸੀ ਵਿਗਿਆਨਕ ਵਿਚਾਰਧਾਰਾ ਦੇ ਝੰਡਾਬਰਦਾਰ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦੇ ਅਚਨਚੇਤ ਵਿਛੋੜੇ ਅਤੇ ਸੀ ਪੀ ਆਈ (ਮਾ ਵਾਦੀ) ਦੇ ਕੇਂਦਰੀ ਕਮੇਟੀ ਮੈਂਬਰ ਸੁਧਾਕਰ ਨੂੰ ਕਥਿਤ ਪੁਲਿਸ ਮੁਕਾਬਲੇ ਵਿਚ ਮਾਰ ਮੁਕਾਏ ਜਾਣ ਤੇ ਉਹਨਾਂ ਦੇ ਪਰਿਵਾਰਾਂ,ਸਾਕ ਸਬੰਧੀਆਂ ਅਤੇ ਸੰਗੀ ਸਾਥੀਆਂ ਨਾਲ਼ ਗਹਿਰੇ ਦੁੱਖ਼ 'ਚ ਸ਼ਰੀਕ ਹੁੰਦੇ ਹੋਏ ਉਹਨਾਂ ਦੀ ਸਮਾਜ ਨੂੰ ਦੇਣ ਉਪਰ ਗੌਰਵ ਕਰਦਿਆਂ ਭ ਦੇਸ਼ ਭਗਤ ਯਾਦਗਾਰ ਕਮੇਟੀ ਨੇ ਸ਼ੋਕ ਬੈਠਕ ਕਰਕੇ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਐਡਵੋਕੇਟ ਗੁਰਮੀਤ ਸ਼ੁਗਲੀ ਪੱਤਰਕਾਰਤਾ ਦੇ ਖੇਤਰ ਤੋਂ ਇਲਾਵਾ ਆਪਣੀ ਪਾਰਟੀ ਸੀ। ਪੀ। ਆਈ। ਵਿੱਚ ਵੀ ਸਰਗਰਮੀ ਨਾਲ ਹਿੱਸਾ ਪਾਉਂਦੇ ਰਹੇ। ਵਿਦਿਆਰਥੀ ਜੀਵਨ ਤੋਂ ਲੈ ਕੇ ਕਾਲਜਾਂ , ਯੂ-ਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਨੂੰ ਧਰਮ ਨਿਰਪੱਖ,ਇਨਕਲਾਬੀ ਜਮਹੂਰੀ ਅਤੇ ਮਾਰਕਸੀ ਚਿੰਤਨ ਨਾਲ ਜੋੜਨ ਲਈ ਜਿੱਥੇ ਯਤਨਸ਼ੀਲ ਰਹੇ ਥੇ ਦੇਸ਼ ਭਗਤ ਯਾਦਗਾਰ ਹਾਲ ਅੰਦਰ ਲੱਗਦੇ ਗ਼ਦਰੀ ਬਾਬਿਆਂ ਦੇ ਮੇਲੇ ਅਤੇ ਹੋਰ ਸਰਗਰਮੀਆਂ ਨਾ਼ਲ ਵੀ ਨੇੜਿ ੀ ਜੁੜੇ ਰਹੇ। ਉਹਨਾਂ ਦਾ ਦਿਹਾਂਤ ਅਮਰੀਕਾ ਵਿਚ ਆਪਣੇ ਬੇਟੇ ਰਮਨਜੀਤ ਸਿੰਘ ਮੰਡ ਕੋ਼ਲ ਦਿਲ ਦਾ ਦੌਰਾ ਪੈਣ ਨਾ਼ਲ ਹੋਇਆ। ਉਹਨਾਂ ਦਾ ਦੂਸਰਾ ਬੇਟਾ ਐਡਵੋਕੇਟ ਰਾਜਿੰਦਰ ਸਿੰਘ ਮੰਡ ਦੇਸ਼ ਭਗਤ ਯਾਦਗਾਰ ਕਮੇਟੀ ਦਾ ਮੈਂਬਰ ਹੈ। ਇਸ ਤਰ੍ਹਾਂ ਹੀ ਲੱਗ ਪੱਗ ਅੱਧੀ ਸਦੀ ਤੋਂ ਸਰਗਰਮ ਸੀ ਪੀ ਆਈ (ਮਾ ਵਾਦੀ) ਦੇ ਕੇਂਦਰੀ ਕਮੇਟੀ ਮੈਂਬਰ ਲਕਸ਼ਮੀ ਨਰਸਿਮਹਾਚਲਮ ਉਰਫ਼ ਸੁਧਾਕਰ ਨੂੰ ਬਸਤਰ ਜ਼ਿਲ੍ਹੇ ਵਿਚ ਇਕ ਫਰਜ਼ੀ ਪੁਲਸ ਮੁਕਾਬਲੇ ਵਿਚ ਮਾਰ ਮੁਕਾਏ ਜਾਣ ਕਾਰਨ ਮੋਦੀ ਹਕੂਮਤ ਦੀ ਘੇਰੋ ਅਤੇ ਕਮਿਊਨਿਸਟਾਂ ਨੂੰ ਮਾਰ ਮੁਕਾਉਣ ਦੀ ਸਿਰ ਚੜ੍ਹ ਬੋਲਦੀ ਨੀਤੀ ਦੀ ਤਿੱਖੀ ਆਲੋਚਨਾ ਕੀਤੀ ਗਈ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਕਿਹਾ ਹੈ ਕਿ ਆਜ਼ਾਦੀ ਦੀ ਜੱਦੋਜਹਿਦ ਮੌਕੇ ਆਦਿਵਾਸੀਆਂ ਦੇ ਸੰਗਰਾਮ ਦੀ ਸੰਘੀ ਨੱਪਣ ਲਈ ਹਰ ਹਰਬਾ ਵਰਤਿਆ ਗਿਆ ਅਤੇ ਵਿਰਸਾ ਮੁੰਡਾ ਵਰਗੇ ਆਜ਼ਾਦੀ ਘੁਲਾਟੀਆਂ ਤੋਂ ਮੂੰਹ ਦੀ ਖਾਣੀ ਪਈ। ਇਉਂ ਹੀ ਭਾਜਪਾ ਹਕੂਮਤ ਨੂੰ ਜੰਗਲ ਦੇ ਸੀਨੇ ਅੰਦਰ ਧੁਖ਼ਦੀ ਜੰਗਲ, ਜਲ, ਜ਼ਮੀਨ,ਔਰਤਾਂ ਦੀ ਅਜ਼ਮਤ ਦੀ ਰਾਖੀ ਕਰਨ ਦੀ ਭਾਵਨਾ ਭਵਿੱਖ ਵਿੱਚ ਹਾਕਮਾਂ ਨੂੰ ਚੈਨ ਨਾ਼ਲ ਨਹੀਂ ਸੌਣ ਦੇਵੇਗੀ। ਕਮੇਟੀ ਦਾ ਕਹਿਣਾ ਹੈ ਕਿ ਸ਼ਹੀਦ ਭਗਤ ਸਿੰਘ ਦੇ ਇਹ ਬੋਲ ਸਦਾ ਅਮਰ ਰਹਿਣਗੇ ਕਿ, "ਤੁਸੀਂ ਵਿਅਕਤੀਆਂ ਨੂੰ ਤਾਂ ਕਤਲ ਕਰ ਸਕਦੇ ਹੋ ਪਰ ਉਹਨਾਂ ਦੇ ਵਿਚਾਰਾਂ ਨੂੰ ਨਹੀਂ।" ਦੇਸ਼ ਭਗਤ ਯਾਦਗਾਰ ਕਮੇਟੀ ਨੇ ਅੱਜ ਐਡਵੋਕੇਟ ਗੁਰਮੀਤ ਸ਼ੁਗਲੀ ਅਤੇ ਸੁਧਾਕਰ ਨੂੰ ਸੂਹੀ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ ਕਿ ਗ਼ਦਰੀ ਵਿਰਸੇ ਦੀ ਲੋਅ ਭਵਿੱਖ਼ ਵਿੱਚ ਹਨੇਰੇ ਨਾ਼ਲ ਸਦਾ ਜੂਝਦੀ ਰਹੇਗੀ। ਇਹ ਸਾਂਝਾ ਸ਼ੋਕ ਸੰਦੇਸ਼ ਦੇਸ਼ ਭਗਤ ਯਾਦਗਾਰ ਕਮੇਟੀ ਦੀ ਤਰਫੋਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਅਤੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਨੇ ਪ੍ਰੈੱਸ ਦੇ ਨਾਂਅ ਜਾਰੀ ਕਰਦੇ ਹੋਏ ਸਮੂਹ ਲੋਕ ਪੱਖੀ ਸੰਸਥਾਵਾਂ ਅਤੇ ਸ਼ਖਸ਼ੀਅਤਾਂ ਨੂੰ ਕਲਮ, ਕਲਾ ਅਤੇ ਸੰਗਰਾਮ ਦੇ ਪਿੜਾਂ ਅੰਦਰ ਸਰਗਰਮ ਸ਼ਕਤੀਆਂ ਨੂੰ ਇੱਕ ਜੁੱਟ ਹੋਣ ਦੀ ਪੁਰਜ਼ੋਰ ਅਪੀਲ ਕੀਤੀ ਹੈ।








# 5+5 ਸਾਲ 'ਪੇਰੈਂਟ ਬੂਸਟ ਵੀਜ਼ਾ' ਸ਼੍ਰੇਣੀ ਦਾ ਐਲਾਨ-29 ਸਤੰਬਰ 2025 ਤੋਂ ਅਰਜ਼ੀਆਂ ਖੁੱਲ੍ਹਣਗੀਆਂ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਵਿਚ ਨੈਸ਼ਨਲ ਪਾਰਟੀ ਦੀ ਸੱਤਾਧਾਰ ਸਰਕਾਰ ਨੇ ਅੱਜ ਕਈ ਸਾਲਾਂ ਤੋਂ ਉਡੀਕੀ ਜਾ ਰਹੀ 'ਪੇਰੈਂਟ ਬੂਸਟ ਵੀਜ਼ਾ' ਸ਼੍ਰੇਣੀ ਦਾ ਐਲਾਨ ਕਰ ਦਿੱਤਾ ਗਿਆ, ਜੋ ਕਿ 29 ਸਤੰਬਰ 2025 ਤੋਂ ਖੁੱਲ੍ਹਣ ਜਾ ਰਹੀ ਹੈ। ਅੱਜ ਇਸਦਾ ਐਲਾਨ ਬਰੂਸ ਪੁਲਮਨ ਪਾਰਕ ਟਾਕਾਨੀਨੀ (ਔਕਲੈਂਡ) ਵਿਖੇ ਪ੍ਰਧਾਨ ਮੰਤਰੀ ਮਾਣਯੋਗ ਸ੍ਰੀ ਕ੍ਰਿਸ ਲਕਸਨ ਦੀ ਹਾਜ਼ਰੀ ਵਿਚ ਇਮੀਗ੍ਰੇਸ਼ਨ ਮੰਤਰੀ ਇਰੇਕਾ ਸਟੈਂਡਫੋਰਡ ਨੇ ਕੀਤਾ। ਇਸ ਮੌਕੇ ਵੱਡੀ ਗਿਣਤੀ ਭਾਰਤੀਆਂ ਖਾਸ ਕਰ ਪੰਜਾਬੀਆਂ ਦੀ ਸੀ।

ਸਰਕਾਰ ਨੇ ਪਰਿਵਾਰਾਂ ਨੂੰ ਇਕਜੁੱਟ ਕਰਨ ਅਤੇ ਉੱਚ ਹੁਨਰਮੰਦ ਪ੍ਰਵਾਸੀਆਂ ਲਈ ਨਿਊਜ਼ੀਲੈਂਡ ਦੀ ਖਿੱਚ ਨੂੰ ਵਧਾਉਣ ਲਈ ਇੱਕ ਨਵੇਂ ਲੰਬੇ ਸਮੇਂ ਦੇ ਵਿਜ਼ਟਰ ਵੀਜ਼ੇ ਦਾ ਐਲਾਨ ਕੀਤਾ ਹੈ। ਜੋ ਕਿ ਕੁੱਲ 10 ਸਾਲ ਦਾ ਹੋਵੇਗਾ ਪਰ ਪਹਿਲਾਂ 5 ਸਾਲ ਦਾ ਹੋਵੇਗਾ ਅਤੇ ਦੁਬਾਰਾ 5 ਸਾਲ ਦਾ ਲਿਆ ਜਾ ਸਕਦਾ ਹੈ। ਇਹ ਕਿਸੇ ਵੀ ਹਾਲਤ ਵਿਚ ਪੱਕੇ ਰਿਹਾਇਸ਼ੀ ਬਨਣ ਦੇ ਲਈ ਰਾਹ ਨਹੀਂ ਖੋਲ੍ਹਣਗੇ।

ਇਸ ਨੂੰ 'ਪੇਰੈਂਟ ਬੂਸਟ ਵੀਜ਼ਾ' ਕਿਹਾ ਗਿਆ ਹੈ ਜੋ ਕਿ ਇੱਕ ਮਲਟੀਪਲ-ਐਂਟਰੀ ਵਿਜ਼ਟਰ ਵੀਜ਼ਾ ਹੈ ਜੋ ਨਿਊਜ਼ੀਲੈਂਡ ਦੇ ਨਾਗਰਿਕਾਂ ਅਤੇ ਨਿਵਾਸੀਆਂ ਦੇ ਮਾਪਿਆਂ ਨੂੰ 5 ਸਾਲਾਂ ਤੱਕ ਆਉਣ ਦੀ ਆਗਿਆ ਦਿੰਦਾ ਹੈ। ਬਿਨੈਕਾਰ ਦੂਜੇ ਵੀਜ਼ੇ ਲਈ ਅਰਜ਼ੀ ਦੇ ਸਕਦੇ ਹਨ, ਜਿਸ ਨਾਲ ਕੁੱਲ 10 ਸਾਲਾਂ ਤੱਕ ਠਹਿਰਨ ਦੀ ਆਗਿਆ ਮਿਲਦੀ ਹੈ, ਬਸ਼ਰਤੇ ਉਹ ਸਾਰੀਆਂ ਯੋਗਤਾ ਜ਼ਰੂਰਤਾਂ ਨੂੰ ਪੂਰਾ ਕਰਦੇ ਰਹਿਣ।

ਇਹ ਵੀਜ਼ਾ ਜਨਤਕ ਸੇਵਾਵਾਂ 'ਤੇ ਵਾਧੂ ਦਬਾਅ ਪਾਏ ਬਿਨਾਂ ਪਰਿਵਾਰਕ ਸਬੰਧਾਂ ਦਾ ਸਮਰਥਨ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਰਿਹਾਇਸ਼ ਦਾ ਰਸਤਾ ਨਹੀਂ ਹੈ, ਪਰ ਇਹ ਪਰਿਵਾਰਾਂ ਨੂੰ ਲੰਬੇ ਸਮੇਂ ਲਈ ਇਕੱਠੇ ਸਮਾਂ ਬਿਤਾਉਣ ਦਾ ਇੱਕ ਅਰਥਪੂਰਨ ਤਰੀਕਾ ਪੇਸ਼ ਕਰਦਾ ਹੈ। ਜਿਹੜੇ ਮਾਪੇ ਸਥਾਈ ਨਿਵਾਸ (ਪੀ। ਆਰ।) ਦੀ ਮੰਗ ਕਰਨ ਕਰਨਗੇ ਉਹ ਵੱਖਰੀ ਵੀਜ਼ਾ (ਮਾਪੇ ਸ਼੍ਰੇਣੀ) ਉਪਲਬਧ ਰਹੇਗੀ।

ਯੋਗਤਾਵਾਂ ਅਤੇ ਲੋੜਾਂ:

ਪੇਰੈਂਟ ਬੂਸਟ ਵੀਜ਼ਾ ਪ੍ਰਾਪਤ ਕਰਨ ਲਈ, ਬਿਨੈਕਾਰਾਂ ਨੂੰ ਇਹ ਦਿਖਾਉਣਾ ਪਵੇਗਾ ਕਿ ਉਹ ਚੰਗੇ ਚਰਿੱਤਰ ਦੇ ਹਨ, ਸਿਹਤ ਦੇ ਸਵੀਕਾਰਯੋਗ ਮਿਆਰ (ਰਿਹਾਇਸ਼ ਦੇ ਮਿਆਰ ਦੇ ਅਨੁਸਾਰ) ਨੂੰ ਪੂਰਾ ਕਰਦੇ ਹਨ, ਅਤੇ ਹੇਠ ਲਿਖੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕਦੇ ਹਨ। ਬਿਨੈਕਾਰਾਂ ਕੋਲ ਇੱਕ ਯੋਗ ਸਪਾਂਸਰ (ਖਰਚਾ ਚੁੱਕਣ ਵਾਲਾ) ਹੋਣਾ ਚਾਹੀਦਾ ਹੈ ਜੋ: ਉਨ੍ਹਾਂ ਦਾ ਜੈਵਿਕ ਜਾਂ ਗੋਦ ਲਿਆ ਬੱਚਾ, ਨਿਊਜ਼ੀਲੈਂਡ ਦਾ ਨਾਗਰਿਕ ਜਾਂ ਨਿਵਾਸੀ ਹੋਵੇ ਅਤੇ ਵੀਜ਼ੇ ਦੀ ਪੂਰੀ ਮਿਆਦ ਤੱਕ ਖਾਸ ਜ਼ਿੰਮੇਵਾਰੀਆਂ ਲੈਣ ਲਈ ਵੀ ਸਹਿਮਤ ਹੋਣਾ ਚਾਹੀਦਾ ਹੈ, ਜਿਸ ਵਿੱਚ ਸ਼ਾਮਿਲ ਹਨ: ਰਿਹਾਇਸ਼ ਅਤੇ ਰੋਜ਼ਾਨਾ ਰਹਿਣ-ਸਹਿਣ ਦੇ ਖਰਚਿਆਂ ਵਰਗੇ ਜ਼ਰੂਰੀ ਖਰਚਿਆਂ ਨੂੰ ਕਵਰ ਕਰਨਾ, ਸਿਹਤ ਅਤੇ ਵਿੱਤੀ ਸਹਾਇਤਾ ਤੱਕ ਪਹੁੰਚ ਯਕੀਨੀ ਬਣਾਉਣਾ, ਜੇ ਲੋੜ ਹੋਵੇ, ਤਾਂ ਦੇਸ਼ ਵਾਪਸੀ ਜਾਂ ਦੇਸ਼ ਨਿਕਾਲੇ ਨਾਲ ਸਬੰਧਤ ਖਰਚਿਆਂ ਨੂੰ ਕਵਰ ਕਰਨਾ।




ਵਿੱਤੀ ਜ਼ਰੂਰਤਾਂ ਵਿਚ ਬਿਨੈਕਾਰਾਂ ਨੂੰ ਹੇਠ ਲਿਖਿਆਂ ਵਿੱਚੋਂ 1 ਵਿੱਤੀ ਮਾਪਦੰਡ ਪੂਰੇ ਕਰਨੇ ਚਾਹੀਦੇ ਹਨ: ਜੇਕਰ ਸਪਾਂਸਰ ਦੋ (ਪਤੀ-ਪਤਨੀ) ਹਨ ਅਤੇ ਇਕ ਪਾਸੇ ਦੇ ਮਾਤਾ-ਪਿਤਾ ਨੂੰ ਸੱਦ ਰਹੇ ਹਨ ਤਾਂ ਘੱਟੋ-ਘੱਟ ਨਿਊਜ਼ੀਲੈਂਡ ਦੀ ਔਸਤ ਤਨਖਾਹ (69,804.80 ਡਾਲਰ) ਤੋਂ ਦੁੱਗਣੀ (139,609,60 ਡਾਲਰ) ਹੋਣੀ ਚਾਹੀਦੀ ਹੈ। ਜੇਕਰ ਮਾਪੇ ਅਤੇ ਸਹੁਰੇ ਸੱਦਣੇ ਹੋਣ ਤਾਂ ਕੁੱਲ ਤਨਖਾਹ 209,41440 ਹੋਣੀ ਚਾਹੀਦੀ ਹੈ। ਜੇਕਰ ਇਕੱਲੇ ਨੇ ਮਾਤਾ-ਪਿਤਾ ਚੋਂ ਇਕ ਨੂੰ ਸੱਦਣਾ ਹੋਵੇ ਤਾਂ ਉਸਦੀ ਤਨਖਾਹ 69,804।80 ਡਾਲਰ ਹੋਣੀ ਚਾਹੀਦੀ ਹੈ। ਜੇ ਅਜਿਹਾ ਨਹੀਂ ਹੈ ਤਾਂ ਦੂਜੀ ਚੋਣ ਮਾਪੇ ਕਰ ਸਕਦੇ ਹਨ ਜਿਵੇਂ।।ਮਾਪਿਆਂ ਦੀ ਨਿੱਜੀ ਆਮਦਨ ਨਿਊਜ਼ੀਲੈਂਡ ਸੁਪਰਐਨੂਏਸ਼ਨ (ਪੈਨਸ਼ਨ) ਦੇ ਬਰਾਬਰ ਹੋਣੀ ਚਾਹੀਦੀ ਹੈ ਜੋ ਕਿ ਵਰਤਮਾਨ ਵਿੱਚ ਇੱਕ ਸਿੰਗਲ ਮਾਤਾ ਜਾਂ ਪਿਤਾ ਲਈ $32,611.28 ਡਾਲਰ ਸਾਲਾਨਾ ਹੈ ਅਤੇ ਇੱਕ ਜੋੜੇ ਲਈ $49,552.88 ਡਾਲਰ ਹੋਵੇ। ਜਾਂ ਫਿਰ ਮਾਪਿਆਂ ਕੋਲ ਕਾਫ਼ੀ ਨਿੱਜੀ ਫੰਡ ਹੋਵੇ ਜਿਵੇਂ ਇੱਕਲੇ ਬਿਨੈਕਾਰ ਲਈ 160,000 ਡਾਲਰ ਜਾਂ ਇੱਕ ਜੋੜੇ ਲਈ 250,000 ਡਾਲਰ। ਇਸ ਵਿਚ ਬੱਚਤ ਦਾ ਲੇਖਾ-ਜੋਖਾ ਵਿਚਾਰਿਆ ਜਾ ਸਕਦਾ ਹੈ।

ਸਿਹਤ ਬੀਮਾ: ਬਿਨੈਕਾਰਾਂ ਕੋਲ ਘੱਟੋ-ਘੱਟ 1 ਸਾਲ ਦਾ ਸਿਹਤ ਬੀਮਾ ਹੋਣਾ ਚਾਹੀਦਾ ਹੈ ਜੋ ਹੇਠ ਲਿਖਿਆਂ ਨੂੰ ਕਵਰ ਕਰਦਾ ਹੈ: ਐਮਰਜੈਂਸੀ ਡਾਕਟਰੀ ਦੇਖਭਾਲ (ਘੱਟੋ-ਘੱਟ 250,000 ਡਾਲਰ ਪ੍ਰਤੀ ਸਾਲ) ਤਾਂ ਕਿ ਕਿਸੇ ਤਰ੍ਹਾਂ ਦੀ ਐਮਰਜੈਂਸੀ ਵਾਪਸੀ ਜਾਂ ਮੌਤ ਬਾਅਦ ਅਵਸ਼ੇਸ਼ਾਂ ਦੀ ਵਾਪਸੀ ਦਾ ਪ੍ਰਬੰਧ ਹੋ ਸਕੇ। ਕੈਂਸਰ ਦਾ ਇਲਾਜ (ਘੱਟੋ-ਘੱਟ 100,000 ਡਾਲਰ ਤੱਕ ਕਵਰ ਹੋਵੇ। ਉਹਨਾਂ ਨੂੰ ਨਿਊਜ਼ੀਲੈਂਡ ਵਿੱਚ ਆਪਣੇ ਠਹਿਰਨ ਦੇ ਪੂਰੇ ਸਮੇਂ ਲਈ ਵੈਧ ਸਿਹਤ ਬੀਮਾ ਵੀ ਰੱਖਣਾ ਹੋਵੇਗਾ।

ਖਿਆਲ ਰੱਖਿ : ਨਿਊਜ਼ੀਲੈਂਡ ਵਿੱਚ ਰਹਿੰਦਿਆਂ ਵੈਧ ਸਿਹਤ ਬੀਮਾ ਨਾ ਰੱਖਣਾ ਭਵਿੱਖ ਦੇ ਵੀਜ਼ਿਆਂ ਲਈ ਕਿਸੇ ਵਿਅਕਤੀ ਦੀ ਯੋਗਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ, ਜਿਸ ਵਿੱਚ ਮਾਤਾ-ਪਿਤਾ ਸ਼੍ਰੇਣੀ ਅਧੀਨ ਰਿਹਾਇਸ਼ ਵੀ ਸ਼ਾਮਲ ਹੈ। ਇਸਦੇ ਨਤੀਜੇ ਵਜੋਂ ਵੀਜ਼ਾ ਰੱਦ ਹੋ ਸਕਦਾ ਹੈ ਜਾਂ ਵਿਅਕਤੀ ਨੂੰ ਦੇਸ਼ ਨਿਕਾਲਾ ਦੇਣ ਲਈ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ।

ਬਿਨੈਕਾਰਾਂ ਨੂੰ ਇਹ ਯਕੀਨੀ ਬਣਾਉਣ ਲਈ ਕਿ ਉਹ ਸਿਹਤ ਦੇ ਇੱਕ ਸਵੀਕਾਰਯੋਗ ਮਿਆਰ ਦੇ ਹਨ, 2 ਸਿਹਤ ਮੁਲਾਂਕਣ (ਮੈਡੀਕਲ) ਕਰਵਾਉਣੇ ਪੈਣਗੇ। ਪਹਿਲੀ ਸਿਹਤ ਜਾਂਚ ਸ਼ੁਰੂਆਤੀ ਵੀਜ਼ਾ ਅਰਜ਼ੀ ਦੇ ਹਿੱਸੇ ਵਜੋਂ ਪੂਰੀ ਕੀਤੀ ਜਾਵੇਗੀ ਜਦ ਕਿ ਵੀਜ਼ੇ ਦੇ ਤੀਜੇ ਸਾਲ ਵਿੱਚ, ਬਿਨੈਕਾਰਾਂ ਨੂੰ ਨਿਊਜ਼ੀਲੈਂਡ ਤੋਂ ਬਾਹਰ ਜਾ ਕੇ ਦੂਜੀ ਵਾਰ ਸਿਹਤ ਜਾਂਚ ਕਰਵਾਉਣੀ ਪਵੇਗੀ ਅਤੇ ਦੁਬਾਰਾ ਇੰਸ਼ੋਰੈਂਸ ਵਿਖਾ ਕੇ ਇਥੇ ਆਇਆ ਜਾ ਸਕੇਗਾ।

ਵੀਜ਼ਾ ਫੀਸ: ਵੀਜ਼ਾ ਫੀਸ ਜ਼ਿਆਦਾਤਰ ਬਿਨੈਕਾਰਾਂ ਲਈ 3,000 ਡਾਲਰ ਅਤੇ ਪੈਸੀਫਿਕ ਲੋਕਾਂ ਲਈ 2,450 ਡਾਲਰ ਹੋਵੇਗੀ। ਇਸ ਵਿੱਚ ਇਮੀਗ੍ਰੇਸ਼ਨ ਫੀਸ ਅਤੇ ਲੇਵੀ ਦੋਵੇਂ ਸ਼ਾਮਲ ਹਨ। ਬਿਨੈਕਾਰਾਂ ਨੂੰ 100 ਡਾਲਰ ਦੀ ਅੰਤਰਰਾਸ਼ਟਰੀ ਵਿਜ਼ਟਰ ਕੰਜ਼ਰਵੇਸ਼ਨ ਅਤੇ ਟੂਰਿਜ਼ਮ ਲੇਵੀ ਦਾ ਭੁਗਤਾਨ ਵੀ ਕਰਨਾ ਪਵੇਗਾ।

3 ਸਾਲਾਂ ਬਾਅਦ, ਜ਼ਿਆਦਾਤਰ ਲੋਕਾਂ ਲਈ ਤੀਜੇ ਸਾਲ ਦੀ ਸਿਹਤ ਜਾਂਚ ਲਈ 325 ਡਾਲਰ ਦੀ ਵਾਧੂ ਪ੍ਰੋਸੈਸਿੰਗ ਫੀਸ ਹੈ, ਜਾਂ ਜੇਕਰ ਪੈਸੀਫਿਕ ਫੀਸ ਬੈਂਡ ਲਈ ਯੋਗ ਹਨ ਤਾਂ 240 ਡਾਲਰ ਭਰਨੀ ਹੋਵੇਗੀ। ਅਰਜ਼ੀਆਂ 29 ਸਤੰਬਰ 2025 ਨੂੰ ਖੁੱਲ੍ਹਣਗੀਆਂ ਅਤੇ ਹੋਰ ਪ੍ਰਕਿਰਿਆ ਬਾਰੇ ਵੇਰਵੇ ਅਰਜ਼ੀਆਂ ਖੁੱਲ੍ਹਣ ਦੇ ਨੇੜੇ ਦੱਸੇ ਜਾਣਗੇ।

ਇਹ ਰਿਹਾਇਸ਼ ਦਾ ਰਸਤਾ ਨਹੀਂ: ਪੇਰੈਂਟ ਬੂਸਟ ਵੀਜ਼ਾ ਸਿਰਫ਼ ਇੱਕ ਵਿਜ਼ਟਰ ਵੀਜ਼ਾ ਹੈ ਅਤੇ ਇਹ ਨਿਵਾਸ ਲਈ ਕੋਈ ਰਸਤਾ ਪ੍ਰਦਾਨ ਨਹੀਂ ਕਰਦਾ। ਸਥਾਈ ਨਿਵਾਸ ਦੀ ਮੰਗ ਕਰਨ ਵਾਲਿਆਂ ਨੂੰ ਪੇਰੈਂਟ ਕੈਟੇਗਰੀ ਰੈਜ਼ੀਡੈਂਟ ਵੀਜ਼ਾ ਦੇ ਤਹਿਤ ਦਿਲਚਸਪੀ ਦਾ ਪ੍ਰਗਟਾਵਾ ਕਰਨਾ ਹੋਏਦਾ ਅਤੇ ਵਾਰੀ ਸਿਰ ਨੰਬਰ ਆਏਗਾ।

ਸੋ ਇਮੀਗ੍ਰੇਸ਼ਨ ਨੇ ਸਪਸ਼ਟ ਕਰ ਦਿੱਤਾ ਹੈ ਕਿ ਜੇਕਰ ਤੁਸੀਂ ਆਪਣੇ ਮਾਪੇ ਲੰਬੇ ਸਮੇਂ ਲਈ ਸੱਦਣੇ ਹਨ ਤਾਂ ਸਾਡੇ ਇਹ ਨਿਯਮ ਹੋਣਗੇ। ਇਸ ਪ੍ਰਤੀ ਵੱਖ-ਵੱਖ ਪ੍ਰਤੀਕ੍ਰਿਆਵਾਂ ਇਸ ਵੇਲੇ ਕਮਿਊਨਿਟੀ ਦੇ ਵਿਚ ਚੱਲ ਰਹੀਆਂ ਹਨ। ਆਮ ਧਾਰਨਾ ਇਹ ਬਣ ਰਹੀ ਹੈ ਕਿ ਇਹ ਅਮੀਰਜ਼ਾਦਿਆਂ ਦੇ ਲਈ ਵਰਤੋਂ ਵਿਚ ਆਉਣ ਵਾਲੀ ਵੀਜ਼ਾ ਸ਼੍ਰੇਣੀ ਸਾਬਿਤ ਹੋਵੇਗੀ। ਮਾਈਗ੍ਰਾਂਟ ਵਰਕਰਜ਼ ਐਸੋਸੀਏਸ਼ਨ ਦਾ ਵੀ ਅਜਿਹਾ ਪ੍ਰਤੀਕਰਮ ਆਇਆ ਹੈ।

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com
ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਪੰਜਾਬ ਦੇ ਰਾਜਪਾਲ ਦੁਆਰਾ ਪੀਅਰ ਲਰਨਿੰਗ ਪਹਿਲਕਦਮੀ ਤਹਿਤ ਵਾਈਸ ਚਾਂਸਲਰਾਂ ਅਤੇ ਡਾਇਰੈਕਟਰਾਂ ਦੇ ਵਫ਼ਦ ਦੀ ਕੀਤੀ ਮੇਜ਼ਬਾਨੀ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ, ਨੇ ਪੰਜਾਬ ਭਰ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਅਤੇ ਡਾਇਰੈਕਟਰਾਂ ਦੇ ਇੱਕ ਵਿਸ਼ੇਸ਼ ਵਫ਼ਦ ਦਾ ਮਾਣ ਨਾਲ ਸਵਾਗਤ ਕੀਤਾ। ਇਹ ਦੌਰਾ ਮਾਨਯੋਗ ਰਾਜਪਾਲ ਪੰਜਾਬ ਸ਼੍ਰੀ ਗੁਲਾਬ ਚੰਦ ਕਟਾਰੀਆ ਦੀ ਅਗਵਾਈ ਵਿੱਚ ਇੱਕ ਦੂਰਦਰਸ਼ੀ ਪੀਅਰ ਲਰਨਿੰਗ ਪਹਿਲਕਦਮੀ ਦਾ ਹਿੱਸਾ ਸੀ, ਜਿਸਦਾ ਉਦੇਸ਼ ਰਾਜ ਭਰ ਵਿੱਚ ਉੱਚ ਸਿੱਖਿਆ ਵਿੱਚ ਸਹਿਯੋਗ ਅਤੇ ਉੱਤਮਤਾ ਨੂੰ ਉਤਸ਼ਾਹਿਤ ਕਰਨਾ ਹੈ।

ਇਸ ਵਫ਼ਦ ਵਿੱਚ ਪ੍ਰਸਿੱਧ ਅਕਾਦਮਿਕ ਆਗੂ ਸ਼ਾਮਲ ਸਨ, ਜਿਨ੍ਹਾਂ ਵਿੱਚ ਪ੍ਰੋ. (ਡਾ.) ਰਾਜਿੰਦਰ ਸਿੰਘ ਕਲੇਰ, ਡੀਨ, ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਪਟਿਆਲਾ, ਡਾ। ਭੁਪਿੰਦਰ ਸਿੰਘ ਬਰਾੜ, ਵਾਈਸ ਚਾਂਸਲਰ, ਰਿਮਟ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ, ਪ੍ਰੋ. (ਡਾ.) ਮਨੀਕਾਂਤ ਪਾਸਵਾਨ, ਡਾਇਰੈਕਟਰ, ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਲੌਂਗੋਵਾਲ, ਡਾ। ਪੁਨੀਤ ਸ਼ਰਮਾ, ਡੀਨ ਅਕਾਦਮਿਕ, ਐਮਿਟੀ ਯੂਨੀਵਰਸਿਟੀ, ਮੋਹਾਲੀ ਸ਼ਾਮਲ ਸਨ।

ਡੀਬੀਯੂ ਦੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਵਫ਼ਦ ਦਾ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ। ਇਸ ਫੇਰੀ ਦੀ ਸ਼ੁਰੂਆਤ ਆਈਬੀਯੂ ਦੀਆਂ ਅਕਾਦਮਿਕ ਪ੍ਰਾਪਤੀਆਂ ਅਤੇ ਸਭ ਤੋਂ ਵਧੀਆ ਅਭਿਆਸਾਂ ਨੂੰ ਉਜਾਗਰ ਕਰਨ ਵਾਲੀ ਇੱਕ ਸੰਸਥਾਗਤ ਪੇਸ਼ਕਾਰੀ ਨਾਲ ਹੋਈ, ਜੋ ਕਿ




ਆਈਕਿਊਏਸੀ ਦੇ ਡਾਇਰੈਕਟਰ ਡਾ। ਹਰਵਿੰਦਰ ਕੌਰ ਸਿੱਧੂ ਦੁਆਰਾ ਦਿੱਤੀ ਗਈ। ਦੇਸ਼ ਭਗਤ ਯੂਨੀਵਰਸਿਟੀ ਨੂੰ ਸਿੱਖਿਆ, ਨਵੀਨਤਾ ਅਤੇ ਭਾਈਚਾਰਕ ਸ਼ਮੂਲੀਅਤ ਵਿੱਚ ਇਸਦੇ ਵਿਆਪਕ ਯੋਗਦਾਨ ਲਈ ਅਕਾਦਮਿਕ ਡੈਲੀਗੇਟਸ ਤੋਂ ਬਹੁਤ ਪ੍ਰਸ਼ੰਸਾ ਮਿਲੀ।

ਇਸ ਦੌਰੇ ਦੌਰਾਨ ਵੱਖ ਵੱਖ ਮਹੱਤਵਪੂਰਨ ਵਿਸ਼ਿਆਂ 'ਤੇ ਗੱਲ ਕੀਤੀ ਗਈ ਜਿਸ ਦੌਰਾਨ ਵਫਦ ਵੱਲੋਂ ਯੂਨੀਵਰਸਿਟੀ ਦੇ 50-ਘੰਟੇ ਦੇ ਸਮਾਜਿਕ ਕਾਰਜ ਪ੍ਰੋਗਰਾਮ ਅਤੇ 'ਅਰਨ ਵ੍ਹਾਈਲ ਯੂ ਲਰਨ' ਪਹਿਲਕਦਮੀ ਦੀ ਵਿਦਿਆਰਥੀਆਂ ਨੂੰ ਹੱਥੀਂ ਸਿੱਖਣ ਅਤੇ ਨਾਗਰਿਕ ਸ਼ਮੂਲੀਅਤ ਰਾਹੀਂ ਸਸ਼ਕਤ ਬਣਾਉਣ ਲਈ ਸ਼ਲਾਘਾ ਕੀਤੀ ਗਈ। ਡੀਬੀਯੂ ਦੀ ਮਜ਼ਬੂਤ ਅਕਾਦਮਿਕ ਨੀਂਹ, ਜਿਸ ਨੂੰ ਇੱਕ ਉੱਚ ਯੋਗਤਾ ਪ੍ਰਾਪਤ ਫੈਕਲਟੀ ਦੁਆਰਾ ਸਮਰਥਤ ਕੀਤਾ ਗਿਆ ਹੈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪੀਐਚਡੀ ਧਾਰਕ ਹਨ, ਦੀ ਵੀ ਸ਼ਲਾਘਾ ਕੀਤੀ ਗਈ। ਡੈਲੀਗੇਟਸ ਨੇ ਡੀਬੀਯੂ ਦੇ ਉੱਨਤ ਬੁਨਿਆਦੀ ਢਾਂਚੇ, ਅੰਤਰਰਾਸ਼ਟਰੀ ਸਹਿਯੋਗ, ਪੇਟੈਂਟ ਖੋਜ ਯਤਨਾਂ, ਅਤੇ ਕੋਰਸੇਰਾ ਪ੍ਰਮਾਣੀਕਰਣਾਂ ਦੇ ਸਹਿਜ ਏਕੀਕਰਨ ਦੀ ਪ੍ਰਸ਼ੰਸਾ ਕੀਤੀ। ਵਿਦਿਆਰਥੀ ਵਿਭਿੰਨਤਾ, ਕਰੀਅਰ-ਮੁਖੀ ਅਪਸਕਿਲਿੰਗ, ਅਤੇ ਵਿਸ਼ੇਸ਼ ਪੋਸਟ ਗ੍ਰੈਜੂਏਟ ਪ੍ਰੋਗਰਾਮਾਂ 'ਤੇ ਯੂਨੀਵਰਸਿਟੀ ਦਾ ਧਿਆਨ ਮੁੱਖ ਤਾਕਤਾਂ ਵਜੋਂ ਉਭਰਿਆ।

ਆਯੁਰਵੇਦ ਹਸਪਤਾਲ ਵਿਖੇ ਪੰਚਕਰਮਾ ਦੇ ਇੱਕ ਲਾਈਵ ਪ੍ਰਦਰਸ਼ਨ ਨੇ ਰਵਾਇਤੀ ਭਾਰਤੀ ਦਵਾਈ ਦੀ ਇੱਕ ਭਰਪੂਰ ਝਲਕ ਪੇਸ਼ ਕੀਤੀ। ਇਸ ਮੌਕੇ ਡੀਬੀਯੂ ਦੇ ਚਾਂਸਲਰ ਡਾ। ਜ਼ੋਰਾ ਸਿੰਘ ਨੇ ਇਸ ਪ੍ਰਭਾਵਸ਼ਾਲੀ ਪੀਅਰ ਲਰਨਿੰਗ ਪਲੇਟਫਾਰਮ ਦੀ ਸ਼ੁਰੂਆਤ ਕਰਨ ਲਈ ਮਾਨਯੋਗ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਸਮਾਜਿਕ ਤਰੱਕੀ ਦੇ ਨਾਲ ਅਕਾਦਮਿਕ ਨਵੀਨਤਾ ਨੂੰ ਮਿਲਾਉਣ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

ਇਸ ਮੌਕੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਕਿਹਾ ਕਿ ਇਹ ਸਹਿਯੋਗੀ ਪਲੇਟਫਾਰਮ ਸੰਸਥਾਵਾਂ ਨੂੰ ਪਰਿਵਰਤਨਸ਼ੀਲ ਅਭਿਆਸਾਂ ਨੂੰ ਸਾਂਝਾ ਕਰਨ ਦੇ ਯੋਗ ਬਣਾਉਂਦਾ ਹੈ, ਜਿਸ ਨਾਲ ਪੰਜਾਬ ਅਤੇ ਇਸ ਤੋਂ ਬਾਹਰ ਉੱਚ ਸਿੱਖਿਆ ਲਈ ਮਿਆਰ ਉੱਚਾ ਚੁੱਕਣ ਵਿੱਚ ਮਦਦ ਮਿਲਦੀ ਹੈ। ਅਖੀਰ ਵਿੱਚ ਮੀਡੀਆ ਅਤੇ ਪ੍ਰਦਰਸ਼ਨ ਕਲਾ ਦੀ ਨਿਰਦੇਸ਼ਕ ਡਾ. ਸੁਰਜੀਤ ਕੌਰ ਪਥੇਜਾ ਨੇ ਡੈਲੀਗੇਟਾਂ ਦਾ ਧੰਨਵਾਦ ਕੀਤਾ।

## ਦੇਸ਼ ਭਗਤ ਯੂਨੀਵਰਸਿਟੀ ਸਕੂਲ ਆਫ਼ ਨਰਸਿੰਗ ਵੱਲੋਂ ਪ੍ਰੇਰਨਾਦਾਇਕ ਕਰੀਅਰ ਸੈਸ਼ਨ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ ਦੇ ਸਕੂਲ ਆਫ਼ ਨਰਸਿੰਗ ਵੱਲੋਂ 'ਐਲੀਵੇਟ: ਯੂਅਰ ਕਰੀਅਰ ਜਰਨੀ' ਸਿਰਲੇਖ ਵਾਲਾ ਇੱਕ ਪ੍ਰੇਰਣਾਦਾਇਕ ਅਤੇ ਕਰੀਅਰ-ਕੇਂਦ੍ਰਿਤ ਸੈਸ਼ਨ ਕਰਵਾਇਆ ਗਿਆ, ਜਿਸਦਾ ਉਦੇਸ਼ ਨਰਸਿੰਗ ਵਿਦਿਆਰਥੀਆਂ ਨੂੰ ਨੈਸ਼ਨਲ ਕੌਂਸਲ ਲਾਇਸੈਂਸ ਪ੍ਰੀਖਿਆ ਅਤੇ ਨਰਸਿੰਗ ਅਫਸਰ ਭਰਤੀ ਕਾਮਨ ਯੋਗਤਾ ਟੈਸਟ ਅਤੇ ਵੱਖ-ਵੱਖ ਰਾਜ ਅਤੇ ਰਾਸ਼ਟਰੀ ਪੱਧਰ ਦੇ ਭਰਤੀ ਟੈਸਟਾਂ ਵਰਗੀਆਂ ਮੁੱਖ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਸਫਲਤਾ ਵੱਲ ਸੇਧਿਤ ਕਰਨਾ ਸੀ। ਇਸ ਸਮਾਗਮ ਵਿੱਚ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਅਤੇ ਵਾਈਸ-ਚਾਂਸਲਰ ਡਾ. ਹਰਸ਼ ਸਦਾਵਰਤੀ ਦੀ ਮੌਜੂਦਗੀ ਰਹੀ, ਜਿਨ੍ਹਾਂ ਨੇ ਚਾਹਵਾਨ ਨਰਸਿੰਗ ਪੇਸ਼ੇਵਰਾਂ ਅਤੇ ਭਵਿੱਖ ਦੇ ਸਿਹਤ ਸੰਭਾਲ ਨੇਤਾਵਾਂ ਨੂੰ ਸਸ਼ਕਤ ਬਣਾਉਣ ਲਈ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ।




ਸੈਸ਼ਨ ਦੀ ਸ਼ੁਰੂਆਤ ਸਕੂਲ ਆਫ਼ ਨਰਸਿੰਗ ਦੇ ਪ੍ਰਿੰਸੀਪਲ ਡਾ. ਲਵਸੰਪੂਰਨਜੋਤ ਕੌਰ ਅਤੇ ਵਿਭਾਗ ਦੇ ਮੁਖੀ ਡਾ. ਪ੍ਰਭਜੋਤ ਸਿੰਘ ਦੇ ਸਵਾਗਤ ਨਾਲ ਹੋਈ। ਇਸ ਪ੍ਰੋਗਰਾਮ ਦਾ ਮੁੱਖ ਆਕਰਸ਼ਣ ਸ਼੍ਰੀਮਤੀ ਨਵਕਿਰਨ, ਜੋ ਕਿ ਇੱਕ ਮਸ਼ਹੂਰ ਕਰੀਅਰ ਕੋਚ ਅਤੇ ਪ੍ਰੇਰਕ ਸਪੀਕਰ ਸੀ, ਦੁਆਰਾ ਇੱਕ ਦਿਲਚਸਪ ਅਤੇ ਸੂਝਵਾਨ ਪੇਸ਼ਕਾਰੀ ਸੀ। ਉਸਨੇ (ਨੈਸ਼ਨਲ ਕੌਂਸਲ ਲਾਇਸੈਂਸ ਪ੍ਰੀਖਿਆ) ਅਤੇ (ਨਰਸਿੰਗ ਅਫਸਰ ਭਰਤੀ ਕਾਮਨ ਯੋਗਤਾ ਟੈਸਟ) ਵਰਗੀਆਂ ਚੁਣੌਤੀਪੂਰਨ ਨਰਸਿੰਗ ਪ੍ਰੀਖਿਆਵਾਂ ਨੂੰ ਪਾਸ ਕਰਨ ਲਈ ਵਿਹਾਰਕ ਰਣਨੀਤੀਆਂ ਨਾਲ ਹਾਜ਼ਰੀਨ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਦਾ ਭਾਸ਼ਣ ਸਮਾਰਟ ਅਧਿਐਨ ਵਿਧੀਆਂ, ਪ੍ਰਭਾਵਸ਼ਾਲੀ ਸਮਾਂ ਪ੍ਰਬੰਧਨ ਅਤੇ ਮਾਨਸਿਕ ਲਚਕਤਾ ਬਣਾਉਣ 'ਤੇ ਕੇਂਦ੍ਰਿਤ ਸੀ। ਬੀ।ਐਸਸੀ। ਨਰਸਿੰਗ ਅਤੇ ਜੀ.ਐਨ.ਐਮ. ਪ੍ਰੋਗਰਾਮਾਂ ਦੇ ਵਿਦਿਆਰਥੀਆਂ ਨੇ ਸੈਸ਼ਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਇਸ ਪ੍ਰੋਗਰਾਮ ਦਾ ਤਾਲਮੇਲ ਪ੍ਰੋ. ਰਵੀਦੀਪ ਕੌਰ, ਸੁਨੈਨਾ ਸ਼ਰਮਾ, ਭੁਪਿੰਦਰ ਕੌਰ ਅਤੇ ਲਵਪ੍ਰੀਤ ਕੌਰ ਦੁਆਰਾ ਕੀਤਾ ਗਿਆ ਸੀ, ਜਿਸ ਵਿੱਚ ਸਮਰਪਿਤ ਫੈਕਲਟੀ ਟੀਮ ਦੇ ਪੂਰੇ ਸਮਰਥਨ ਨਾਲ ਸੈਸ਼ਨ ਦੀ ਸਫਲਤਾ ਨੂੰ ਯਕੀਨੀ ਬਣਾਇਆ ਗਿਆ।

## ਮਜ਼ਦੂਰਾਂ ਦਾ ਮਾਨਸਿਕ ਸੋਸ਼ਣ ਕਰਨ ਜਾ ਰਹੀ ਹੈ ਪੰਜਾਬ ਸਰਕਾਰ : ਅਰਵਿੰਦ ਖੰਨਾ

**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਸਰਕਾਰ ਦਿਹਾੜੀਦਾਰ ਮਜ਼ਦੂਰਾਂ ਦਾ ਮਾਨਸਿਕ ਸੋਸ਼ਣ ਕਰਨ ਦੀਆਂ ਯੋਜਨਾਵਾਂ 'ਤੇ ਕੰਮ



ਕਰ ਰਹੀ ਹੈ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਸ਼੍ਰੀ ਖੰਨਾ ਨੇ ਕਿਹਾ ਕਿ ਮਜ਼ਦੂਰਾਂ ਨੂੰ 12 ਘੰਟੇ ਕੰਮ ਕਰਨ ਦੀ ਹਦਾਇਤ ਦੇਣਾ ਸਰਕਾਰ ਦਾ ਫੈਸਲਾ ਬਹੁਤ ਜ਼ਿਆਦਾ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਉਦਯੋਗਪਤੀ ਲੋਕਾਂ ਦੀ ਕਠਪੁਤਲੀ ਬਣੀ ਪੰਜਾਬ ਸਰਕਾਰ ਮੁਲਾਜ਼ਮਾਂ ਦਾ ਸੋਸ਼ਣ ਕਰਨ 'ਤੇ ਉੱਤਰ ਆਈ ਹੈ।ਉਨ੍ਹਾਂ ਕਿਹਾ ਕਿ 12 ਘੰਟੇ ਡਿਊਟੀ ਕਰਨ ਉਪਰੰਤ ਵੀ ਉਸਦਾ ਰਿਕ-ਾਰਡ ਨਾ ਰੱਖਣਾ ਗਰੀਬ ਵਰਗ ਲਈ ਸ਼ਰੇਆਮ ਧੱਕਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਸੀ ਕਿ ਮਜ਼ਦੂਰੀ ਵਿੱਚ ਵਾਧਾ ਕੀਤਾ ਜਾਵੇ ਪਰ ਇੰਨ੍ਹਾਂ ਨੇ ਉਸ ਦੀ 8 ਘੰਟੇ ਵਾਲੀ ਡਿਊਟੀ 12 ਘੰਟੇ ਦੀ ਕਰ ਦਿੱਤੀ। ਉਨ੍ਹਾਂ ਕਿਹਾ ਕਿ ਸੰਵਿਧਾਨਿਕ ਸ਼ਰਤਾਂ ਮੁਤਾਬਿਕ ਕਿਸੇ ਵੀ ਮਜ਼ਦੂਰ ਤੋਂ 8 ਘੰਟੇ ਤੋਂ ਵੱਧ ਸਮੇਂ ਲਈ ਮਜ਼ਦੂਰੀ ਨਹੀਂ ਕਰਵਾਈ ਜਾ ਸਕਦੀ ਪਰ ਇਹ ਸਰਕਾਰ, ਜੋ ਖੁਦ ਨੂੰ ਆਮ ਆਦਮੀ ਦੀ ਸਰਕਾਰ ਐਲਾਣ ਰਹੀ ਹੈ , ਆਮ ਲੋਕਾਂ ਦੇ ਹਿੱਤਾਂ ਨਾਲ ਹੀ ਖਿਲਵਾੜ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮਜ਼ਦੂਰ ਜੱਥੇਬੰਦੀਆਂ ਨੇ ਲੰਬੇ ਸੰਘਰਸ਼ ਤੋਂ ਬਾਅਦ 8 ਘੰਟੇ ਡਿਊਟੀ ਦਾ ਹੱਕ ਹਾਸਲ ਕੀਤਾ ਸੀ ਪਰ ਪੰਜਾਬ ਸਰਕਾਰ ਇਸ ਅੰਤਰਰਾਸ਼ਟਰੀ ਫੈਸਲੇ ਤੋਂ ਟਾਲਾ ਵੱਟ ਕੇ ਇਹ ਨਾਦਰਸ਼ਾਹੀ ਫਰਮਾਣ ਜਾਰੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਫੈਸਲੇ ਇਹ ਸਪੱਸ਼ਟ ਕਰਦੇ ਹਨ ਕਿ ਇਹ ਕੋਈ ਆਮ ਆਦਮੀ ਪਾਰਟੀ ਦੀ ਸਰਕਾਰ ਨਹੀਂ ਹੈ ਬਲਕਿ ਉਦਯੋਗਪਤੀ ਅਤੇ ਧਨਾਡਾਂ ਦੇ ਹੱਥ ਵਿੱਚ ਖੇਡ ਰਹੀ ਖਾਸ ਸਰਕਾਰ ਹੈ।




# ਰਵਨੀਤ ਸਿੱਧੂ ਨੇ ਕਨੇਡਾ ਵਿੱਚ ਰਚਿਆ ਇਤਿਹਾਸ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**



**ਟਰਾਂਟੋ (ਕਨੇਡਾ)–** ਪਿੰਡ ਮਾਛੀਕੇ, ਜਿਲ੍ਹਾ ਮੋਗਾ ਨਾਲ ਸਬੰਧਤ, ਟਰਾਂਟੋ (ਕੈਨੇਡਾ) ਵਿੱਚ ਵੱਸਦੀ ਡਾ. ਰਵਨੀਤ ਕੌਰ ਸਿੱਧੂ, ਜੋ ਸ। ਤਰਸੇਮ ਸਿੰਘ ਸਿੱਧੂ ਦੀ ਬੇਟੀ ਹੈ, ਨੇ ਵਿਗਿਆਨਕ ਖੋਜ ਦੇ ਖੇਤਰ ਵਿੱਚ ਆਪਣੇ ਮਾਪਿਆਂ ਅਤੇ ਸਾਡੇ ਸਾਰੇ ਭਾਰਤੀ ਸਮਾਜ ਦਾ ਸਿਰ ਉੱਚਾ ਕਰ ਦਿੱਤਾ ਹੈ। Yerisina pesits (ਪਲੇਗ) ਬੈਕਟੀਰੀਆ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਘਾਤਕਤਾ ਦੇ ਪਿੱਛੇ ਲੁਕੇ ਜੀਨ–ਵਿਕਾਸ ਦੀ ਗੁੱਥੀ ਨੂੰ ਸੁਲਝਾਉਣ ਵਾਲੀ ਟੀਮ ਵਿੱਚ ਉਹ ਸਾਂਝੀ ਲੇਖਕ ਵਜੋਂ ਸ਼ਾਮਲ ਹੈ। ਅਧਿਐਨ ਦੌਰਾਨ, ਰਵਨੀਤ ਸਿਧੂ ਨੇ ਡੈਨਮ–ਾਰਕ ਤੋਂ ਮਿਲੇ ਪੁਰਾਤਨ ਡੀਐਨਏ ਸੈਂਪਲਜ਼ ਵਿੱਚ ਇਹ ਨੋਟ ਕੀਤਾ ਕਿ ਮਹਾਂਮਾਰੀ ਦੇ ਇੱਕ ਸੌ ਸਾਲ ਬਾਅਦ,Y. pestis ਦੇ ਜਨੋਮ ਵਿੱਚੋਂ pla ਨਾਂ ਦਾ ਇੱਕ ਜੀਨ ਅਚਾਨਕ ਗਾਇਬ ਹੋ ਗਿਆ। ਇਹ ਖੋਜ ਇੱਕ ਲੰਬੇ ਅਧਿਐਨ ਦੀ ਸ਼ੁਰੂਆਤ ਸੀ। ਉਹਨਾਂ ਨੇ ਹਜ਼ਾਰਾਂ ਸਾਲ ਪੁਰਾਣੀ ਡੀਐਨਏ ਦੀ ਕੜੀ–ਕੜੀ ਜੋੜ ਕੇ ਸਮਝਣ ਦੀ ਕੋਸ਼ਿਸ਼ ਕੀਤੀ ਕਿ ਇਹ ਜੀਨ ਕਿਵੇਂ ਅਤੇ ਕਿਉਂ ਗਾਇਬ ਹੋਇਆ। ਇਹ ਖੋਜ journal Science ਵਰਗੇ ਅੰਤਰਰਾਸ਼ਟਰੀ ਪੱਧਰ ਦੇ ਵਿਗਿਆਨਕ ਜਰਨਲ ਵਿੱਚ ਪ੍ਰਕਾਸ਼ਿਤ ਹੋਈ ਅਤੇ ਦੁਨੀਆ ਭਰ ਦੇ ਅਖ਼ਬਾਰਾਂ ਨੇ ਇਸ ਨੂੰ ਆਪਣੇ ਪੰਨਿਆਂ 'ਤੇ ਮਾਣ ਨਾਲ ਸਥਾਨ ਦਿੱਤਾ।



ਜਦੋਂ ਆਮ ਘਰਾਂ ਦੇ ਬੱਚੇ ਵਿਗਿਆਨ ਅਤੇ ਗਲੋਬਲ ਰਿਸਰਚ ਦੀਆਂ ਨਵੀਆਂ ਉਚਾਈਆਂ ਨੂੰ ਛੂਹਦੇ ਹਨ, ਤਾਂ ਉਹ ਸਿਰਫ ਆਪਣੇ ਪਰਿਵਾਰ ਨਹੀਂ, ਸਾਰੀ ਕੌਮ ਲਈ ਮਾਣ ਬਣਦੇ ਹਨ।

ਇਸ ਸ਼ਾਨਦਾਰ ਪ੍ਰਾਪਤੀ ਲਈ ਸਿੱਧੂ ਪਰਿਵਾਰ ਨੂੰ ਪੂਰੇ ਪੰਜਾਬੀ ਭਾਈਚਾਰੇ ਵੱਲ ਮੁਬਾਰਕਾਂ ਅਤੇ ਹੋਰ ਵਧੇਰੇ ਸਫਲਤਾਵਾਂ ਲਈ ਸ਼ੁਭਕਾਮਨਾਵਾਂ ਮਿਲ ਰਹੀਆਂ ਹਨ।

# ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵੱਲੋਂ ਫਿਲੌਰ ਦੇ ਪਿੰਡ ਨੰਗਲ ਦਾ ਦੌਰਾ

**ਫਿਲੌਰ / ਫਗਵਾੜਾ (ਬੀ. ਕੇ. ਰੱਤੂ)** ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਅੱਜ ਸਬ ਡਵੀਜ਼ਨ ਦੇ ਪਿੰਡ ਨੰਗਲ ਪਹੁੰਚ ਕੇ ਬੀਤੇ ਦਿਨੀਂ ਪਿੰਡ 'ਚ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦੇ ਬੁੱਤ ਨਾਲ ਵਾਪਰੀ ਛੇੜਛਾੜ ਦੀ ਘਟਨਾ ਵਾਲੇ ਸਥਾਨ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਨਾਲ ਹਲਕਾ ਇੰਚਾਰਜ ਪ੍ਰਿੰ. ਪ੍ਰੇਮ ਕੁਮਾਰ ਵੀ ਮੌਜੂਦ ਸਨ।



ਉਨ੍ਹਾਂ ਮੌਕੇ 'ਤੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਬਾਬਾ ਸਾਹਿਬ ਦਾ ਸਨਮਾਨ ਹਰ ਹਾਲ ਵਿੱਚ ਬਹਾਲ ਰੱਖਿਆ ਜਾਵੇਗਾ ਅਤੇ ਬੁੱਤ ਦਾ ਅਪਮਾਨ ਕਰਨ ਵਾਲਿਆਂ ਨੂੰ ਜਲਦ ਜੇਲ੍ਹ ਦੀਆਂ ਸਲਾਖਾਂ ਪਿੱਛੇ ਭੇਜਿਆ ਜਾਵੇਗਾ।

ਕਮਿਸ਼ਨ ਦੇ ਚੇਅਰਮੈਨ ਨੇ ਘਟਨਾ ਸਬੰਧੀ ਪ੍ਰਸ਼ਾਸਨਿਕ ਰਿਪੋਰਟ ਦਾ ਜਾਇਜ਼ਾ ਲੈਣ ਉਪਰੰਤ ਫਿਲੌਰ ਵਿਖੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਵੱਖ–ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਕਿਸੇ ਨੂੰ ਵੀ ਸੂਬੇ ਦੀ ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਜਿਹੜੀਆਂ ਵੀ ਵਿਦੇਸ਼ੀ ਤਾਕਤਾਂ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਵਿੱਚ ਹਨ, ਉਨ੍ਹਾਂ ਦੇ ਮਨਸੂਬੇ ਕਦੇ ਕਾਮਯਾਬ ਨਹੀਂ ਹੋਣ ਦਿੱਤੇ ਜਾਣਗੇ।

ਚੇਅਰਮੈਨ ਨੇ ਕਿਹਾ ਕਿ ਬਾਬਾ ਸਾਹਿਬ ਦੇ ਨਵ ਨਿਰਮਾਣ ਦਾ ਕੰਮ ਪ੍ਰਸ਼ਾਸਨ ਦੀ ਨਜ਼ਰਸਾਨੀ ਹੇਠ ਹੋਣਾ ਚਾਹੀਦਾ ਹੈ। ਉਨ੍ਹਾਂ ਪਿੰਡ ਦੀ ਗ੍ਰਾਮ ਸਭਾ ਦੀ ਮੀਟਿੰਗ ਬੁਲਾਉਣ ਦੀ ਵੀ ਸਿਫਾਰਿਸ਼ ਕੀਤੀ ਤਾਂ ਜੋ ਇਕਜੁੱਟਤਾ ਨਾਲ ਕੰਮ ਮੁਕੰਮਲ ਕੀਤਾ ਜਾ ਸਕੇ। ਇਸ ਤੋਂ ਇਲਾਵਾ ਉਨ੍ਹਾਂ ਅਧਿਕਾਰੀਆਂ ਨੂੰ ਬੇਲੋੜੀ ਦਖ਼ਲ ਅੰਦਾਜ਼ੀ ਕਰਨ ਵਾਲੇ ਸ਼ਰਾਰਤੀ ਅਨਸਰਾਂ ਖਿਲਾਫ਼ ਕਾਰਵਾਈ ਕਰਨ ਲਈ ਵੀ ਕਿਹਾ।

ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਬਾਬਾ ਸਾਹਿਬ ਦੇ ਬੁੱਤ ਦਾ ਅਪਮਾਨ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਦੋਸ਼ੀ ਜਲਦ ਹੀ ਕਾਨੂੰਨ ਦੀ ਗ੍ਰਿਫ਼ਤ ਵਿੱਚ ਹੋਣਗੇ।

ਇਕ ਹੋਰ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਬੁੱਤਾਂ ਦੀ ਨਜ਼ਰਸਾਨੀ ਯਕੀਨੀ ਬਣਾਉਣ ਲਈ ਵਲੰਟੀਅਰਾਂ ਦੀਆਂ ਟੀਮਾਂ ਬਣਾਉਣ ਸਬੰਧੀ ਪ੍ਰਸ਼ਾਸਨ ਨੂੰ ਸਿਫਾਰਸ਼ ਕੀਤੀ ਜਾਵੇਗੀ। ਇਸ ਤੋਂ ਇਲਾਵਾ ਬੁੱਤ ਸਥਾਪਤ ਕਰਨ ਤੋਂ ਪਹਿਲਾਂ ਸਮਰੱਥ ਅਥਾਰਟੀ ਤੋਂ ਪ੍ਰਵਾਨਗੀ ਲੈਣ ਨੂੰ ਯਕੀਨੀ ਬਣਾਉਣ ਦਾ ਮੁੱਦਾ ਵੀ ਪੰਜਾਬ ਸਰਕਾਰ ਸਾਹਮਣੇ ਰੱਖਿਆ ਜਾਵੇਗਾ। ਇਸ ਮੌਕੇ ਐਸ.ਡੀ.ਐਮ. ਫਿਲੌਰ ਪਰਲੀਨ ਕੌਰ, ਡੀ.ਐਸ.ਪੀ. ਐਸ.ਐਸ. ਬੱਲ ਆਦਿ ਵੀ ਮੌਜੂਦ ਸਨ।

# ਪੇਂਡੂ ਬੇਰੋਜ਼ਗਾਰ ਨੌਜਵਾਨਾਂ ਲਈ ਡੇਅਰੀ ਫਾਰਮਿੰਗ ਲਈ ਸਿਖਲਾਈ ਕੋਰਸ ਸ਼ੁਰੂ ਮਿਤੀ 16 ਜੂਨ ਤੋਂ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਜਿਲ੍ਹਾ ਪਠਾਨਕੋਟ ਨਾਲ ਸਬੰਧਤ ਪੇਂਡੂ ਬੇਰੋਜ਼ਗਾਰ ਨੌਜਵਾਨ ਲੜਕੇ/ਲੜਕੀਆਂ ਲਈ ਡੇਅਰੀ ਸਿਖਲਾਈ ਕੋਰਸ ਮਿਤੀ 16-06-2025 ਤੋਂ 27-06-2025 ਤੱਕ, ਵੈਟਰਨਰੀ ਪੋਲੀਕਲੀਨਿਕ ਮਨਵਾਲ, ਜਿਲ੍ਹਾ ਪਠਾਨਕੋਟ ਵਿਖੇ ਚਲਾਇਆ ਜਾ ਰਿਹਾ ਹੈ । ਇਸ ਸਬੰਧੀ ਜਾਣਕਾਰੀ ਦਿੰਦਿਆ ਸ਼੍ਰੀ ਕਸ਼ਮੀਰ ਸਿੰਘ, ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਪਠਾਨਕੋਟ ਨੇ ਦੱਸਿਆ ਕਿ ਖੇਤੀ ਵਿੱਚ ਵਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵੱਜੋਂ ਅਪਨਾਉਣ ਲਈ 2 ਹਫ਼ਤੇ ਦੀ ਡੇਅਰੀ ਸਿਖਲਾਈ ਕਰਵਾਈ ਜਾਣੀ ਹੈ । ਇਸ ਸਿਖਲਾਈ ਕੋਰਸ ਵਿੱਚ ਜਿਲ੍ਹਾ ਪਠਾਨਕੋਟ ਨਾਲ ਸਬੰਧਤ ਪੇਂਡੂ ਬੇਰੋਜ਼ਗਾਰ ਨੌਜਵਾਨ ਲੜਕੇ / ਲੜਕੀਆਂ ਜੋ ਘੱਟੋ-ਘੱਟ 5ਵੀਂ ਪਾਸ ਹੋਣ, ਉਮਰ 18 ਤੋਂ 55 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਤ ਹੋਣ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ । ਸਿਖਲਾਈ ਦੀ ਫੀਸ ਜਨਰਲ ਜਾਤੀ ਲਈ 1000/- ਰੁਪਏ ਅਤੇ ਅਨੁਸੂਚਿਤ ਜਾਤੀ ਲਈ 750/- ਰੁਪਏ ਹੈ, ਜੋ ਕਿ ਮਿਤੀ 16/06/2025 ਨੂੰ ਮੌਕੇ ਤੇ ਹੀ ਜਮ੍ਹਾ ਕਰਵਾਈ ਜਾਵੇਗੀ ਅਤੇ 2 ਹਫ਼ਤੇ ਦੀ ਸਫ਼ਲਤਾ ਪੂਰਵਕ ਸਿਖਲਾਈ ਲੈਣ ਉਪਰੰਤ ਸਿਖਿਆਰਥੀਆਂ ਨੂੰ ਵਿਭਾਗ ਵੱਲੋ ਇੱਕ ਸਰਟੀਫਿਕੇਟ ਵੀ ਦਿੱਤਾ ਜਾਵੇਗਾ, ਜਿਸ ਅਨੁਸਾਰ ਵੱਖ - ਵੱਖ ਬੈਂਕਾਂ ਤੋਂ ਡੇਅਰੀ ਕਰਜ਼ੇ ਦੀ ਸੁਵਿਧਾ ਰਾਹੀਂ 2,5,10 ਅਤੇ 20 ਦੁਧਾਰੂ ਪਸ਼ੂਆਂ ਦੇ



ਡੇਅਰੀ ਯੂਨਿਟ ਸਥਾਪਿਤ ਕਰਕੇ 25% ਜਨਰਲ ਅਤੇ 33% ਅ:ਜਾਤੀ ਲਈ ਸਬਸਿਡੀ ਪ੍ਰਾਪਤ ਕਰ ਸਕਣਗੇ । ਇਸ ਸਬੰਧੀ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਪਠਾਨਕੋਟ ਵਿਖੇ ਟ੍ਰੇਨਿੰਗ ਲੈਣ ਦੇ ਚਾਹਵਾਨ ਲੜਕੇ/ਲੜਕੀਆਂ ਆਪਣੇ ਅਸਲ ਯੋਗਤਾ ਸਰਟੀਫਿਕੇਟ, ਪਾਸਪੋਰਟ ਸਾਈਜ਼ ਫੋਟੋ, ਆਧਾਰ ਕਾਰਡ, ਪੈਨ ਕਾਰਡ ਲੈ ਕੇ ਮਿਤੀ 13/06/2025 ਤੱਕ ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਮਲਿਕਪੁਰ, ਦੂਜੀ ਮੰਜਿਲ, ਕਮਰਾ ਨੰ: 345-ਏ ਵਿਖੇ ਫਾਰਮ ਜਮ੍ਹਾ ਕਰਵਾ ਸਕਦੇ ਹਨ। ਵਧੇਰੇ ਜਾਣਕਾਰੀ ਲਈ (ਫੋਨ ਨੰ: 0186-2345454 ਜਾਂ ਮੋਬਾਇਲ ਨੰ: 98762-60243, 8284368878, 98785-28364 ਤੇ ਸੰਪਰਕ ਕਰ ਸਕਦਾ ਹੈ।


HAPPY BAZAAR

Indian, Pakistani & Fijjian Groceries

WE ARE OPEN
7 DAYS A WEEK
9:00 am to 8:30 pm

RENT DVDS & BUY CLOTHES
ENJOY YOUR DAY WITH HOPES

We sell Air Tickets

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

CALL US
Ph: (209) 478-0285
Fax: (209) 477-3206

EVERY SATURDAY & SUNDAY
SPECIAL DISCOUNT ON GROCERIES

1304 E Hammer Lane # 7 Stockton CA 95212

EMAIL : indiabazaar08@yahoo.com

## Matrimonial

USA born boy Doctor DPT (Doctor of physio therapist) born 1993, About 6 ft tall very handsome Looking for suitable match no smoking no drinking.

**Contact- 559 709 8838**


# ਅਧਿਆਪਕਾਂ ਮੰਗਾਂ ਲਈ 11 ਜੂਨ ਨੂੰ ਲੁਧਿਆਣਾ ਸ਼ਹਿਰ ਵਿੱਚ ਹੋਵੇਗਾ ਸੂਬਾਈ ਰੋਸ ਮੁਜ਼ਾਹਰਾ

**ਲੁਧਿਆਣਾ, (ਦਲਜੀਤ ਕੌਰ)** ਸਕੂਲ ਅਧਿਆਪਕਾਂ ਦੀਆਂ ਪ੍ਰਮੁੱਖ ਸੰਘਰਸ਼ੀ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਦੇ ਸਿੱਖਿਆ ਕ੍ਰਾਂਤੀ ਦੇ ਨਾਅਰੇ ਨੂੰ ਖੋਖਲਾ ਕਰਾਰ ਦਿੰਦੇ ਹੋਏ ਅਧਿਆਪਕਾਂ ਦੀਆਂ ਵਿਭਾਗੀ ਤੇ ਵਿੱਤੀ ਮੰਗਾਂ ਦਾ ਹੱਲ ਨਾ ਹੋਣ ਦੇ ਵਿਰੋਧ ਵਜੋਂ 11 ਜੂਨ ਨੂੰ ਲੁਧਿਆਣਾ ਸ਼ਹਿਰ ਵਿੱਚ ਸੂਬਾ ਪੱਧਰੀ ਰੋਸ ਮੁਜਾਹਰਾ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸੇ ਐਲਾਨ ਤਹਿਤ ਅਧਿਆਪਕ ਆਗੂਆਂ ਦੇ ਭਰਵੇਂ ਵਫ਼ਦ ਵੱਲੋਂ ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਈਟੀਟੀ 6635 ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਦੀਪਕ ਕੰਬੋਜ਼, 4161 ਮਾਸਟਰ ਕਾਡਰ ਯੂਨੀਅਨ ਦੇ ਸੂਬਾ ਆਗੂ ਬਲਕਾਰ ਮਘਾਣੀਆ ਅਤੇ 2392 ਅਧਿਆਪਕ ਯੂਨ-ਇਅਨ ਦੇ ਗੁਰਬਖਸ਼ੀਸ਼ ਸਿੰਘ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਹਿਮਾਂਸ਼ੂ ਜੈਨ ਨਾਲ ਮੁਲਾਕਾਤ ਕਰਕੇ ਮੁੱਖ ਮੰਤਰੀ ਪੰਜਾਬ ਦੇ ਨਾਂ 'ਮੰਗ ਪੱਤਰ' ਅਤੇ ਧਰਨੇ ਦਾ ਨੋਟਿਸ ਸੌਂਪਿਆ ਗਿਆ।





ਇਸ ਮੌਕੇ ਗੱਲਬਾਤ ਦੌਰਾਨ ਸੂਬਾਈ ਆਗੂਆਂ ਨਿਰਮਲ ਜੀਰਾ, ਮੁਕੇਸ਼ ਗੁਜਰਾਤੀ, ਜਸਵਿੰਦਰ ਐਤੀਆਣਾ, ਰਮਨਜੀਤ ਸੰਧੂ ਅਤੇ ਜਸਵਿੰਦਰ ਔਜਲਾ ਨੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਰਿਕਾਸਟ ਮੈਰਿਟ ਸੂਚੀਆਂ 'ਚੋਂ ਬਾਹਰ ਕੀਤੇ 3704 ਮਾਸਟਰ ਕਾਡਰ, 899 ਅੰਗਰੇਜ਼ੀ, 6635 ਈਟੀਟੀ ਦੇ ਸੈਕੜੇ ਅਧਿਆਪਕਾਂ ਦੀ ਹੁਣ ਤੱਕ ਦੀ ਨੌਕਰੀ ਅਤੇ ਭਵਿੱਖ ਪੂਰਨ ਸੁਰੱਖਿਅਤ ਕੀਤਾ ਜਾਵੇ। 3704 ਕਾਡਰ ਅਤੇ 6635 ਈਟੀਟੀ ਨੂੰ ਜਾਰੀ ਸੇਵਾਵਾਂ ਟਰਮੀਨੇਸ਼ਨ ਸੰਬੰਧੀ ਸ਼ੋ ਕਾਜ਼ ਨੋਟਿਸ ਮੁੱਢੋਂ ਰੱਦ ਕੀਤੇ ਜਾਣ। ਇਸੇ ਤਰ੍ਹਾਂ 6635 ਈਟੀਟੀ, 4161 ਤੇ 2392 ਮਾਸਟਰ, ਪੱਖਪਾਤੀ ਸਟੇਸ਼ਨ ਚੋਣ ਨੀਤੀ ਦਾ ਸ਼ਿਕਾਰ ਈਟੀਟੀ ਤੋਂ ਮਾਸਟਰ ਅਤੇ ਮਾਸਟਰ ਤੋਂ ਲੈਕਚਰਾਰ ਪ੍ਰੋਮੋਟਡ ਅਧਿਆਪਕਾਂ ਅਤੇ ਛੋਟ ਪ੍ਰਾਪਤ ਕੈਟੇਗਰੀਆਂ ਲਈ ਬਿਨਾਂ ਸ਼ਰਤ ਬਦਲੀ ਦਾ ਵਿਸ਼ੇਸ਼ ਮੌਕਾ ਦਿੱਤਾ ਜਾਵੇ ਅਤੇ 'ਆਮ ਬਦਲੀਆਂ-2025' ਦੀ ਪ੍ਰੀਕਿਰਿਆ ਫੌਰੀ ਸ਼ੁਰੂ ਕੀਤੀ ਜਾਵੇ। ਈਟੀਟੀ ਤੋਂ ਲੈ ਕੇ ਪ੍ਰਿੰਸੀਪਲ ਤੱਕ ਦੇ ਸਾਰੇ ਟੀਚਿੰਗ ਅਤੇ ਨਾਨ-ਟੀਚਿੰਗ ਕਾਡਰਾਂ ਦੀਆਂ ਸਾਰੀਆਂ ਪੈਂਡਿੰਗ ਤਰੱਕੀਆਂ 75% ਤਰੱਕੀ ਕੋਟੇ ਅਨੁਸਾਰ ਬਿਨਾਂ ਕਿਸੇ ਪੱਖਪਾਤ ਸਾਰੇ ਖਾਲੀ ਸਟੇਸ਼ਨ ਪੇਸ਼ ਕਰਕੇ ਮੁਕ-ਮਲ ਕੀਤੀਆਂ ਜਾਣ। ਕੰਪਿਊਟਰ ਅਧਿਆਪਕਾਂ, ਮੈਰੀ-ਟੋਰੀਅਸ ਅਧਿਆਪਕਾਂ, ਐਸੋਸੀਏਟ ਅਧਿਆਪਕਾਂ, ਸਮੂਹ ਕੱਚੇ ਅਧਿਆਪਕਾਂ ਅਤੇ ਸਮੱਗਰਾ ਅਧੀਨ ਨਾਨ ਟੀਚਿੰਗ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕੀਤਾ ਜਾਵੇ। 5178 ਅਧਿਆਪਕਾਂ ਨੂੰ ਪਰਖ ਸਮੇਂ ਵਿੱਚ ਪੂਰੇ ਤਨਖਾਹ ਸਕੇਲ ਅਨੁਸਾਰ ਬਕਾਏ ਦੇਣ ਦੇ ਅਦਾਲਤੀ ਫੈਸਲੇ ਨੂੰ ਜਨਰਲਾਇਜ਼ ਕਰਨ ਦਾ ਫੈਸਲਾ ਹਕੀਕੀ ਰੂਪ ਵਿੱਚ ਲਾਗੂ ਕੀਤਾ ਜਾਵੇ। ਸਾਥੀ ਨਰਿੰਦਰ ਭੰਡਾਰੀ ਦੀ ਟਰਮੀਨੇਸ਼ਨ ਤਜਵੀਜ ਰੱਦ ਕਰਕੇ ਸੇਵਾਵਾਂ ਕਨਫਰਮ ਕੀਤੀਆਂ ਜਾਣ ਅਤੇ .ਡੀ.ਐੱਲ ਅਧਿਆਪਕਾਂ ਦੇ ਪੈਂਡਿੰਗ ਰੈਗੂਲਰ ਆਰਡਰ ਜਾਰੀ ਕੀਤੇ ਜਾਣ। ਡਾ। ਰਵਿੰਦਰ ਕੰਬੋਜ਼ ਦਾ ਟਰਮੀਨੇਸ਼ਨ ਆਰਡਰ ਰੱਦ ਕਰਨ ਦਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਫੈਸਲਾ ਲਾਗੂ ਕਰਕੇ ਪੈਂਡਿੰਗ ਰੈਗੂਲਰ ਪੱਤਰ ਜਾਰੀ ਕੀਤਾ ਜਾਵੇ।

ਡੀਐੱਲ ਅਧਿਆਪਕਾਂ ਨੂੰ ਰੈਗੂਲਰ ਦੀ ਮਿਤੀ ਅਨੁਸਾਰ ਤਨਖ਼ਾਹ ਬਕਾਏ ਦੇਣ ਦਾ ਅਦਾਲਤੀ ਫੈਸਲਾ ਲਾਗੂ ਕੀਤਾ ਜਾਵੇ। ਪ੍ਰਿੰਸੀਪਲ, ਬੀਪੀਈਓ ਅਤੇ ਹੈਡਮਾਸਟਰਜ਼ ਦੀ ਸਿੱਧੀ ਭਰਤੀ ਰੱਦ ਕਰਨ ਦਾ ਫੈਸਲਾ ਵਾਪਿਸ ਲੈ ਕੇ 25% ਕੋਟੇ ਅਨੁਸਾਰ ਮੁਕੰਮਲ ਕੀਤੀ ਜਾਵੇ। ਮਿਤੀ 17-07-2020 ਤੋਂ ਬਾਅਦ ਲਾਗੂ ਕੀਤੇ ਨਵੇਂ ਸਕੇਲ ਰੱਦ ਕਰਕੇ ਪੰਜਾਬ ਤਨਖ਼ਾਹ ਸਕੇਲ ਬਹਾਲ ਕਰਨ ਅਤੇ ਪਰਖ ਸਮੇਂ ਦੌਰਾਨ ਪੂਰੇ ਤਨਖ਼ਾਹ ਸਕੇਲ ਦੇਣ ਸਬੰਧੀ ਆਏ ਅਦਾਲਤੀ ਫੈਸਲੇ ਲਾਗੂ ਕੀਤੇ ਜਾਣ। ਪੁਰਾਣੀ ਪੈਨਸ਼ਨ, ਕੱਟੇ ਗਏ ਸਾਰੇ ਭੱਤੇ ਸਮੇਤ ਪੇਂਡੂ ਤੇ ਬਾਰਡਰ ਇਲਾਕਾ ਭੱਤੇ ਅਤੇ ਸਲਾਨਾ ਪ੍ਰਵੀਨਤਾ ਸਕੀਮ (ਏ.ਸੀ.ਪੀ.) ਬਹਾਲ ਕੀਤੇ ਜਾਣ ਅਤੇ ਮੁਲਾਜ਼ਮਾਂ ਦਾ ਪੈਂਡਿੰਗ 13% ਡੀ.ਏ. ਜਾਰੀ ਕੀਤਾ ਜਾਵੇ। ਪੀਟੀਆਈ ਅਤੇ ਆਰਟ ਕਰਾਫਟ ਅਧਿਆਪਕਾਂ ਦੇ ਤਨਖ਼ਾਹ ਗ੍ਰੇਡ ਘਟਾਉਣ ਦਾ ਫੈਸਲਾ ਮੁੱਢੋਂ ਰੱਦ ਕੀਤਾ ਜਾਵੇ। 10 ਸਾਲ ਦੀ ਸੇਵਾ ਪੂਰੀ ਕਰ ਚੁੱਕੇ 125 ਵਲੰਟੀਅਰ ਟੀਚਰਜ਼ ਨੂੰ ਐਸੋਸੀਏਟ ਟੀਚਰ ਦਾ ਦਰਜਾ ਦਿੱਤਾ ਜਾਵੇ। 3582 ਮਾਸਟਰ ਕਾਡਰ ਨੂੰ ਟ੍ਰੇਨਿੰਗ ਲੱਗਣ ਦੀ ਮਿਤੀ ਤੋਂ ਸਾਰੇ ਲਾਭ ਮਿਲਣੇ ਯਕੀਨੀ ਬਣਾਏ ਜਾਣ। 5994 ਈਟੀਟੀ (ਬੈਕਲਾਗ) ਅਤੇ 2364 ਭਰਤੀਆਂ ਵਿੱਚੋਂ ਰਹਿੰਦੇ ਨਿਯੁਕਤੀ ਪੱਤਰ ਜਾਰੀ ਕੀਤੇ ਜਾਣ। ਪੁਰਸ਼ ਅਧਿਆਪਕਾਂ ਨੂੰ ਅਚਨਚੇਤ ਛੁੱਟੀਆਂ ਵਿੱਚ ਵਾਧੇ ਲਈ ਠੇਕਾ ਅਧਾਰਿਤ ਨੌਕਰੀ ਨੂੰ ਵੀਂ ਯੋਗ ਮੰਨਿਆ ਜਾਵੇ।

ਇਸ ਮੌਕੇ ਦਲਜੀਤ ਸਫ਼ੀਪੁਰ, ਇਕਬਾਲ ਸਿੰਘ, ਹਰਵਿੰਦਰ ਰੱਖੜਾ, ਲਵੀ ਢੀਂਗੀ, ਦੇਸ ਰਾਜ, ਨਮਨ ਗਰਗ, ਜੰਗਪਾਲ ਸਿੰਘ ਰਾਏਕੋਟ, ਬਲਬੀਰ ਬਾਸੀ, ਬਲਜਿੰਦਰ ਰਾਏਕੋਟ, ਸੁਖਵਿੰਦਰ ਲੀਲ ਡੀ.ਐਮ.ਐੱਫ., ਜੋਸ਼ੀਲ ਤਿਵਾੜੀ, ਅਮਨਦੀਪ ਵਰਮਾ, ਬਲਜਿੰਦਰ ਸਿੰਘ, ਸੁਰਿੰਦਰ ਪਾਲ ਇਆਲੀ, ਜਸਵੀਰ ਸੰਧੂ, ਅਮਰੀਕ ਸਿੰਘ, ਦਿਲਬਾਗ ਮੰਡਵੀਂ, ਜਗਦੀਪ ਸਿੰਘ, ਦਲਜੀਤ ਕੌਰ, ਗੁਰਬੀਰ ਸਿੰਘ, ਮੈਡਮ ਹਿਨਾ, ਪ੍ਰਵੀਨ ਸ਼ਰਮਾ, ਕੁਲਜੀਤ ਸਿੰਘ, ਪੂਨਮ ਰਾਣੀ ਅਤੇ ਵਰੁਣ ਕੁਮਾਰ ਆਦਿ ਹਾਜ਼ਰ ਰਹੇ।

# ਕੈਲੀਫੋਰਨੀਆ ਵਿਚ ਝੜਪਾਂ ਤੇ ਤਣਾਅ ਦਰਮਿਆਨ ਨੌ ਸੈਨਿਕ ਭੇਜਣ ਦੀ ਤਿਆਰੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਲਾਸ ਏਂਜਲਸ ਵਿਚ ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਨੂੰ ਲੈ ਕੇ ਤਨਾਅ ਤੇ ਝੜਪਾਂ ਦਰਮਿਆਨ ਸੰਘੀ ਅਧਿਕਾਰੀਆਂ ਵੱਲੋਂ 700 ਨੌ ਸੈਨਿਕ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ ਜੋ ਸ਼ਾਂਤੀ ਕਾਇਮ ਕਰਨ ਲਈ ਨੈਸ਼ਨਲ ਗਾਰਡਾਂ ਦੀ ਮੱਦਦ ਕਰਨਗੇ ਦੂਸਰੇ ਪਾਸੇ ਰਾਜ ਦੇ ਅਧਿਕਾਰੀਆਂ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਵੱਲੋਂ ਗਵਰਨਰ ਗੈਵਿਨ ਨਿਊਸੋਮ ਦੀ ਅਥਾਰਿਟੀ ਨੂੰ ਕੁਚਲ ਦਿੱਤਾ ਗਿਆ ਹੈ ਜਿਸ ਨੂੰ ਉਹ ਅਦਾਲਤ ਵਿਚ ਚੁਣੌਤੀ ਦੇਣਗੇ। ਨਿਊਸੋਮ ਨੇ ਨੌ ਸੈਨਿਕ ਭੇਜਣ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਅਮੀਰੀਕ ਨੌ ਸੈਨਿਕਾਂ ਨੇ ਲੋਕਤੰਤਰ ਦੀ ਰਾਖੀ ਲਈ ਬਹੁਤ ਵਾਰ ਲੜਾਈਆਂ ਲੜੀਆਂ ਹਨ, ਉਹ ਸਾਡੇ ਹੀਰੋ ਹਨ, ਉਨਾਂ ਨੂੰ ਆਪਣੇ ਦੇਸ਼ ਦੀ ਧਰਤੀ ਉਪਰ ਤਾਇਨਾਤ ਨਾ ਕੀਤਾ ਜਾਵੇ ਜਿਥੇ ਉਨਾਂ ਨੂੰ ਇਕ ਉਲਝੇ ਹੋਏ ਤਾਨਾਸ਼ਾਹ ਰਾਸ਼ਟਰਪਤੀ ਦੀ ਇੱਛਾ ਪੂਰੀ ਕਰਨ ਲਈ ਆਪਣੇ ਹੀ ਦੇਸ਼ ਦੇ ਨਾਗਿਰਕਾਂ ਨਾਲ ਲੜਨਾ ਪਵੇਗਾ। ਰੱਖਿਆ ਸਕੱਤਰ ਪੇਟੇ ਹੈਗਸੇਠ ਨੇ ਕਿਹਾ ਹੈ ਕਿ ਸੰਘੀ ਲਾਅ ਇਨਫੋਰਸਮੈਂਟ ਅਫਸਰਾਂ ਤੇ ਸੰਘੀ ਇਮਾਰਤਾਂ ਨੂੰ ਵਧੇ ਖਤਰੇ ਦੇ ਮੱਦੇਨਜਰ 700 ਦੇ ਕਰੀਬ ਨੌ ਸੈਨਿਕ ਲਾਸ ਏਂਜਲਸ ਵਿਚ ਤਾਇਨਾਤ ਕੀਤੇ ਜਾ ਰਹੇ ਹਨ। ਉਨਾਂ ਕਿਹਾ ਕਿ ਲਾਅ ਇਨਫੋਰਸਮੈਂਟ ਅਫਸਰਾਂ ਦੀ ਸਹਾਇਤਾ ਕਰਨਾ ਸਾਡੀ ਜਿੰਮੇਵਾਰੀ ਹੈ ਪਰੰਤੂ ਗੈਵਿਨ ਨਿਊਸੋਮ ਅਜਿਹਾ ਨਹੀਂ ਚਹੁੰਦੇ। ਇਸੇ ਦੌਰਾਨ ਟਰੰਪ ਨੇ ਸੋਸ਼ਲ ਮੀਡੀਆ ਉਪਰ ਲਿੱਖਿਆ ਹੈ। ਲਾਸ ਏਂਜਲਸ ਨੂੰ ਪਰਵਾਸੀਆਂ ਦੇ ਹਮਲੇ ਤੋਂ ਆਜ਼ਾਦ ਕਰਵਾ ਤੇ ਪ੍ਰਵਾਸੀਆਂ ਦੇ ਦੰਗਿਆਂ ਨੂੰ ਰੋਕੋ। ਕਾਨੂੰਨ ਵਿਵਸਥਾ ਬਹਾਲ ਕਰ ਦਿੱਤੀ ਜਾਵੇਗੀ ਤੇ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਕੱਢ ਦਿੱਤਾ ਜਾਵੇਗਾ।


## Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਪੰਜਾਬ ਸਰਕਾਰ ਦੀ ਪਹਿਲ ਨਾਲ ਧੀਆਂ ਨੂੰ ਮਿਲੀ ਨਵੀਂ ਉਡਾਨ - ਕਰਮਜੀਤ ਕੌਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਧੀਆਂ ਨੂੰ ਹੋਰ ਸਸ਼ਕਤ, ਸਵੈ-ਨਿਰਭਰ ਅਤੇ ਆਤਮ-ਵਿਸ਼ਵਾਸੀ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਤਹਿਤ ਇਕ ਹੋਰ ਮਹੱਤਵਪੂਰਨ ਪ੍ਰਾਪਤੀ ਹੋਈ ਹੈ ਐਸ.ਏ.ਐਸ ਨਗਰ (ਮੁਹਾਲੀ) ਸਥਿਤ 'ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼' ਦੀਆਂ ਚਾਰ ਹੋਣਹਾਰ ਕੈਡਿਟਸ ਦੇਸ਼ ਦੀ ਵੱਕਾਰੀ ਪ੍ਰੀ-ਕਮਿਸ਼ਨ ਡਿਫੈਂਸ ਟ੍ਰੇਨਿੰਗ ਅਕੈਡਮੀਆਂ ਵਿਚ ਚੁਣੀਆਂ ਗਈਆਂ ਹਨ।




ਇਹ ਚਾਰੇ ਕੈਡਿਟਸ ਹੁਣ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ), ਏਅਰ ਫੋਰਸ ਅਕੈਡਮੀ, ਇੰਡੀਅਨ ਨੇਵਲ ਅਕੈਡਮੀ ਅਤੇ ਆਫੀਸਰਜ਼ ਟ੍ਰੇਨਿੰਗ ਅਕੈਡਮੀ ਵਿਚ ਸ਼ਾਮਲ ਹੋਣਗੀਆਂ। ਕਰਮਜੀਤ ਕੌਰ ਨੇ ਇਸ ਮਾਣਮੱਤੀ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਨਾ ਸਿਰਫ਼ ਮਾਈ ਭਾਗੋ ਸੰਸਥਾਨ ਲਈ, ਸਗੋਂ ਪੂਰੇ ਪੰਜਾਬ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੀਆਂ ਧੀਆਂ ਨੂੰ ਹਰੇਕ ਖੇਤਰ ਵਿਚ ਅੱਗੇ ਵਧਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ, ਖਾਸ ਕਰਕੇ ਰੱਖਿਆ ਅਤੇ ਪ੍ਰਸ਼ਾਸਨਿਕ ਸੇਵਾਵਾਂ ਵਿਚ ਉਨ੍ਹਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ। ਉਨ੍ਹਾਂ ਇਹ ਵੀ ਕਿਹਾ ਕਿ ਮਾਈ ਭਾਗੋ ਇੰਸਟੀਚਿਊਟ ਦੀ ਸਥਾਪਨਾ ਦਾ ਮੁੱਖ ਉਦੇਸ਼ ਸੂਬੇ ਦੀਆਂ ਧੀਆਂ ਨੂੰ ਫ਼ੌਜੀ ਸੇਵਾਵਾਂ ਵਿਚ ਦਾਖ਼ਲੇ ਲਈ ਸਹੀ ਮਾਰਗਦਰਸ਼ਨ ਅਤੇ ਮਿਆਰੀ ਸਿਖਲਾਈ ਪ੍ਰਦਾਨ ਕਰਨਾ ਹੈ। ਚਾਰ ਚੁਣੀਆਂ ਗਈਆਂ ਕੈਡਿਟਾਂ ਨੂੰ ਵਧਾਈ ਦਿੰਦਿਆਂ ਚੇਅਰਪਰਸਨ ਨੇ ਕਿਹਾ ਕਿ ਇਹ ਧੀਆਂ ਆਉਣ ਵਾਲੇ ਸਮੇਂ ਵਿਚ ਪੰਜਾਬ ਦੀਆਂ ਹੋਰ ਧੀਆਂ ਲਈ ਪ੍ਰੇਰਨਾ ਸਰੋਤ ਬਣਨਗੀਆਂ। ਉਨ੍ਹਾਂ ਸੰਸਥਾ ਦੇ ਟ੍ਰੇਨਰਾਂ ਅਤੇ ਸਟਾਫ ਦੀ ਵੀ ਪ੍ਰਸ਼ੰਸਾ ਕੀਤੀ, ਜਿਨ੍ਹਾਂ ਨੇ ਕੈਡਿਟਾਂ ਨੂੰ ਇਸ ਮੀਲ ਪੱਥਰ ਤੱਕ ਪਹੁੰਚਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਕਰਮਜੀਤ ਕੌਰ ਨੇ ਕਿਹਾ ਕਿ ਸੂਬਾ ਸਰਕਾਰ ਅਜਿਹੀਆਂ ਹੋਰ ਸੰਸਥਾਵਾਂ ਨੂੰ ਮਜ਼ਬੂਤ ਕਰਨ ਅਤੇ ਧੀਆਂ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਨਿਊਜ਼ੀਲੈਂਡ ਦੇ ਦੱਖਣੀ ਟਾਪੂ ਵਿਚ ਭਾਰੀ ਬਰਫਬਾਰੀ-ਤਾਪਮਾਨ ਜ਼ੀਰੋ ਤੋਂ ਥੱਲੇ ਡਿਗਿਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਵਿਚ ਸਰਦੀਆਂ ਦਾ ਮੌਸਮ ਜੂਨ ਤੋਂ ਅਗਸਤ ਤੱਕ ਹੁੰਦਾ ਹੈ ਅਤੇ ਇਸਦਾ ਸਭ ਤੋਂ ਜਿਆਦਾ ਪ੍ਰਭਾਵ ਪਹਿਲਾਂ ਦੱਖਣੀ ਟਾਪੂ ਉਤੇ ਪੈਂਦਾ ਹੈ। ਇਹ ਟਾਪੂ ਨਿਊਜ਼ੀਲੈਂਡ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਸੁੰਦਰ ਟਾਪੂ ਹੈ। ਇਹ ਅੰਟਾਰਕਟਿਕਾ ਦੀ ਬਰਫ ਦੀ ਸਤਹ ਤੋਂ ਇਨਵਰਕਾਰਗਿਲ 5000 ਕਿਲੋਮੀਟਰ ਦੂਰ ਹੈ ਜਿਸ ਕਰਕੇ ਇਥੇ ਸਭ ਤੋਂ ਪਹਿਲਾਂ ਬਰਫਬਾਰੀ ਪੈ ਜਾਂਦੀ ਹੈ। ਅੱਜ 2025 ਦੀਆਂ ਸਰਦੀਆਂ ਦੀ ਪਹਿਲੀ ਬਰਫਬਾਰੀ ਪੈਣੀ ਸ਼ੁਰੂ ਹੋ ਗਈ ਹੈ, ਜਿਸ ਦਾ ਪ੍ਰਭਾਵ ਉਤਰੀ ਟਾਪੂ ਵਿਖੇ ਵੀ ਦੇਖਣ ਨੂੰ ਮਿਲਿਆ। ਦੱਖਣੀ ਆਈਲੈਂਡ ਵਿੱਚ ਕੁਝ ਥਾਵਾਂ ’ਤੇ ਤਾਪਮਾਨ ਜ਼ੀਰੋ ਤੋਂ ਹੇਠਾਂ ਆ ਗਿਆ ਹੈ। ਸੜਕਾਂ ’ਤੇ ਬਰਫ਼ਬਾਰੀ ਅਤੇ ਤੱਟਵਰਤੀ ਲਹਿਰਾਂ ਲਈ ਕਈ ਚੇਤਾਵਨੀਆਂ ਜਾਰੀ ਕੀਤੀਆਂ ਗਈਆਂ ਹਨ। ਬਹੁਤ ਸਾਰੀਆਂ ਸੜਕਾਂ ਰਾਤ ਦੇ ਲਈ ਬੰਦ ਕਰ ਦਿੱਤੀਆਂ ਗਈਆਂ ਹਨ। ਇਹ ਇਸ ਲਈ ਹੈ ਕਿਉਂਕਿ ਰਾਤ ਨੂੰ ਹੋਰ ਬਰਫ਼ਬਾਰੀ ਹੋਣ ਦੀ ਉਮੀਦ ਹੈ ਅਤੇ ਇਸ ਨਾਲ ਬਰਫ਼ ਪਿਘਲਣ ਅਤੇ ਠੰਢ ਦੇ ਤਾਪਮਾਨ ਦੇ ਨਾਲ ਮਿਲ ਕੇ ਅੱਜ ਰਾਤ ਬਹੁਤ ਜ਼ਿਆਦਾ ਬਰਫ਼ੀਲੀਆਂ ਸੜਕਾਂ ਹੋਣ ਦੀ ਸੰਭਾਵਨਾ ਹੈ। ਮੌਸਮ ਮਹਿਕੇ ਨੇ ਕਿਹਾ ਹੈ ਕਿ 500 ਮੀਟਰ ਦੀ ਉਚਾਈ ਤੋਂ ਉੱਪਰ 15-25 ਸੈਂਟੀਮੀਟਰ ਬਰਫ਼ ਜਮ੍ਹਾਂ ਹੋ ਸਕਦੀ ਹੈ, ਜਿਸਦਾ ਅਰਥ ਹੈ ਕਿ ਯਾਤਰਾ ਵਿੱਚ ਵਿਘਨ ਪੈ ਸਕਦਾ ਹੈ ਅਤੇ ਰੁੱਖਾਂ ਅਤੇ ਬਿਜਲੀ ਦੀਆਂ ਤਾਰਾਂ ਨੂੰ ਨੁਕਸਾਨ




ਹੋ ਸਕਦਾ ਹੈ। ਮਾਊਂਟ ਹੱਟ ਤੋਂ ਮਿਲੀ ਫੁਟੇਜ ਵਿੱਚ ਪਹਾੜ ਉੱਤੇ 90 ਸੈਂਟੀਮੀਟਰ ਬਰਫ਼ ਦਾ ਢੇਰ ਦਿਖਾਈ ਦੇ ਰਿਹਾ ਹੈ। ਮਾਊਂਟ ਹੱਟ ਨੇ 90 ਸੈਂਟੀਮੀਟਰ ਦੀ ਵੱਡੀ ਉਚਾਈ ਹਾਸਲ ਕੀਤੀ, ਜਦੋਂ ਕਿ ਦ ਰਿਮਾਰਕੇਬਲਜ਼ ਅਤੇ ਕੋਰੋਨੇਟ ਪੀਕ ਹਰੇਕ ਨੇ ਲਗਭਗ 15 ਸੈਂਟੀਮੀਟਰ ਦੀ ਉਚਾਈ ਹਾਸਲ ਕੀਤੀ।

ਸੋ ਸਰਦੀਆਂ ਦੀ ਸ਼ੁਰੂਆਤ ਦੇ ਵਿਚ ਹੋਈ ਬਰਫਬਾਰੀ ਦੇ ਲਈ ਇਹੀ ਕਿਹਾ ਜਾ ਸਕਦਾ ਹੈ ਕਿ ਸਾਊਥ ਆਈਲੈਂਡ ਆਈਸਲੈਂਡ ਬਣ ਗਿਆ ਹੈ ਅਤੇ ਸਥਾਨਕ ਲੋਕਾਂ ਦੇ ਲਈ ਇਹ ਵੰਡਰਲੈਂਡ ਦੇ ਕੰਮ ਕਰੇਗਾ। ਕਵੀਨਸਟਾਊਨ, ਵਾਨਾਕਾ ਅਤੇ ਮਾਊਂਟ ਹੱਟ ਵਰਗੀਆਂ ਥਾਵਾਂ ਸਕੀਇੰਗ ਅਤੇ ਸਨੋਬੋਰਡਿੰਗ ਲਈ ਮਸ਼ਹੂਰ ਹਨ ਅਤੇ ਇਥੇ ਸੈਰ ਸਪਾਟਾ ਕਰਨ ਵਾਲਿਆਂ ਦੀ ਲਾਈਨਾਂ ਲੱਗ ਜਾਣੀਆਂ ਹਨ। ਸਰਦੀਆਂ ਦੇ ਵਿਚ ਲੋਕ ਇਥੇ ਦੇਸ਼-ਵਿਦੇਸ਼ ਤੋਂ ਸੈਰ ਕਰਨ ਆਉਂਦੇ ਅਤੇ ਬਹੁਤ ਸਾਰੀਆਂ ਫਿਲਮਾਂ ਦੀ ਸ਼ੂਟਿੰਗ ਇਥੇ ਹੁੰਦੀ ਹੈ। ਹਿੰਦੀ ਫਿਲਮਾਂ: ‘ਕਹੋ ਨਾ ਪਿਆਰ ਹੈ’ - ਰਿਤਿਕ ਰੋਸ਼ਨ ਅਤੇ ਅਮੀਸ਼ਾ ਪਟੇਲ ਵਾਲੇ ਕੁਝ ਦ੍ਰਿਸ਼, ‘ਮੈਂ ਪ੍ਰੇਮ ਕੀ ਦੀਵਾਨੀ ਹੂੰ’ ਰਿਤਿਕ ਰੋਸ਼ਨ, ਕਰੀਨਾ ਕਪੂਰ ਅਤੇ ਅਭਿਸ਼ੇਕ ਬੱਚਨ ਵਾਲੀ ਇਸ ਫਿਲਮ ਦੇ ਕੁਝ ਦ੍ਰਿਸ਼ ਕੁਈਨਜ਼ਟਾਊਨ ਵਿੱਚ ਫਿਲਮਾਏ ਗਏ ਸਨ। ਸੋਨਮ ਕਪੂਰ ਦੀ ਫਿਲਮ ‘ ਆਈ ਹੇਟ ਲਵ ਸਟੋਰੀਜ਼’ ਵੀ ਇਥੇ ਫਿਲਮਾਈ ਗਈ ਸੀ। ਅੰਗਰੇਜ਼ੀ ਫ਼ਿਲਮਾਂ: ‘ਐਕਸ-ਮੈਨ ਰੀਜਿਨਸ: ਵੁਲਵਰਾਈਨ’ - ਹਿਊ ਜੈਕਮੈਨ ਦੀ ਐਕਸ਼ਨ-ਪੈਕਡ ਫ਼ਿਲਮ ਦੇ ਦ੍ਰਿਸ਼ ਕਵੀਂਸਟਾਊਨ ਦੇ ਡੀਅਰ ਪਾਰਕ ਹਾਈਟਸ ਵਿੱਚ ਸ਼ੂਟ ਕੀਤੇ ਗਏ ਸਨ। ‘ਵਰਟੀਕਲ ਲਿਮਿਟ’ - ਇਸ ਹਾਲੀਵੁੱਡ ਥ੍ਰਿਲਰ ਨੇ ਹਿਮਾਲਿਆ ਦੀ ਨਕਲ ਕਰਨ ਲਈ ਮਾਊਂਟ ਕੁੱਕ ਅਤੇ ਕਵੀਂ-ਸਟਾਊਨ ਦੇ ਬਰਫੀਲੇ ਲੈਂਡਸਕੇਪਾਂ ਦੀ ਵਰਤੋਂ ਕੀਤੀ।

# ਅਰਦਾਸ ਕਰਨ ਲਈ ਸੱਦੇ ਸਿੱਖ ਗਰੰਥੀ ਨੂੰ ਮੁਸਲਮਾਨ ਸਮਝ ਕੇ ਸਾਂਸਦ ਮਿਲਰ ਨੇ ਕੀਤਾ ਵਿਰੋਧ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸਾਂਸਦ ਮੈਰੀ ਮਿਲਰ ਵੱਲੋਂ ਇਕ ਸਿੱਖ ਗਰੰਥੀ ਜਿਸ ਨੂੰ ਹਾਲ ਹੀ ਵਿਚ ਕਾਂਗਰਸ ਸਦਨ ਵਿਚ ਅਰਦਾਸ ਕਰਨ ਲਈ ਸੱਦਿਆ ਗਿਆ ਸੀ, ਨੂੰ ਮੁਸਲਮਾਨ ਸਮਝ ਕੇ ਉਸ ਦਾ ਵਿਰੋਧ ਕੀਤਾ ਗਿਆ। ਮੈਰੀ ਮਿਲਰ ਨੇ ਪਾਈ ਇਕ ਪੋਸਟ ਵਿਚ ਲਿਖਿਆ ਕਿ ਅਮਰੀਕੀ ਸੰਸਦ ਵਿਚ ਇਕ ਮੌਲਵੀ ਦਾ ਕੀ ਕੰਮ ਹੈ ਮੈ ਇਸ ਦੀ ਨਿੰਦਾ ਕਰਦੀ ਹਾਂ। ਇਸ ਪੋਸਟ ਤੋਂ ਬਾਅਦ ਰਿਪਬਲੀਕਨ ਤੇ ਡੈਮੋਕਰੈਟਿਕ ਸੰਸਦ ਮੈਂਬਰਾਂ ਨੇ ਮਿਲਰ ਦੀ ਰਜ ਕੇ ਨਿੰਦਾ ਕੀਤੀ ਜਿਸ ਤੋਂ ਬਾਅਦ ਮਿਲਰ ਨੇ ਪਹਿਲਾਂ ਪੋਸਟ ਵਿਚ ਮੁਸਲਮਾਨ ਦੀ ਜਗਾ ਸਿੱਖ ਸ਼ਬਦ ਲਿੱਖ ਦਿੱਤਾ ਤੇ ਬਾਅਦ ਵਿਚ ਪੂਰੀ ਪੋਸਟ ਹਟਾ ਦਿੱਤੀ।



ਦੱਖਣੀ ਨਿਊ ਜਰਸੀ ਤੋਂ ਗਿਆਨੀ ਸਿੰਘ ਗਰੰਥੀ ਨੂੰ ਸਦਨ ਦੇ ਸੈਸ਼ਨ ਦੀ ਸ਼ੁਰੂਆਤ ਕਰਨ ਲਈ ਅਰਦਾਸ ਕਰਨ ਵਾਸਤੇ ਸੱਦਿਆ ਗਿਆ ਸੀ। ਅਰਦਾਸ ਤੋਂ ਬਾਅਦ ਮਿਲਰ ਨੇ ਐਕਸ ਉਪਰ ਲਿੱਖਿਆ ਬਹੁਤ ਪ੍ਰੇਸ਼ਾਨ ਕਰਨ ਵਾਲੀ ਗੱਲ ਹੈ ਕਿ ਅੱਜ ਸਵੇਰੇ ਇਕ ਮੁਸਲਮਾਨ ਨੂੰ ਪ੍ਰਤੀਨਿੱਧ ਸਦਨ ਵਿਚ ਪ੍ਰਾਰਥਨਾ ਕਰਨ ਦੀ ਇਜਾਜ਼ਤ ਦਿੱਤੀ ਗਈ। ਮਿਲਰ ਦੇ ਦਫਤਰ ਨੇ ਇਸ ਬਾਰੇ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਹੈ। ਪ੍ਰਤੀਨਿੱਧ ਜੈਫ ਵੈਨ ਡਰੀਊ ਜਿਸ ਨੇ ਗਿਆਨੀ ਸਿੰਘ ਨੂੰ ਅਰਦਾਸ ਲਈ ਸੱਦਿਆ ਸੀ, ਨੇ ਮਿਲਰ ਦੀ ਪੋਸਟ ਦਾ ਜਬਰਦਸਤ ਵਿਰੋਧ ਕਰਦੇ ਹੋਏ ਕਿਹਾ ਕਿ ਇਕ ਕੈਥੋਲਿਕ ਹੋਣ ਵਜੋਂ ਮੈ ਆਪਣੇ ਵਿਸ਼ਵਾਸ਼ ਨੂੰ ਗੰਭੀਰਤਾ ਨਾਲ ਲੈਂਦਾ ਹਾਂ ਪਰੰਤੂ ਇਕ ਅਮਰੀਕੀ ਨਾਗਰਿਕ ਹੋਣ ਦੇ ਨਾਤੇ ਦੂਸਰੇ ਧਰਮਾਂ ਦਾ ਵੀ ਸਤਿਕਾਰ ਕਰਦਾ ਹਾਂ।



# ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕੀਤਾ ਮੁੜ ਵਸੇਬਾ ਕੇਂਦਰ ਦਾ ਦੌਰਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅੱਜ ਆਪਣੇ ਹੁਸ਼ਿਆਰਪੁਰ ਦੌਰੇ ਦੌਰਾਨ ਫਤਿਹਗੜ੍ਹ ਵਿਖੇ ਮੁੜ ਵਸੇਬਾ ਕੇਂਦਰ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨੂੰ ਪੰਜਾਬ ਪੁਲਿਸ ਦੀ ਟੁਕੜੀ ਵੱਲੋਂ ਗਾਰਡ ਆਫ਼ ਆਨਰ ਦਿੱਤਾ ਗਿਆ। ਰਾਜਪਾਲ ਨੇ ਕੇਂਦਰ ਵਿਚ ਇਲਾਜ ਅਧੀਨ ਮਰੀਜ਼ਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਹਾਲ-ਚਾਲ ਪੁੱਛਿਆ ਅਤੇ ਉਨ੍ਹਾਂ ਨੂੰ ਨਸ਼ੇ ਤੋਂ ਛੁਟਕਾਰਾ ਪਾਉਣ ਲਈ ਪ੍ਰੇਰਿਤ ਕੀਤਾ। ਰਾਜਪਾਲ ਨੇ ਕਿਹਾ ਕਿ ਨਸ਼ੇ ਦੀ ਲਤ ਤੋਂ ਬਾਹਰ ਆਉਣਾ ਇਕ ਹਿੰਮਤ ਵਾਲਾ ਕੰਮ ਹੈ ਅਤੇ ਨਸ਼ਾ ਛੱਡਣ ਵਾਲਿਆਂ ਦੇ ਮੁੜ ਵਸੇਬੇ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਨਸ਼ਾ ਨਾ ਸਿਰਫ਼ ਇਕ ਵਿਅਕਤੀ ਦੇ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ, ਬਲਕਿ ਪੂਰੇ ਸਮਾਜ ਦੀ ਤਰੱਕੀ ਵਿਚ ਵੀ ਰੁਕਾਵਟ ਪਾਉਂਦਾ ਹੈ। ਉਨ੍ਹਾਂ ਨਸ਼ਾ ਛੱਡਣ ਵਾਲਿਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਨਵੇਂ ਸਿਰੇ ਤੋਂ ਸ਼ੁਰੂ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕੁਝ ਨੌਜਵਾਨਾਂ, ਜਿਨ੍ਹਾਂ ਨੇ ਨਸ਼ਾ ਛੱਡ ਦਿੱਤਾ ਹੈ, ਨੇ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਦੱਸਿਆ ਕਿ ਉਹ ਦੁਬਾਰਾ ਆਮ ਜ਼ਿੰਦਗੀ ਵਿਚ ਕਿਵੇਂ ਵਾਪਸ ਆਏ ਹਨ। ਇਹ ਤਜ਼ਰਬੇ ਮੌਜੂਦਾ ਮਰੀਜ਼ਾਂ ਲਈ ਪ੍ਰੇਰਨਾ ਸਰੋਤ ਬਣੇ ਹਨ। ਇਸ ਦੌਰਾਨ ਰਾਜਪਾਲ ਨੇ ਪੂਰੇ ਕੇਂਦਰ ਦਾ ਦੌਰਾ ਕੀਤਾ ਅਤੇ ਉੱਥੇ ਉਪਲਬੱਧ ਸਹੂਲਤਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਉੱਥੇ ਚੱਲ ਰਹੇ ਕਿੱਤਾਮੁਖੀ ਸਿਖਲਾਈ ਕੋਰਸਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਪੰਜਾਬ ਦੇ ਰਾਜਪਾਲ ਨੂੰ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਕੇਂਦਰ ਵਿਚ ਮਲਟੀ-ਕੁਜ਼ੀਨ ਕੁਕਿੰਗ, ਹੇਅਰ ਡ੍ਰੈਸਰ ਅਤੇ ਸੈਲੂਨ ਆਰਟਿਸਟ ਵਰਗੇ ਕਿੱਤਾਮੁਖੀ ਸਿਖਲਾਈ ਕੋਰਸ ਕਰਵਾ ਰਿਹਾ ਹੈ। ਉਨ੍ਹਾਂ ਦਾ ਉਦੇਸ਼ ਨਾ ਸਿਰਫ਼ ਮਰੀਜ਼ਾਂ ਨੂੰ ਹੁਨਰ ਸਿਖਾਉਣਾ ਹੈ ਬਲਕਿ ਉਨ੍ਹਾਂ ਨੂੰ ਸਮਾਜ ਵਿਚ ਸਵੈ-ਮਾਣ ਨਾਲ ਮੁੜ ਸਥਾਪਿਤ ਕਰਨਾ ਵੀ ਹੈ। ਕੁਆਂਟਮ ਪੇਪਰ ਮਿੱਲ ਅਤੇ ਵਾਈਬਰ ਕਾਸਟਿਕ, ਮੁਹਾਲੀ ਦੁਆਰਾ ਸੀ.ਐਸ.ਆਰ. ਤਹਿਤ ਕੇਂਦਰ ਨੂੰ ਬੁਨਿਆਦੀ ਸਹੂਲਤਾਂ ਨਾਲ ਲੈਸ ਕੀਤਾ ਗਿਆ ਹੈ। ਇਸ ਉਪਰੰਤ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਟੋਪਚੀ ਸੀ.ਐਸ.ਡੀ. ਆਰਮੀ ਕੰਟੀਨ ਵਿਖੇ ਰੈੱਡ ਕ੍ਰਾਸ ਸੋਸਾਇਟੀ ਦੁਆਰਾ ਚਲਾਏ ਜਾ ਰਹੇ ਮਹੱਤਵਪੂਰਨ ਪਹਿਲਕਦਮੀ 'ਵਿੰਗਜ਼ ਪ੍ਰੋਜੈਕਟ' ਅਧੀਨ ਸਥਾਪਿਤ ਕੀਤੀ ਗਈ ਕੰਟੀਨ ਦਾ ਉਦਘਾਟਨ ਕੀਤਾ। ਇਸ ਪਹਿਲਕਦਮੀ ਦਾ ਉਦੇਸ਼ ਬੌਧਿਕ ਤੌਰ 'ਤੇ ਵਿਸ਼ੇਸ਼ ਬੱਚਿਆਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ ਹੈ। ਰੈੱਡ ਕਰਾਸ ਦੁਆਰਾ ਦਸੰਬਰ 2023 ਵਿਚ ਸ਼ੁਰੂ ਕੀਤੇ ਗਏ ਇਸ ਪ੍ਰੋਜੈਕਟ ਦੇ ਤਹਿਤ ਹੁਸ਼ਿਆਰਪੁਰ ਦੇ ਵੱਖ-ਵੱਖ ਵਿਦਿਅਕ ਸੰਸਥਾਵਾਂ ਵਿਚ ਹੁਣ ਤੱਕ ਪੰਜ ਟਕ ਦੁਕਾਨਾਂ ਖੋਲ੍ਹੀਆਂ ਗਈਆਂ ਹਨ। ਇਨ੍ਹਾਂ ਦੁਕਾਨਾਂ ਦੀ ਸਥਾਪਨਾ ਹਿਤ ਸੀ।ਐਸ।ਆਰ ਤਹਿਤ ਲੁਧਿਆਣਾ ਬੇਵਰੇਜਿਜ਼ (ਕੋਕਾ ਕੋਲਾ), ਹੁਸ਼ਿਆਰਪੁਰ ਵੱਲੋਂ ਸਹਾਇਤਾ ਪ੍ਰਦਾਨ ਕੀਤੀ ਹੈ। ਰਾਜਪਾਲ ਨੇ ਬਾਅਦ ਵਿਚ ਸਰਵਿਸਿਜ਼ ਕਲੱਬ ਵਿਖੇ ਸ਼ਹਿਰ ਦੇ ਪ੍ਰਮੁੱਖ ਨਾਗਰਿਕਾਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ, ਸਾਬਕਾ ਕੈਬਨਿਟ ਮੰਤਰੀ ਤੀਕਸ਼ਣ ਸੂਦ, ਰਾਜਪਾਲ ਦੇ ਸਕੱਤਰ ਵਿਵੇਕ ਪ੍ਰਤਾਪ ਸਿੰਘ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਐਸਐਸਪੀ ਸੰਦੀਪ ਕੁਮਾਰ ਮਲਿਕ, ਮੇਅਰ ਸੁਰਿੰਦਰ ਕੁਮਾਰ ਅਤੇ ਗੁਰੂ ਰਵਿਦਾਸ ਆਯੁਰਵੇਦ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ। ਸੰਜੀਵ ਸੂਦ ਸਮੇਤ ਹੋਰ ਪਤਵੰਤੇ ਹਾਜ਼ਰ ਸਨ।



# ਪੈਨਸ਼ਨਰਜ਼ ਵੈਲਫੇਅਰ ਐਸੋਸ਼ੀਏਸ਼ਨ ਨਾਭਾ ਦੀ ਮੰਗਾਂ ਬਾਰੇ ਮੀਟਿੰਗ ਹੋਈ

**ਨਾਭਾ–** ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸ਼ੀਏਸ਼ਨ ਨਾਭਾ ਦੀ ਤਿਮਾਹੀ ਮੀਟਿੰਗ ਪ੍ਰਧਾਨ ਸ੍ਰ. ਪਰਮਜੀਤ ਸਿੰਘ ਸੋਢੀ ਦੀ ਅਗਵਾਈ ਵਿੱਚ ਸੀਨੀਅਰ ਸਿਟੀਜਨ ਸੰਸਥਾ ਦੇ ਹਾਲ ਵਿਖੇ ਹੋਈ। ਮੀਟਿੰਗ ਵਿੱਚ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।

ਪੈਨਸ਼ਨਰਾਂ ਦੇ ਬਕਾਏ ਅਤੇ ਲੀਵ ਇਨਕੈਸ਼ਮੈਂਟ ਦੇ ਬਕਾਏ ਸਮੇਂ ਸਿਰ ਨਾ ਦੇਣ ਤੇ ਪੰਜਾਬ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਦੀ ਨਿਖੇਧੀ ਕੀਤੀ ਗਈ। ਮੀਟਿੰਗ ਵਿੱਚ 01 ਜਨਵਰੀ 2016 ਤੋਂ ਪਹਿਲਾਂ ਸੇਵਾ ਮੁਕਤ ਹੋਏ ਪੈਨਸ਼ਨਰਜ਼ ਨੂੰ 2.59 ਦਾ ਗੁਣਾਂਕ ਦੇਣ ਦੀ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਗਈ ।ਬਕਾਇਆ ਡੀ.ਏ. ਦੀਆਂ ਕਿਸ਼ਤਾਂ ਦੇਣ ਦੀ ਸਰਕਾਰ ਪਾਸੋਂ ਮੰਗ ਕੀਤੀ ਗਈ। ਪੈਨਸ਼ਨਰਾਂ ਦੇ ਮੈਡੀਕਲ ਬਿਲਾਂ ਨੂੰ ਪਹਿਲ ਦੇ ਆਧਾਰ ਉੱਪਰ ਬਜਟ ਅਲਾਟ ਕੀਤੇ ਜਾਣ ਦੀ ਵੀ ਮੰਗ ਕੀਤੀ ਗਈ। ਅਗਲੇ ਸਾਲ ਤੋਂ ਲੰਬੇ ਸਮੇਂ 'ਚ 75 ਸਾਲ ਤੋਂ ਘੱਟ ਉਮਰ ਵਾਲੇ ਪੈਨਸ਼ਨਰਾਂ ਨੂੰ ਏਰੀਅਰ ਦਾ ਬਕਾਇਆ ਥੌੜਾ ਥੌੜਾ ਕਰਕੇ ਦੇਣ ਦੀ ਨਿਖੇਧੀ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਰਵਿੰਦਰ ਕੁਮਾਰ ਜਨਰਲ ਸਕੱਤਰ ਨੇ ਐਸੋਸ਼ੀਏਸ਼ਨ ਨਾਲ ਵੱਧ ਤੋਂ ਵੱਧ ਪੈਨਸ਼ਨਰਾਂ ਨੂੰ ਜੁੜਨ ਦੀ ਅਪੀਲ ਕੀਤੀ। ਉਨ੍ਹਾਂ ਨੇ ਕਈ ਅਹਿਮ ਨਵੀਆਂ ਜਾਣਕਾਰੀਆਂ ਮੈਂਬਰਾਂ ਨਾਲ ਸਾਂਝੀਆਂ ਕੀਤੀਆਂ। ਉਨ੍ਹਾਂ ਨੇ ਫੈਮਿਲੀ ਪੈਨਸ਼ਨਰਾਂ ਦੇ ਨੋਮੀਨੇਸ਼ਨ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਧਰਮਪਾਲ ਸਾਸਤਰੀ ਨੇ ਪੈਨਸ਼ਨਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਕੇ ਕਈ ਮੁਸ਼ਕਲਾਂ ਨੂੰ ਹੱਲ ਕਰਨ ਦਾ ਜ਼ਿਕਰ ਕੀਤਾ। ਸ੍ਰ. ਪਰਮਜੀਤ ਸਿੰਘ ਸੋਢੀ (ਪ੍ਰਧਾਨ) ਨੇ ਐਸੋਸ਼ੀਏਸ਼ਨ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ । ਇਸ ਮੌਕੇ ਸੀਨੀਅਰ ਮੈਂਬਰ ਸ੍ਰੀ ਅਮਰਜੀਤ ਵਰਮਾ ਪ੍ਰਿੰਸੀਪਲ, ਮੇਜਰ ਰਣਜੀਤ ਸਿੰਘ ਸੰਧੂ, ਸ੍ਰ. ਬਲਜੀਤ ਸਿੰਘ ਖਹਿਰਾ, ਗੁਰਬਚਨ ਸਿੰਘ, ਮੇਜਰ ਸਿੰਘ, ਰਵਿੰਦਰ ਸਿੰਘ ਢੀਂਡਸਾ, ਦਰਸ਼ਨ ਸਿੰਘ ਮੋਹਲਗਵਾਰਾ, ਲਛਮਣ ਦਾਸ ਵਰਮਾ, ਵੇਦ ਪ੍ਰਕਾਸ਼ ਪੁਰੀ, ਗੁਰਦੀਪ ਸਿੰਘ ਮੋਤੀ ਬਾਗ, ਕੇਵਲ ਕ੍ਰਿਸ਼ਨ ਗੁਪਤਾ, ਅਸ਼ੋਕ ਕੁਮਾਰ ਗਰਗ, ਹਰਦਿਆਲ ਸਿੰਘ, ਲਾਲ ਚੰਦ, ਪੂਰਨ ਚੰਦ, ਸਤੀਸ਼ ਕੁਮਾਰ, ਗੁਰਬਖਸ਼ ਲਾਲ, ਪ੍ਰਾਣ ਗੁਪਤਾ, ਤੇਜਿੰਦਰ ਸਿੰਘ, ਧਰਮਪਾਲ ਸਾਸਤਰੀ, ਚਰਨ ਸਿੰਘ, ਕਰਮ ਚੰਦ, ਸ੍ਰੀਮਤੀ ਬਿਮਲਾ ਪੁਰੀ, ਰਕਸ਼ਾ ਝਾਂਜੀ, ਰਾਜ ਰਾਣੀ, ਰਾਜ ਗੁਪਤਾ ਅਤੇ ਹੋਰ ਬਹੁਤ ਸਾਰੇ ਪੈਨਸ਼ਨਰ ਸ਼ਾਮਿਲ ਸਨ।





# ਸਿੱਖਿਆ ਦੇ ਖੇਤਰ ਅੰਦਰ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਿੱਖਿਆ ਵਿਭਾਗ ਨੇ ਕੀਤਾ ਸਨਮਾਨਤ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** 8ਵੀਂ, 10ਵੀਂ ਅਤੇ ਬਾਹਰਵੀਂ ਕਲਾਸ ਵਿੱਚ ਮੈਰਿਟ ਵਿੱਚ ਆਉਂਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਲਈ ਜਿਲ੍ਹਾ ਸਿੱਖਿਆ ਵਿਭਾਗ ਵੱਲੋਂ ਇੱਕ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੋਕੇ ਤੇ ਸਰਵਸ੍ਰੀ ਰਾਜੇਸ ਕੁਮਾਰ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ), ਕਮਲਦੀਪ ਕੌਰ ਜਿਲ੍ਹਾ ਸਿੱਖਿਆ ਅਧਿਕਾਰੀ (ਐਲੀਮੈਂਟਰੀ) ਅਮਨਦੀਪ ਕੁਮਾਰ ਡਿਪਟੀ ਡੀ.ਈ. [ ਸੈਕੰਡਰੀ, ਡੀ.ਜੀ. ਸਿੰਘ ਡਿਪਟੀ ਡੀ.ਈ. । ਐਲੀਮੈਂਟਰੀ ਅਤੇ ਹੋਰ ਸਿੱਖਿਆ ਵਿਭਾਗ ਦੇ ਅਧਿਕਾਰੀ ਹਾਜਰ ਸਨ।

ਇਸ ਸਮਾਰੋਹ ਵਿੱਚ ਸਿਵਾ ਮਾਡਰਨ ਪਬਲਿਕ ਸਕੂਲ ਫਿਰੋਜਪੁਰਕਲ੍ਹਾ ਦੀ ਅੱਠਵੀ ਕਲਾਸ ਦੀ ਵਿਦਿਆਰਥਣ ਚਾਹਤ ਚੋਧਰੀ, ਆਈ.ਆਰ.ਬੀ. ਸਕੂਲ ਧੋਬੜਾ ਦੀ ਵਿਦਿਆਰਥਣ ਹਿਮਾਂਸੀ, ਸਿਵਾ ਮਾਡਰਨ ਪਬਲਿਕ ਸਕੂਲ ਫਿਰੋਜਪੁਰਕਲ੍ਹਾ ਦੀ ਵਿਦਿਆਰਥਣ ਚੇਤਨਾ ਚੋਧਰੀ ਅਤੇ ਸ੍ਰੀ ਚੂਨੀ ਲਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਿਰੋਜਪੁਰਕਲਾਂ, ਇਸੇ ਹੀ ਤਰ੍ਹਾਂ ਦਸਵੀਂ ਕਲਾਸ ਵਿੱਚ ਸਹੀਦ ਕਰਨਲ ਕੇ.ਐਲ. ਗੁਪਤਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਮਿਆਲ ਦੀ ਵਿਦਿਆਰਥਣ ਮਾਨਵੀ ਠਾਕੁਰ, ਸਹੀਦ ਮੱਖਣ ਸਿੰਘ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਪਠਾਨਕੋਟ ਦੀ ਮਾਨਸੀ ਦੇਵੀ, ਸਵਾਮੀ ਵਿਵੇਕਾਨੰਦ ਪਬਲਿਕ ਸਕੂਲ ਫਤਿਹਪੁਰ ਦੀ ਤਨੁਸਾ ਮੈਹਿਤਾ, ਸਹੀਦ ਕਰਨਲ ਕੇ. ਐਲ. ਗੁਪਤਾ ਸੀਨੀਅਰ ਸੈਕੰਡਰੀ ਸਕੂਲ ਬਮਿਆਲ ਦਾ ਨਵਨੀਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੱਟਵਾਂ ਦੀ ਵਿਸਾਲੀ ਦੇਵੀ , ਇਸੇ ਹੀ ਤਰ੍ਹਾਂ ਬਾਹਰਵੀਂ ਕਲਾਸ ਵਿੱਚੋਂ ਸਹੀਦ ਕੈਪਟਨ ਅਰੁਣ ਸਿੰਘ ਜਸਰੋਟੀਆ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸੁਜਾਨਪੁਰ ਦੀ ਹੀਨਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੰਧਾਨੀ ਦੀ ਕਾਮਨੀ ਸਰਮਾ ਨੂੰ ਸਿੱਖਿਆ ਵਿਭਾਗ ਵੱਲੋਂ ਵਿਸੇਸ ਤੋਰ ਤੇ ਸਨਮਾਨਤ ਕੀਤਾ ਗਿਆ।


ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਰਾਜੇਸ ਕੁਮਾਰ ਜਿਲ੍ਹਾ ਸਿੱਖਿਆ ਅਫਸਰ ਪਠਾਨਕੋਟ ਨੇ ਕਿਹਾ ਕਿ ਇਹ ਵਿਦਿਆਰਥੀਆਂ ਨੇ ਸਿੱਖਿਆ ਦੇ ਖੇਤਰ ਅੰਦਰ ਜਿਲ੍ਹੇ ਅਤੇ ਪੂਰੇ ਪੰਜਾਬ ਅੰਦਰ ਵੱਡੀਆ ਮੱਲਾਂ ਮਾਰੀਆਂ ਹਨ ਅਤੇ ਜਿਲ੍ਹਾ ਪਠਾਨਕੋਟ ਦਾ ਨਾਮ ਪੂਰੇ ਪੰਜਾਬ ਵਿੱਚ ਰੋਸਨ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਆਸਾ ਕਰਦੇ ਹਨ ਕਿ ਭਵਿੱਖ ਵਿੱਚ ਇਹ ਵਿਦਿਆਰਥੀ ਹੋਰ ਤਰੱਕੀ ਦੀ ਰਾਹ ਦੇ ਚੱਲਣਗੇ ਅਤੇ ਕਿਸੇ ਚੰਗੇ ਮੁਕਾਮ ਤੇ ਪਹੁੰਚ ਤੇ ਅਪਣੇ ਮਾਪਿਆਂ ਅਤੇ ਜਿਲ੍ਹੇ ਦਾ ਹੋਰ ਨਾਮ ਰੋਸਨ ਕਰਨਗੇ।





## 11 ਜੂਨ ਬਰਸੀ 'ਤੇ ਵਿਸ਼ੇਸ਼

# ਸੰਤ ਸਰਵਨ ਦਾਸ ਜੀ ਸੱਚਖੰਡ ਬੱਲਾਂ




ਵਿਸ਼ਵ ਭਰ ਦੀ ਧਰਤੀ ਰਿਸ਼ੀਆਂ, ਮੁਨੀਆਂ, ਗੁਰੂਆਂ, ਮਹਾਂਪੁਰਸ਼ਾਂ, ਵਿਦਵਾਨਾਂ ਤੋਂ ਬਿਨਾਂ ਅਧੂਰੀ ਹੈ। ਮਨੁੱਖਤਾ ਦੇ ਕਲਿਆਣ ਹਿੱਤ ਸਮੇਂ-ਸਮੇਂ ਅਨੁਸਾਰ ਸੰਤ ਮਹਾਂ-ਪੁਰਸ਼ ਧਰਤੀ 'ਤੇ ਅਵਤਾਰ ਧਾਰਦੇ ਆਏ ਹਨ।

ਸਾਰੇ ਹੀ ਮਹਾਂਪੁਰਸ਼ਾਂ ਨੇ ਪ੍ਰਭੂ ਸਿਮਰਨ ਨੂੰ ਹੀ ਮੁਕਤੀ ਦਾ ਮਾਰਗ ਦੱਸਿਆ ਹੈ। ਕੁਝ ਅਜਿਹੇ ਸੁਭਾਅ ਦੇ ਮਾਲਕ ਸਨ। ਪਰਉਪਕਾਰੀ ਸੰਤ ਸਰਵਨ ਦਾਸ ਜੀ ਡੇਰਾ ਸੱਚਖੰਡ ਬੱਲਾਂ ਵਾਲੇ।

ਸੰਤ ਸਰਵਨ ਦਾਸ ਜੀ ਦਾ ਜਨਮ ਪਿੰਡ ਗਿਲ ਪੱਤੀ ਜ਼ਿਲ੍ਹਾ ਬਠਿੰਡਾ ਦੀ ਧਰਤੀ 'ਤੇ ਹੋਇਆ। ਆਪ ਜੀ ਦੀ ਮਾਤਾ ਦਾ ਨਾਂ ਸ਼ੋਭਾਵੰਤੀ ਅਤੇ ਪਿਤਾ ਦਾ ਨਾਂ ਬਾਬਾ ਪਿੱਪਲ ਦਾਸ ਸੀ। ਬਾਬਾ ਪਿੱਪਲ ਦਾਸ ਜੀ ਨੂੰ ਆਪ ਜੀ ਦੇ ਵਿਚ ਬਾਲ ਅਵਸਥਾ 'ਚ ਹੀ ਭਗਤੀ ਭਾਵ ਦੀ ਕਿਰਨ ਦਿਖਾਈ ਦੇਣ ਲੱਗ ਪਈ ਸੀ। ਜਿਸ ਨੇ ਅੱਗੇ ਫੈਲ ਕੇ ਦੁਨੀਆ ਨੂੰ ਰੋਸ਼ਨ ਕਰਨਾ ਸੀ, ਸੰਤ ਸਰਵਣ ਦਾਸ ਮਹਾਰਾਜ ਜੀ ਦੀ ਉਮਰ ਉਸ ਵਕਤ ਹਾਲੇ ਚਾਰ ਸਾਲ ਹੀ ਸੀ, 'ਜਦੋਂ ਬਾਬਾ ਪਿੱਪਲ ਦਾਸ ਜੀ ਆਪਣੇ ਗ੍ਰਹਿ ਦਾ ਤਿਆਗ ਕਰ ਕੇ ਆਪ ਜੀ ਨੂੰ ਨਾਲ ਲੈ ਕੇ ਸੱਚ ਦੀ ਤਲਾਸ਼ ਵਿੱਚ ਪਿੰਡੋ ਪਿੰਡ ਚੱਲ ਪਏ ਸਨ। ਵੱਖ-ਵੱਖ ਇਲਾਕਿਆਂ 'ਚ ਘੁੰਮਣ ਤੋਂ ਬਾਅਦ ਆਪ ਨੇ ਜਲੰਧਰ ਸ਼ਹਿਰ ਨੇੜੇ ਪਿੰਡ ਬੱਲਾਂ ਵਿਖੇ ਡੇਰਾ ਲਾ ਲਿਆ।

ਸਾਧ ਸੰਗਤ ਦੀ ਸੇਵਾ ਕਰਦਿਆਂ, ਨਾਮ ਸਿਮਰਨ ਦੀਆਂ ਦਾਤਾਂ ਵੰਡਦਿਆਂ, ਲੰਬਾ ਸਮਾ ਬੱਲਾਂ ਵਿਖੇ ਬਤੀਤ ਕਰਦਿਆਂ ਬਾਬਾ ਪਿੱਪਲ ਦਾਸ ਜੀ ਨੇ ਚੋਲਾ ਤਿਆਗ ਦਿੱਤਾ। ਇਸ ਉਪਰੰਤ ਡੇਰੇ ਦੀ ਵਾਗਡੋਰ ਸੰਤ ਸਰਵਨ ਦਾਸ ਜੀ ਨੂੰ ਸੰਭਾਲਣੀ ਪਈ। ਆਪ ਪਿੰਡ ਤੋਂ ਬਾਹਰ ਜੰਗਲਨੁਮਾ ਅਸਥਾਨ 'ਤੇ ਕੁਟੀਆ ਸਜਾ ਕੇ ਲੋਕਾਈ ਨੂੰ ਭਗਤੀ ਮਾਰਗ ਨਾਲ ਜੋੜਦਿਆਂ ਨਾਮ ਜਪਾਉਣ ਲੱਗ ਪਏ। ਆਪ ਜੀ ਦੇ ਵਿਦਿਅਕ ਗੁਰੂ ਸੰਤ ਕਰਤਾ ਨੰਦ ਕਿਸ਼ਨਗੜ੍ਹ ਵਾਲੇ ਸਨ। ਜਿਨ੍ਹਾਂ ਪਾਸੋਂ ਆਪ ਨੇ ਹਿਕਮਤ ਦੀ ਵਿਦਿਆ ਹਾਸਿਲ ਕਰ ਕੇ ਲੋਕ ਭਲਾਈ ਦੇ ਕਾਰਜ ਆਰੰਭ ਕਰ ਦਿੱਤੇ।

ਜਲੰਧਰ ਇਲਾਕਾ ਵਾਸੀ ਆਪ ਦੀ ਪ੍ਰੇਰਨਾ ਸਦਕਾ ਗੁਰੂ ਘਰ ਨਾਲ ਜੁੜੇ। ਆਪ ਪ੍ਰਭੂ ਭਗਤੀ ਦੇ ਨਾਲ-ਨਾਲ ਸਮਾਜ ਸੇਵਾ ਮਾਰਗ ਦੇ ਪਾਂਧੀ ਵੀ ਸਨ। ਆਪ ਨਾਮ ਦੇ ਰਸੀਏ ਤੇ ਹਸਮੁਖ ਸੁਭਾਅ ਦੇ ਮਾਲਕ ਸਨ। ਆਪ ਦਾ ਉਪਦੇਸ਼ ਚਹੁ ਵਰਣਾਂ ਵਿੱਚ ਸਾਂਝਾ ਹੁੰਦਾ ਸੀ। ਆਪ ਦੀ ਸੰਗਤ 'ਚ ਹਰ ਵਰਗ ਦੇ ਸ਼ਰਧਾਲੂ ਜੁੜ ਜਾਂਦੇ ਸਨ।

ਭਜਨ ਸਿਮਰਨ ਦੇ ਨਾਲ-ਨਾਲ ਆਪ ਨੇ ਕੁਟੀਆ ਵਿਚ ਬੱਚਿਆਂ ਲਈ ਵਿਦਿਆ ਲਈ ਟਕਸਾਲ ਵੀ ਖੋਲ੍ਹੀ ਹੋਈ ਸੀ। ਇਥੇ ਹੀ ਆਪ ਨੇ ਹਿਕਮਤ ਦੀ ਜੁਗਤ ਨਾਲ ਜ਼ਰੂਰਤਮੰਦਾਂ ਲਈ ਦਵਾ ਦਾਰੂ ਦੀ ਸੇਵਾ ਵੀ ਆਰੰਭੀ।

ਆਪ ਨੇ ਲੋੜਵੰਦਾਂ ਦੀ ਸਹਾਇਤਾ, ਸਕੂਲ, ਵਿਦਿਆਲੇ ਲਈ ਕਾਰਜ ਆਰੰਭੇ। ਲੋਕਾਈ ਨੂੰ ਆਪ ਨੇ ਨਾਮ ਜਪਣ ਤੇ ਕਿਰਤ ਕਰਨ ਦਾ ਸੰਦੇਸ਼ ਦਿਤਾ।

ਪਰਉਪਕਾਰੀ ਸੰਤ ਸਰਵਨ ਦਾਸ ਜੀ ਬੱਲਾਂ ਵਾਲੇ ਆਪ ਕਿਹਾ ਕਰਦੇ ਸਨ ਕਿ ਅਮੀਰ ਨਾਲ ਤਾਂ ਹਰ ਕੋਈ ਦੋਸਤੀ ਕਰ ਲੈਂਦਾ ਹੈ ਪਰ ਗ਼ਰੀਬ ਨੂੰ ਗਲੇ ਲਗਾਉਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ। ਆਪ ਨੇ ਹਮੇਸ਼ਾ ਗਰੀਬ ਗੁਰਬਿਆਂ ਨੂੰ ਆਪਣੀ ਛਾਤੀ ਨਾਲ ਲਗਾਇਆ।

ਸੰਤ ਸਰਵਣ ਦਾਸ ਨੇ ਬਹੁਤ ਸਾਰੀਆਂ ਤੀਰਥ ਯਾਤਰਾਵਾਂ ਵੀ ਕੀਤੀਆਂ। ਆਪ ਅਮਰਨਾਥ ਅਤੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵੀ ਗਏ। ਆਪ ਨੇ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ, ਉਨ੍ਹਾਂ ਦੀ ਬਾਣੀ ਦਾ ਜਨ-ਜਨ ਤਕ ਪਸਾਰਾ ਕਰਨ ਲਈ ਬਹੁਤ ਉਪਰਾਲੇ ਕੀਤੇ। ਆਪ ਜੀ ਨੇ ਸ਼ੀਰਗਵਰਧਨਪੁਰ ਕਾਂਸ਼ੀ ਸ਼ਹਿਰ ਬਨਾਰਸ ਵਿਖੇ ਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਦੀ ਖੋਜ ਕਰਕੇ ਉਥੇ ਆਲੀਸ਼ਾਨ ਮੰਦਰ ਦੀ ਉਸਾਰੀ ਕਰਵਾਈ। ਜੋ ਅੱਜ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਲਈ ਸ਼ਰਧਾ ਅਤੇ ਆਸਥਾ ਦਾ ਕੇਂਦਰ ਹੈ।

ਸੰਤ ਸਰਵਨ ਦਾਸ ਜੀ ਚਾਹੁੰਦੇ ਸਨ ਕਿ ਕੋਮ ਦੇ ਪੜ੍ਹਨ ਲਾਇਕ ਬੱਚੇ ਉਚੇਰੀ ਤਾਲੀਮ ਗ੍ਰਹਿਣ ਕਰਕੇ ਉੱਚ ਪਦ ਹਾਸਲ ਕਰਕੇ ਆਪਣੀ ਜ਼ਿੰਦਗੀ ਦੇ ਮਨੋਰਥ ਨੂੰ ਪੂਰਨ ਤੌਰ ਤੇ ਗ੍ਰਹਿਣ ਕਰ ਸਕਣ।

ਸਤਿਗੁਰੂ ਰਵਿਦਾਸ ਜੀ ਦੇ ਦਰਸਾਏ ਮਾਰਗ ਤੇ ਚੱਲਦਿਆਂ ਸੰਤਾਂ ਨੇ ਵਿਦਿਆ ਦੇ ਪ੍ਰਚਾਰ ਪ੍ਰਸਾਰ ਸੰਚਾਰ ਲਈ ਵੱਡੇ ਕਾਰਜ ਵੀ ਕੀਤੇ। ਉਨ੍ਹਾਂ ਦੇ ਸਿਰਜੇ ਹੋਏ ਲਾਸਾਨੀ ਇਤਿਹਾਸ ਨੂੰ ਵਿਸ਼ਦ ਦੇ ਸਾਹਮਣੇ ਪ੍ਰਚਾਰਨ ਦੀ ਲੋੜ ਹੈ ਆਪ ਨੇਕੀ ਤੇ ਭਗਤੀ ਦਾ ਪ੍ਰਚਾਰ ਕਰਦੇ ਹੋਏ 11 ਜੂਨ ਸੰਨ 1972 ਨੂੰ ਜੋਤੀ ਜੋਤ ਸਮਾ ਗਏ। ਆ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ ਉੱਪਰ ਚੱਲ ਕੇ ਉਨ੍ਹਾਂ ਦੇ ਦਰਸਾਏ ਰਾਹ ਤੇ ਚਲਦਿਆਂ ਆਪਣਾ ਸਮੁੱਚਾ ਜੀਵਨ ਸਫਲਾ ਕਰੀਏ ਉਨ੍ਹਾਂ ਦੇ ਚਰਨਾਂ ਵਿਚ ਇਹੀ ਸੱਚੀ ਸ਼ਰਧਾਂਜਲੀ ਅਰਪਿਤ ਹੋਵੇਗੀ।

**– ਮਦਨ ਬੰਗੜ 95015-75511**

# ਭਾਰਤ-ਅਮਰੀਕਾ ਸਬੰਧ ਮੇਰੇ ਲਈ 'ਬੇਹੱਦ ਨਿੱਜੀ': ਊਸ਼ਾ ਵੈਂਸ

**ਵਾਸ਼ਿੰਗਟਨ-** ਅਮਰੀਕਾ ਦੀ ਦੋਇਮ ਮਹਿਲਾ ਊਸ਼ਾ ਵੈਂਸ ਨੇ ਭਾਰਤ-ਅਮਰੀਕਾ ਸਬੰਧਾਂ ਨੂੰ ਆਪਣੇ ਲਈ ਬੇਹੱਦ ਅਹਿਮ ਦੱਸਿਆ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਦੁਵੱਲੇ ਸਬੰਧਾਂ ਨੂੰ ਬਿਹਤਰ ਬਣਾਉਣ ਦਾ ਸਮਾਂ ਹੈ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਦਰਮਿਆਨ ਸਬੰਧਾਂ ਵਿਚ ਕਈ ਵਾਰ ਉਤਾਰ ਚੜ੍ਹਾਅ ਆਉਂਦਾ ਰਿਹਾ ਹੈ ਪਰ ਉਨ੍ਹਾਂ ਲਈ ਭਾਰਤ ਨਾਲ ਸਬੰਧ ਬੇਹੱਦ ਨਿੱਜੀ ਰਹੇ ਹਨ। ਉਨ੍ਹਾਂ ਕਿਹਾ, 'ਮੇਰੇ ਪਰਿਵਾਰਕ ਮੈਂਬਰ ਭਾਰਤ ਵਿੱਚ ਹਨ ਅਤੇ ਮੇਰੇ ਬਹੁਤ ਸਾਰੇ ਪਰਿਵਾਰਕ ਮੈਂਬਰ ਇੱਥੇ ਸੰਯੁਕਤ ਰਾਜ ਅਮਰੀਕਾ ਵਿੱਚ ਹਨ ਅਤੇ ਮੈਂ ਭਾਰਤ ਦਾ ਦੌਰਾ ਕਰਕੇ ਅਤੇ ਉਨ੍ਹਾਂ ਪਰਿਵਾਰਕ ਮੈਂਬਰਾਂ ਨੂੰ ਮਿਲ ਕੇ ਵੱਡੀ ਹੋਈ ਹਾਂ।'

ਵੈਂਸ ਨੇ ਇੱਥੇ ਅਮਰੀਕਾ-ਭਾਰਤ ਰਣਨੀਤਕ ਭਾਈਵਾਲੀ ਫੋਰਮ (ਯੂਐਸਆਈਐਸਪੀਐਫ) ਲੀਡਰਸ਼ਿਪ ਸੰਮੇਲਨ ਦੇ ਅੱਠਵੇਂ ਐਡੀਸ਼ਨ ਵਿੱਚ ਗੱਲਬਾਤ ਕਰਦਿਆਂ ਕਿਹਾ, 'ਇਸ ਲਈ ਇਹ ਹਮੇਸ਼ਾ ਇੱਕ ਅਜਿਹਾ ਰਿਸ਼ਤਾ ਰਿਹਾ ਹੈ ਜਿਸ ਨੂੰ ਮੈਂ ਨਿੱਜੀ ਤੌਰ 'ਤੇ ਬਹੁਤ ਮਹੱਤਵਪੂਰਨ ਸਮਝਿਆ ਹੈ।'

ਵੈਂਸ ਨੇ ਕਿਹਾ, 'ਜਿਸ ਤਰੀਕੇ ਨਾਲ ਮੈਂ ਇਸ ਬਾਰੇ ਸੋਚਦੀ ਹਾਂ ਤਾਂ ਮੈਨੂੰ ਲੱਗਦਾ ਹੈ ਕਿ ਇਹ ਦੋਵੇਂ ਦੇਸ਼ਾਂ ਦਰਮਿਆਨ ਵਧੀਆ ਮੌਕਾ ਹੈ ਅਤੇ ਮੈਨੂੰ ਲੱਗਦਾ ਹੈ ਕਿ ਜੇ ਮੇਰਾ ਪਤੀ ਇੱਥੇ ਹੁੰਦਾ ਤਾਂ ਉਹ ਵੀ ਇਹੀ ਗੱਲ ਕਹਿੰਦਾ।' ਜ਼ਿਕਰਯੋਗ ਹੈ ਕਿ ਅਮਰੀਕਾ ਤੇ ਭਾਰਤ ਦੇ ਰਿਸ਼ਤੇ ਇਕ ਵਾਰ ਕਮਜ਼ੋਰ ਹੋ ਗਏ ਸਨ।

**ਮੋਦੀ ਬੱਚਿਆਂ ਨੂੰ ਦਾਦੇ ਵਰਗਾ ਲੱਗਦਾ ਹੈ**

ਅਮਰੀਕਾ ਦੀ ਸੈਕਿੰਡ ਮਹਿਲਾ ਊਸ਼ਾ ਵੈਂਸ ਨੇ ਅਪਰੈਲ ਵਿੱਚ ਆਪਣੀ ਭਾਰਤ ਫੇਰੀ ਨੂੰ ਪਰਿਵਾਰ ਲਈ ਨਾ ਭੁੱਲਣ ਵਾਲੀ



ਯਾਤਰਾ ਕਰਾਰ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਤਿੰਨ ਛੋਟੇ ਬੱਚੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੁਰੀਦ ਹੋ ਗਏ ਹਨ। ਉਹ ਨਰਿੰਦਰ ਮੋਦੀ ਨੂੰ ਆਪਣਾ ਦਾਦਾ ਸਮਝਣ ਲੱਗੇ ਹਨ। ਜਦੋਂ ਉਪ ਰਾਸ਼ਟਰਪਤੀ ਜੇਡੀ ਵੈਂਸ ਨੇ ਅਪਰੈਲ ਵਿੱਚ ਭਾਰਤ ਦਾ ਆਪਣਾ ਪਹਿਲਾ ਅਧਿਕਾਰਤ ਦੌਰਾ ਕੀਤਾ ਅਤੇ ਉਨ੍ਹਾਂ ਨਾਲ ਊਸ਼ਾ ਵੈਂਸ ਅਤੇ ਉਨ੍ਹਾਂ ਦੇ ਤਿੰਨ ਛੋਟੇ ਬੱਚੇ ਈਵਾਨ, ਵਿਵੇਕ ਅਤੇ ਮੀਰਾਬੇਲ ਵੀ ਸਨ। ਉਨ੍ਹਾਂ ਦੇ ਪਰਿਵਾਰ ਨੇ ਦਿੱਲੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਊਸ਼ਾ ਵੈਂਸ ਨੇ ਜ਼ੋਰ ਦੇ ਕੇ ਕਿਹਾ, 'ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣਾ ਸੱਚਮੁੱਚ ਬਹੁਤ ਖਾਸ ਸੀ। ਸ੍ਰੀ ਮੋਦੀ ਨੇ ਸਾਡੇ ਪੰਜ ਸਾਲਾ ਬੱਚੇ ਨੂੰ ਜਨਮ ਦਿਨ ਦਾ ਤੋਹਫਾ ਦਿੱਤਾ ਤੇ ਇਸ ਤੋਂ ਪਹਿਲਾਂ ਜਦੋਂ ਮੇਰੇ ਬੱਚਿਆਂ ਨੇ ਨਰਿੰਦਰ ਮੋਦੀ ਨੂੰ ਪੈਰਿਸ ਵਿਚ ਦੇਖਿਆ ਸੀ ਤਾਂ ਬੱਚੇ ਸ੍ਰੀ ਮੋਦੀ ਦੀ ਚਿੱਟੀ ਦਾੜ੍ਹੀ ਤੇ ਵਾਲਾਂ ਤੋਂ ਬਹੁਤ ਪ੍ਰਭਾਵਿਤ ਹੋਏ ਸਨ ਤੇ ਉਹ ਸ੍ਰੀ ਮੋਦੀ ਵਿਚ ਆਪਣੇ ਦਾਦਾ ਦੀ ਝਲਕ ਦੇਖਣ ਲੱਗ ਪਏ ਸਨ ਤੇ ਉਨ੍ਹਾਂ ਦੇ ਬੱਚੇ ਸ੍ਰੀ ਮੋਦੀ ਨੂੰ ਬਹੁਤ ਪਿਆਰ ਕਰਦੇ ਹਨ।'

## ਡੇਂਗੂ ਅਤੇ ਮਲੇਰੀਆਂ ਤੋਂ ਬਚਾਓ ਲਈ ਸਾਨੂੰ ਸਾਰਿਆਂ ਨੂੰ ਹੋਣਾ ਪਵੇਗਾ ਜਾਗਰੁਕ -ਸ. ਹਰਦੀਪ ਸਿੰਘ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਜਿਲ੍ਹਾ ਪਠਾਨਕੋਟ ਵਿਖੇ ਸਿਹਤ ਵਿਭਾਗ ਵੱਲੋਂ ਡੈਂਗੂ ਅਤੇ ਮਲੇਰੀਆਂ ਤੋਂ ਬਚਾ ਲਈ ਕੀਤੇ ਗਏ ਪੁਖਤਾ ਪ੍ਰਬੰਧਾਂ ਦਾ ਜਾਇਜਾ ਲੈਣ ਲਈ ਸ। ਹਰਦੀਪ ਸਿੰਘ ਵਧੀਕ ਡਿਪਟੀ ਕਮਿਸਨਰ ਪਠਾਨਕੋਟ ਵੱਲੋਂ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਇੱਕ ਵਿਸੇਸ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਿਹਤ ਵਿਭਾਗ ਦੇ ਅਧਿਕਾਰੀ ਅਤੇ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਵੀ ਹਾਜਰ ਹੋਏ। ਮੀਟਿੰਗ ਦੋਰਾਨ ਡਿਪਟੀ



ਕਮਿਸਨਰ ਪਠਾਨਕੋਟ ਵੱਲੋਂ ਜਿਲ੍ਹਾ ਪਠਾਨਕੋਟ ਵਿੱਚ ਡੈਂਗੂ ਅਤੇ ਮਲੇਰੀਆਂ ਲਈ ਸਿਹਤ ਵਿਭਾਗ ਵੱਲੋਂ ਕੀਤੇ ਗਏ ਪ੍ਰਬੰਧਾਂ ਦਾ ਜਾਇਜਾ ਲਿਆ ਗਿਆ।

ਸਿਹਤ ਵਿਭਾਗੀ ਅਧਿਕਾਰੀਆਂ ਵੱਲੋਂ ਡੈਂਗੂ ਅਤੇ ਮਲੇਰੀਆਂ ਹੋਣ ਦੇ ਕਾਰਨਾਂ ਅਤੇ ਇਸ ਤੋਂ ਬਚਾ ਲਈ ਕੀਤੇ ਜਾਣ ਵਾਲੇ ਕਾਰਜਾਂ ਤੇ ਰੋਸਨੀ ਪਾਈ ਗਈ। ਸਿਹਤ ਵਿਭਾਗ ਵੱਲੋਂ ਦੱਸਿਆ ਗਿਆ ਕਿ ਡੈਂਗੂ ਅਤੇ ਮਲੇਰੀਆਂ ਤੋਂ ਬਚਾ ਦੇ ਲਈ ਸਭ ਤੋ ਪਹਿਲਾ ਤਾਂ ਘਰ੍ਹਾਂ ਅੰਦਰ ਕਿਸੇ ਵੀ ਤਰ੍ਹਾਂ ਦਾ ਪਾਣੀ ਖੜ੍ਹਾਂ ਨਹੀਂ ਹੋਣਾ ਚਾਹੀਦਾ। ਘਰ੍ਹਾਂ ਅੰਦਰ ਖਾਲੀ ਪਏ ਬਰਤਨਾਂ ਨੂੰ ਉਲਟਾ ਕਰ ਦੇਣਾ ਚਾਹੀਦਾ ਹੈ। ਅਗਰ ਕਿਸੇ ਜਗ੍ਹਾਂ ਤੇ ਪਾਣੀ ਖੜ੍ਹਾਂ ਮਿਲਦਾ ਹੈ ਤਾਂ ਉਸ ਤੇ ਦਵਾਈ ਦਾ ਛਿੜਕਾਆ ਕੀਤਾ ਜਾਵੈ। ਇਸ ਤੋਂ ਇਲਾਵਾ ਖੜੇ ਪਾਣੀ ਤੇ ਪੁਰਾਣਾ ਕਾਲਾ ਤੇਲ ਵੀ ਪਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਛੱਪੜਾਂ ਵਿੱਚ ਗੰਮਬੂਜੀਆਂ ਮੱਛੀ ਵੀ ਛੱਡੀ ਜਾਂਦੀ ਹੈ ਤਾਂ ਜੋ ਮੱਛਰ ਦਾ ਲਾਰਵਾ ਪਾਣੀ ਤੇ ਪੈਦਾ ਨਾ ਹੋ ਸਕੇ। ਅਧਿਕਾਰੀਆ ਵੱਲੋਂ ਦੱਸਿਆ ਗਿਆ ਕਿ ਜਿਨ੍ਹਾਂ ਸਥਾਨਾਂ ਤੇ ਗੰਦਗੀ ਜਮ੍ਹਾਂ ਹੈ ਉਨ੍ਹਾ ਸਥਾਨਾਂ ਤੇ ਫੋਗਿੰਗ ਕਰਵਾਉਂਣਾਂ ਆਦਿ ਵੀ ਸੁਰੱਖਿਆ ਪ੍ਰਬੰਧਾਂ ਵਿੱਚੋਂ ਹੀ ਇੱਕ ਹੈ।

ਇਸ ਮੋਕੇ ਤੇ ਦਿਸਾ ਨਿਰਦੇਸ ਜਾਰੀ ਕਰਦਿਆਂ ਸ। ਹਰਦੀਪ ਸਿੰਘ ਵਧੀਕ ਡਿਪਟੀ ਕਮਿਸਨਰ ਪਠਾਨਕੋਟ ਨੇ ਕਿਹਾ ਜਿਵੈਂ ਕਿ ਹਰੇਕ ਸਾਲ ਗਰਮੀਆਂ ਦੇ ਮੋਸਮ ਸੁਰੂ ਹੋਣ ਤੋਂ ਪਹਿਲਾ ਹੀ ਡੇਂਗੂ ਮਲੇਰੀਆਂ ਤੋਂ ਬਚਾ ਦੇ ਲਈ ਪੁਖਤਾ ਪ੍ਰਬੰਧ ਕੀਤੇ ਜਾਂਦੇ ਹਨ। ਇਸੇ ਹੀ ਤਰ੍ਹਾਂ ਨਗਰ ਨਿਗਮ ਪਠਾਨਕੋਟ ਵੱਲੋਂ ਵੀ ਗਲੀ ਮੁਹੱਲਿਆਂ ਆਦਿ ਵਿੱਚ ਫੋਗਿੰਗ ਕਰਵਾਉਂਣ ਦਾ ਕੰਮ ਸੁਰੂ ਕਰ ਦਿੱਤਾ ਗਿਆ ਹੈ। ਉਨ੍ਹਾਂ ਪੰਜਾਬ ਰੋਡਵੇਜ ਡਿਪੂ ਪਠਾਨਕੋਟ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਡੀਪੂ ਅੰਦਰ ਜੋ ਵੀ ਪੁਰਾਣੇ ਟਾਇਅਰ ਆਦਿ ਹਨ ਉਨ੍ਹਾਂ ਦਾ ਵਿਸੇਸ ਧਿਆਨ ਰੱਖਿਆ ਜਾਵੈ ਕਿਉਕਿ ਅਕਸਰ ਉਨ੍ਹਾਂ ਵਿੱਚ ਪਾਣੀ ਭਰਿਆ ਰਹਿੰਦਾ ਹੈ ਅਤੇ ਮੱਛਰ ਦਾ ਲਾਰਵਾ ਬਣਨ ਦੀ ਜਿਆਦਾ ਆਸੰਕਾ ਰਹਿੰਦੀ ਹੈ।

## ਲੋਕ ਪੱਖੀ ਇਨਕਲਾਬੀ ਵਿਗਿਆਨਕ ਚੇਤਨਾ ਦਾ ਬੀਜ਼ ਨਾਸ਼ ਕਰਨ ਤੇ ਤੁਲੀ ਭਾਜਪਾ ਹਕੂਮਤ ਦੇ ਚੌਤਰਫ਼ੇ ਹੱਲੇ ਖ਼ਿਲਾਫ਼

**ਅਲਾਵਲਪੁਰ, (ਮਦਨ ਬੰਗੜ)-** ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਹੁਦੇਦਾਰਾਂ ਦੀ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਹੋਈ ਵਿਸ਼ੇਸ਼ ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ 'ਵਿਸ਼ਵ ਕਾਰਪੋਰੇਟ ਦਾ ਸੰਕਟ, ਲੋਕਾਂ ਉਪਰ ਚੌਤਰਫ਼ਾ ਹੱਲਾ ਅਤੇ



ਇਸ ਖ਼ਿਲਾਫ਼ ਕੀ ਕਰਨਾ ਲੋੜੀਏ? ' ਅਤੇ ਮੁੱਢਲੇ ਮਨੁੱਖੀ ਅਤੇ ਸੰਵਿਧਾਨਕ ਅਧਿਕਾਰਾਂ ਉਪਰ ਵੀ ਬੁਲਡੋਜ਼ਰ ਚਾੜ੍ਹ ਰਹੀ ਅਤੇ ਇਸ ਤੋਂ ਵੀ ਅੱਗੇ ਵਧਕੇ ਲੋਕ-ਪੱਖੀ, ਅਗਾਂਹਵਧੂ ਇਨਕਲਾਬੀ ਵਿਗਿਆਨਕ ਵਿਚਾਰਧਾਰਾ ਦਾ ਬੀਜ਼ ਨਾਸ਼ ਕਰਨ ਤੇ ਤੁਲੀ ਭਾਜਪਾ ਹਕੂਮਤ ਦੇ ਇਰਾਦਿਆਂ ਖਿਲਾਫ਼ ਚੇਤਨਾ ਅਤੇ ਜਨ ਪ੍ਰਤੀਰੋਧ ਉਸਾਰਨ ਦੇ ਵਧੇਰੇ ਕਾਰਜ਼ ਵਿੱਚ ਆਪਣਾ ਯੋਗਦਾਨ ਪਾਉਣ ਲਈ ਭਵਿੱਖ਼ 'ਚ ਕਮੇਟੀ ਨਿਰੰਤਰ ਵੱਖ-ਵੱਖ ਰੂਪਾਂ 'ਚ ਆਪਣੀਆਂ ਸਰਗਰਮੀਆਂ ਜਾਰੀ ਰੱਖੇਗੀ। ਇਸ ਲੜੀ ਵਜੋਂ 28 ਜੂਨ ਦਿਨੇ 11:00 ਵਜੇ ਦੇਸ਼ ਭਗਤ ਯਾਦਗਾਰ ਹਾਲ 'ਚ ਕਨਵੈਨਸ਼ਨ ਕੀਤੀ ਜਾਵੇਗੀ। ਇਸ ਕਨਵੈਨਸ਼ਨ ਨੂੰ ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਦਰਸ਼ਨ ਖਟਕੜ ਅਤੇ ਡਾ। ਪਰਮਿੰਦਰ ਸਿੰਘ ਸੰਬੋਧਨ ਕਰਨਗੇ।

## ਸੰਘਰਸ਼ ਕਮੇਟੀ ਦੇ ਫ਼ੈਸਲੇ ਤੇ ਸਫ਼ਾਈ ਕਰਮਚਾਰੀ ਯੂਨੀਅਨ ਨੇ ਭਾਰੀ ਇਕੱਠ ਕੀਤਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਮਿਊਂਸੀਪਲ ਸੰਘਰਸ਼ ਕਮੇਟੀ ਪੰਜਾਬ ਦੇ ਉਲੀਕੇ ਫੈਸਲੇ ਝੰਡਾ ਰੈਲੀ ਨੂੰ ਮੁੱਖ ਰੱਖਦੇ ਹੋਏ ਹੁਸ਼ਿਆਰਪੁਰ ਵਿਖੇ ਸਫਾਈ ਕਰਮਚਾਰੀ ਯੂਨੀਅਨ ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਯੂਨੀਅਨ ਦਫਤਰ ਸਫਾਈ ਕਰਮਚਾਰੀਆਂ ਦਾ ਭਾਰੀ ਇਕੱਠ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਕਰਨਜੋਤ ਆਦੀਆ ਦੇ ਹੇਠ ਕੀਤੀ ਗਈ। ਇਸ ਮੌਕੇ ਤੇ ਸੰਘਰਸ਼ ਕਮੇਟੀ ਦੇ ਸਰਪਰਸਤ ਸ. ਕੁਲਵੰਤ ਸਿੰਘ ਸੈਣੀ ਵੀ ਪਹੁੰਚੇ। ਇਹ ਰੈਲੀ ਯੂਨੀਅਨ ਦਫਤਰ ਤੋਂ ਚੱਲ ਕੇ ਕਮੇਟੀ ਬਜ਼ਾਰ, ਗੌਰਾਂ ਗੇਟ ਹੁੰਦਿਆਂ ਹੋਇਆ ਘੰਟਾ ਘਰ ਚੌਂਕ ਵਿੱਚ ਪਹੁੰਚ ਕੇ ਮੁਲਾਜ਼ਮਾਂ ਵਲੋਂ ਪੰਜਾਬ ਸਰਕਾਰ ਦੇ ਖਿਲਾਫ ਜਮਕੇ ਨਾਰ੍ਹੇਬਾਜ਼ੀ ਕੀਤੀ ਗਈ ਅਤੇ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਸਭ ਤੋਂ ਨਿਕੰਮੀ ਪੰਜਾਬ ਸਰਕਾਰ ਦਾ ਪੁਤਲਾ ਫੁਕਿਆ ਗਿਆ। ਇਸ ਮੌਕੇ ਤੇ ਬੁਲਾਰਿਆਂ ਵਲੋਂ ਕਿਹਾ ਗਿਆ ਕਿ ਜੇਕਰ ਸਰਕਾਰ ਕੱਚੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਅਣਦੇਖਿਆਂ ਕਰੇਗੀ ਤਾਂ ਜਲਦ ਆਉਣ ਵਾਲੇ ਦਿਨਾ ਵਿੱਚ ਨਗਰ ਨਿਗਮ ਦਾ ਕੰਮ ਬੰਦ ਕਰਕੇ ਅਣਮਿੱਥੇ ਸਮੇਂ ਦੀ ਹੜਤਾਲ ਕੀਤੀ ਜਾਵੇਗੀ। ਜੇਕਰ ਗੰਦਗੀ ਨੂੰ ਲੈ ਕੇ ਕੋਈ ਬਿਮਾਰੀ ਫੈਲਦੀ ਹੈ ਤਾਂ ਉਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਤੇ ਵਾਈਸ ਪ੍ਰਧਾਨ ਸੋਮਨਾਥ ਆਦੀਆ, ਸੀਨੀਅਰ ਵਾਈਸ ਪ੍ਰਧਾਨ ਵਿਕਰਮਜੀਤ ਬੰਟੀ, ਚੇਅਰਮੈਨ ਬਲਰਾਮ ਭੱਟੀ, ਜੈ ਗੋਪਾਲ, ਕੈਲਾਸ਼ ਗਿਲ, ਹੀਰਾ ਲਾਲ, ਦੇਵ ਕੁਮਾਰ, ਆਸ਼ੂ, ਅਸ਼ੋਕ ਕੁਮਾਰ, ਪਰਦੀਪ ਕੁਮਾਰ, ਜੋਗਿੰਦਰਪਾਲ ਆਦੀਆ, ਪ੍ਰਦੀਪ ਆਦੀਆ, ਲੇਖਰਾਜ ਆਦਿ ਸ਼ਾਮਲ ਸਨ।



## ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਆਇਲਟਸ, ਟਰੈਵਲ ਏਜੰਸੀ ਅਤੇ ਕੰਸਲਟੈਂਸੀ ਸੈਂਟਰਾਂ ਦੇ ਲਾਇਸੰਸ ਰੱਦ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਵਧੀਕ ਜ਼ਿਲ੍ਹਾ ਮੈਜਿਸਟਰੇਟ ਰਾਜੀਵ ਵਰਮਾ ਨੇ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਤਹਿਤ ਕਾਰਵਾਈ ਕਰਦਿਆਂ ਜ਼ਿਲੇ ਵਿਚ ਵੱਖ-ਵੱਖ 14 ਆਇਲਟਸ ਸੈਂਟਰਾਂ, ਕੰਸਲਟੈਂਸੀ ਅਤੇ ਟਰੈਵਲ ਏਜੰਸੀਆਂ ਦੇ ਲਾਇਸੰਸ ਰੱਦ ਕਰਨ ਦੇ ਹੁਕਮ ਜਾਰੀ ਕੀਤੇ ਹਨ । ਜਾਰੀ ਹੁਕਮਾਂ ਅਨੁਸਾਰ ਇਨ੍ਹਾਂ ਆਇਲਟਸ ਸੈਂਟਰਾਂ, ਕੰਸਲਟੈਂਸੀ ਅਤੇ ਟਰੈਵਲ ਏਜੰਸੀਆਂ ਦੇ ਲਾਇਸੰਸ ਧਾਰਕਾਂ ਵੱਲੋਂ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਦੀਆਂ ਧਾਰਾਵਾਂ ਦੀ



ਪਾਲਣਾ ਨਾ ਕਰਨ ਕਰਕੇ ਉਨ੍ਹਾਂ ਦੇ ਲਾਇਸੰਸ ਰੱਦ ਕੀਤੇ ਗਏ ਹਨ। ਵਧੀਕ ਜ਼ਿਲਾ ਮੈਜਿਸਟ੍ਰੇਟ ਨੇ ਕਿਹਾ ਕਿ ਜੇਕਰ ਇਨ੍ਹਾਂ ਫਰਮਾਂ ਜਾਂ ਲਾਇਸੰਸ ਧਾਰਕਾਂ ਖ਼ਿਲਾਫ਼ ਕੋਈ ਵਿੱਚ ਸ਼ਿਕਾਇਤ ਹੁੰਦੀ ਹੈ ਤਾਂ ਫਰਮ ਦਾ ਲਾਇਸੰਸੀ ਹਰ ਪੱਖੋਂ ਜ਼ਿੰਮੇਵਾਰ ਹੋਵੇਗਾ ਅਤੇ ਇਸ ਦੀ ਭਰਪਾਈ ਦੀ ਜ਼ਿੰਮੇਵਾਰੀ ਵੀ ਉਸ ਦੀ ਖੁਦ ਦੀ ਹੋਵੇਗੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਫਰਮਾਂ ਵੱਲੋਂ ਲਾਇਸੰਸ ਦੀ ਮਿਆਦ ਖਤਮ ਹੋਣ ਦੀ ਮਿਤੀ ਤੋਂ ਦੋ ਮਹੀਨੇ ਪਹਿਲਾਂ ਸੰਬੰਧਤ ਦਸਤਾਵੇਜ਼ਾਂ ਸਮੇਤ ਅਪਲਾਈ ਕੀਤਾ ਜਾਣਾ ਲਾਜ਼ਮੀ ਹੈ ਪਰ ਲਾਇਸੰਸ ਧਾਰਕਾਂ ਵੱਲੋਂ ਕੋਈ ਦਸਤਾਵੇਜ ਨਿਰਧਾਰਤ ਸਮੇਂ ਅੰਦਰ ਪੇਸ਼ ਨਹੀਂ ਕੀਤਾ ਗਿਆ।

ਲਾਇਸੰਸ ਧਾਰਕਾਂ ਨੂੰ ਕਾਰਨ ਦੱਸੋ ਨੋਟਿਸ ਵੀ ਜਾਰੀ ਕੀਤੇ ਗਏ ਅਤੇ ਸੰਬੰਧਤ ਅਥਾਰਟੀ ਤੋਂ ਇਨ੍ਹਾਂ ਫ਼ਰਮਾਂ ਬਾਰੇ ਰਿਪੋਰਟ ਪ੍ਰਾਪਤ ਹੋਣ 'ਤੇ ਲਾਇਸੰਸ ਰੱਦ ਕਰ ਦਿੱਤੇ ਗਏ। ਜਾਰੀ ਹੁਕਮਾਂ ਅਨੁਸਾਰ ਜਿਨ੍ਹਾਂ ਆਇਲਟਸ ਸੈਂਟਰਾਂ, ਕੰਸਲਟੈਂਸੀ ਅਤੇ ਟਰੈਵਲ ਏਜਸੀਆਂ ਦੇ ਲਾਇਸੰਸ ਰੱਦ ਕੀਤੇ ਗਏ ਉਨ੍ਹਾਂ ਵਿੱਚ ਮੈਸ. ਗਲੋਬਲ ਡਰੀਮ ਇਮੀਗ੍ਰੇਸ਼ਨ, ਰੇਲਵੇ ਰੋਡ ਨਵਾਂਸ਼ਹਿਰ, ਮੈਸ. ਸਮਾਰਟ ਗਾਈਡੈਂਸ ਐਜੂਕੇਸ਼ਨ ਕੰਸਲਟੈਂਸੀ, ਮੁਕੰਦਪੁਰ ਰੋਡ ਬਡਵਾਲ ਕੰਪਲੈਕਸ, ਮੈਸ. ਸੈਨਿਕ ਅਕੈਡਮੀ, ਥਿੰਦ ਪਲਾਜਾ ਨੇੜੇ ਵਿਸ਼ਵਕਰਮਾ ਮੰਦਰ ਨਵਾਂਸ਼ਹਿਰ, ਮੈਸ. ਮੈਤਰੇਵਾ ਇਮੀਗ੍ਰੇਸ਼ਨ, ਨੇੜੇ ਬੱਸ ਅੱਡਾ ਨਵਾਂਸ਼ਹਿਰ, ਮੈਸ. ਫਲਾਈਵੇਅ ਇਮੀਗ੍ਰੇਸ਼ਨ ਕੰਸਲਟੈਂਸੀ ਬਰਨਾਲਾ ਰੋਡ ਨਵਾਂਸ਼ਹਿਰ, ਮੈਸ. ਮਿਲੇਨੀਅਮ ਆਇਲਟਸ ਸੈਂਟਰ ਬੰਗਾ ਰੋਡ ਨਵਾਂਸ਼ਹਿਰ, ਮੈਸ. ਪੀ. ਸੀ. ਐਸ. ਗਲੋਬਲ ਵੀਜ਼ਾ ਸਰਵਿਸ, ਬੰਗਾ ਰੋਡ ਨਵਾਂਸ਼ਹਿਰ, ਮੈਸ. ਏ. ਐਂਡ. ਜੇ ਆਇਲਟਸ ਕੋਚਿੰਗ ਸੈਂਟਰ, ਬੰਗਾ ਰੋਡ ਨਵਾਂਸ਼ਹਿਰ, ਮੈਸ. ਯੂਨਿਕ ਐਜੂਕੇਸ਼ਨ ਅਬਰੋਡ, ਅੰਬੇਡਕਰ ਚੌਕ ਨਵਾਂਸ਼ਹਿਰ, ਮੈਸ. ਵਿਕਟਰੀ ਡਰੀਮ ਕੋਚਿੰਗ ਸੈਂਟਰ, ਕੁਲਾਮ ਰੋਡ ਨਵਾਂਸ਼ਹਿਰ, ਮੈਸ. ਇਜੀਵੇਅ ਮਾਈਗ੍ਰੇਸ਼ਨ ਕੰਸਲਟੈਂਸੀ ਸਾਹਮਣੇ ਪੁਰਾਣਾ ਐਸ. ਐਸ. ਐਸ. ਪੀ ਦਫ਼ਤਰ ਨਵਾਂਸ਼ਹਿਰ, ਮੈਸ. ਅਚੀਵਰਜ ਸਕੂਲ ਆਫ ਐਜੂਕੇਸ਼ਨ ਰਾਹੋਂ, ਮੈਸ. ਆਇਲਟਸ ਵਿਧ ਹਰਪ੍ਰੀਤ, ਬੰਗਾ ਰੋਡ ਨਵਾਂਸ਼ਹਿਰ ਅਤੇ ਮੈਸ. ਫ਼ਾਸਟਟਰੈਕ ਐਜੈਕੇਅਰ ਸਟੂਡੈਂਟ ਸਰਵਿਸਜ਼ ਮੁਕੰਦਪੁਰ ਵੀ ਸ਼ਾਮਲ ਹੈ।

## ਜ਼ਿਲੇ 'ਚ ਬਾਲ ਭਲਾਈ ਕਮੇਟੀ ਅਤੇ ਜੁਵੇਨਾਇਲ ਜਸਟਿਸ ਬੋਰਡ ਦਾ ਜਲਦ ਹੋਵੇਗਾ ਗਠਨ - ਡਿਪਟੀ ਕਮਿਸ਼ਨਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਜ਼ਿਲੇ ਵਿਚ 0-18 ਸਾਲ ਉਮਰ ਤੱਕ ਦੇ ਬੱਚਿਆਂ ਦੀ ਸੁਰੱਖਿਆ ਅਤੇ ਦੇਖਭਾਲ ਲਈ ਜੁਵੇਨਾਇਲ ਜਸਟਿਸ ਐਕਟ 2015 ਤਹਿਤ ਬਾਲ ਭਲਾਈ ਕਮੇਟੀ ਅਤੇ ਜੁਵੇਨਾਇਲ ਜਸਟਿਸ ਬੋਰਡ ਦਾ ਗਠਨ ਜਲਦ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੁਵੇਨਾਇਲ ਜਸਟਿਸ ਐਕਟ ਤਹਿਤ 18 ਸਾਲ ਤੱਕ ਦੇ ਬੱਚਿਆਂ ਦੇ ਅਧਿਕਾਰਾਂ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਾਨੂੰਨ ਵਿਚ ਵੱਖ-ਵੱਖ ਵਿਵਸਥਾਵਾਂ ਹਨ ਜਿਨ੍ਹਾਂ ਨੂੰ ਜ਼ਮੀਨੀ ਪੱਧਰ ਤੱਕ ਲਾਗੂ ਕਰਨ ਵਿਚ ਬਾਲ ਭਲਾਈ ਕਮੇਟੀ ਅਤੇ ਜੁਵੇਨਾਇਲ ਜਸਟਿਸ ਬੋਰਡ ਦੀ ਅਹਿਮ ਭੂਮਿਕਾ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਕਮੇਟੀ ਅਤੇ ਬੋਰਡ ਕੋਲ ਬੱਚਿਆਂ ਦੇ ਅਧਿਕਾਰਾਂ ਦੀ



ਰਾਖੀ ਲਈ ਯੋਗ ਫੈਸਲੇ ਲੈਣ ਦਾ ਅਧਿਕਾਰ ਹੁੰਦਾ ਹੈ । ਉਨ੍ਹਾਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਨਗਰ ਜ਼ਿਲੇ ਵਿਚ ਪਹਿਲਾਂ ਬਣੀ ਕਮੇਟੀ ਅਤੇ ਬੋਰਡ ਦੀ ਮਿਆਦ ਖਤਮ ਹੋ ਚੁੱਕੀ ਹੈ ਜਿਸ ਕਰਕੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਬੋਰਡ ਲਈ ਦੋ, ਕਮੇਟੀ ਲਈ ਇੱਕ ਚੇਅਰਪਰਸਨ ਅਤੇ ਚਾਰ ਮੈਂਬਰਾਂ ਦੀ ਨਿਯੁਕਤੀ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਬੱਚਿਆਂ ਦੇ ਅਧਿਕਾਰਾਂ ਦੀ ਰਾਖੀ ਲਈ ਕਮੇਟੀ ਅਤੇ ਬੋਰਡ ਦੇ ਮੈਂਬਰਾਂ ਦੀ ਨਿਯੁਕਤੀ ਤਿੰਨ ਸਾਲ ਲਈ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਹ ਨਿਯੁਕਤੀ ਜੁਵੇਨਾਇਲ ਜਸਟਿਸ ਐਕਟ ਦੀ ਧਾਰਾ 27 ਅਤੇ 4 ਅਨੁਸਾਰ ਕੀਤੀ ਜਾਣੀ ਹੈ ਜਿਸ ਲਈ ਯੋਗ ਉਮੀਦਵਾਰਾਂ ਵੱਲੋਂ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀ ਵੈਬਸਾਈਟ sswcd.punjab.govi.n 'ਤੇ ਦਿੱਤੇ ਗਏ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਅਪਲਾਈ ਕੀਤਾ ਜਾ ਸਕਦਾ ਹੈ ਜਿਸ ਦੀ ਅੰਤਮ ਮਿਤੀ 17 ਜੂਨ 2025 ਹੈ । ਜ਼ਿਕਰਯੋਗ ਹੈ ਕਿ ਇਸ ਬਾਬਤ ਹੋਰ ਜਾਣਕਾਰੀ ਲਈ ਜਿਲ੍ਹਾ ਬਾਲ ਸੁਰੱਖਿਆ ਦਫ਼ਤਰ ਦੇ ਕਮਰਾ ਨੰ। 416 ਤੀਜੀ ਮੰਜਿਲ,ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੀ ਸੰਪਰਕ ਕੀਤਾ ਜਾ ਸਕਦਾ ਹੈ । ਵਿਭਾਗ ਦੀ ਵੈਬਸਾਈਟ 'ਤੇ ਦਿੱਤੇ ਗਏ ਨਿਯਮਾਂ ਅਤੇ ਸ਼ਰਤਾਂ ਪੂਰੀਆਂ ਕਰਨ ਵਾਲੇ ਉਮੀਦਵਾਰ ਆਪਣਾ ਬਿਨੈ ਪੱਤਰ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਦਫ਼ਤਰ ਐਸ.ਸੀ. ਨੰਬਰ 102 ਅਤੇ 103 ਪਿਕਾਡਲੀ ਸਿਨੇਮਾ ਦੇ ਪਿੱਛੇ ਸੈਕਟਰ 34-ਏ, ਚੰਡੀਗੜ੍ਹ ਵਿਖੇ ਰਜਿਸਟਰਡ, ਡਾਕ ਜਾਂ ਸਪੀਡ ਪੋਸਟ ਰਾਹੀਂ ਜਾਂ ਈਮੇਲ cwcjjb.recriutment25@punjab.govi.n 'ਤੇ ਭੇਜ ਸਕਦੇ ਹਨ।

# ਪੰਜਾਬ ਦੀਆਂ ਕਮਿਊਨਿਸਟ ਪਾਰਟੀਆਂ ਤੇ ਇਨਕਲਾਬੀ ਜਥੇਬੰਦੀਆਂ ਵੱਲੋਂ ਰੋਹ ਭਰਪੂਰ ਮਾਰਚ

**ਜਲੰਧਰ–** ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪੰਜਾਬ ਦੀਆਂ ਕਮਿਊਨਿਸਟ ਪਾਰਟੀਆਂ ਤੇ ਇਨਕਲਾਬੀ ਜਥੇਬੰਦੀਆਂ ਵੱਲੋਂ ਕੇਂਦਰ ਦੀ ਛੱਤੀਸਗੜ੍ਹ ਅਤੇ ਹੋਰ ਇਲਾਕਿਆਂ ਚੋਂ ਮਾਉਵਾਦੀਆਂ ਤੇ ਨੈਕਸਲਾਈਟਾਂ ਨੂੰ ਖਤਮ ਕਰਨ, ਦੇਸ਼ ਦੀ ਵਸੋਂ ਵਿੱਚ ਫਿਰਕਾਪ੍ਰਸਤੀ ਦਾ ਜ਼ਹਿਰ ਘੋਲਣ ਤੇ ਭਰਾ ਭਰਾ ਵਿੱਚ ਪਾੜਾ ਪਾਉ ਅਤੇ ਹਿੰਦ ਦੀ ਧਰਤੀ ਨੂੰ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਵਾਲੀ ਨੀਤੀ ਵਿਰੁੱਧ ਕਨਵੈਨਸ਼ਨ ਕਰਨ ਤੋਂ ਬਾਅਦ ਜਲੰਧਰ ਦੀਆਂ ਸੜਕਾਂ ਤੇ ਰੋਹ ਭਰਪੂਰ ਮਾਰਚ ਕੀਤਾ। ਕਨਵੈਨਸ਼ਨ ਦੀ ਪ੍ਰਧਾਨਗੀ ਸੂਬਾਈ ਆਗੂਆਂ ਪਿਰਥੀਪਾਲ ਸਿੰਘ ਮਾੜੀਮੇਘਾ, ਰਤਨ ਸਿੰਘ ਰੰਧਾਵਾ, ਅਜਮੇਰ ਸਿੰਘ, ਜਸਬੀਰ ਕੌਰ ਨੱਤ, ਨਰਿੰਜਨ ਸਿੰਘ ਸਫੀਪੁਰ, ਮੁਖਤਿਆਰ ਸਿੰਘ ਪੂਹਲਾ ਨੇ ਕੀਤੀ। ਸੰਬੋਧਨ ਕਰਨ ਵਾਲਿਆਂ ਵਿੱਚ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ, ਆਰ ਐਮ ਪੀ ਆਈ ਦੇ ਕੁੱਲ ਹਿੰਦ ਜਨਰਲ ਸਕੱਤਰ ਮੰਗਤ ਰਾਮ ਪਾਸਲਾ, ਸੀ ਪੀ ਆਈ ਐਮ ਐਲ ਨਿਊ ਡੈਮੋਕਰੇਸੀ ਦੇ ਦਰਸ਼ਨ ਸਿੰਘ ਖਟਕੜ, ਸੀ ਪੀ ਆਈ ਐਮ ਐਲ ਲਿਬਰੇਸ਼ਨ ਦੇ ਗੁਰਮੀਤ ਸਿੰਘ ਬਖਤਪੁਰਾ, ਇਨਕਲਾਬੀ ਕੇਂਦਰ ਪੰਜਾਬ ਦੇ ਮੁਖਤਿਆਰ ਸਿੰਘ ਪੂਹਲਾ ਅਤੇ ਐਮ ਸੀ ਪੀ ਆਈ ਯੂ ਦੇ ਕਿਰਨਜੀਤ ਸਿੰਘ ਸੇਖੋਂ ਸਨ। ਬੁਲਾਰਿਆਂ ਨੇ ਕੇਂਦਰ ਦੀ ਬੀਜੇਪੀ ਦੀ ਅਗਵਾਈ ਵਾਲੀ ਸਰਕਾਰ ਦੀ ਪੁਰਜ਼ੋਰ ਨਿੰਦਾ ਕਰਦਿਆਂ ਕਿਹਾ ਕਿ ਮਾਉਵਾਦੀਆਂ ਤੇ ਨਕਸਲਬਾੜੀਆਂ ਦੇ ਫਰਜ਼ੀ ਪੁਲੀਸ ਮੁਕਾਬਲੇ ਫੌਰੀ ਤੌਰ ਤੇ ਬੰਦ ਕੀਤੇ ਜਾਣ। ਨਕਸਲਾਈਟ ਖਤਮ ਕਰਨ ਦੇ ਬਹਾਨੇ ਜੰਗਲਾਂ ਵਿੱਚ ਮੁੱਡ ਕਦੀਮ ਤੋਂ ਵੱਸਦੇ ਆਦਿਵਾਸੀਆਂ ਦੇ ਪਿੰਡਾਂ ਦੇ ਪਿੰਡ ਉਜਾੜ ਦਿੱਤੇ ਗਏ ਹਨ। ਜਲ, ਜੰਗਲ, ਜ਼ਮੀਨ ਕਾਰਪੋਰੇਟ ਘਰਾਣਿਆਂ ਨੂੰ ਧੜਾ ਧੜ ਵੇਚੇ ਜਾ ਰਹੇ ਹਨ। ਬੁਲਾਰਿਆਂ ਨੇ ਮੰਗ ਕੀਤੀ ਕਿ ਕੇਂਦਰ ਹਕੂਮਤ ਵਿਰੁੱਧ ਬੋਲਣ ਤੇ ਲਿਖਣ ਵਾਲੇ ਬੁੱਧੀਜੀਵੀ, ਪੱਤਰਕਾਰ, ਅਗਾਂਹਵਧੂ ਆਗੂਆਂ ਤੇ ਚੈਨਲਾਂ ਵਾਲਿਆਂ ਨੂੰ ਫੌਰੀ ਤੌਰ ਤੇ ਰਿਹਾ ਕੀਤਾ ਜਾਵੇ। ਕਨਵੈਨਸ਼ਨ ਵਿੱਚ ਮੱਤਾ ਪਾਸ ਕੀਤਾ ਗਿਆ ਕਿ ਦੇਸ਼ ਭਰ ਵਿੱਚ ਘੱਟ ਗਿਣਤੀਆਂ ਵਿਸ਼ੇਸ਼ਕਰ ਮੁਸਲਮਾਨਾਂ ਖਿਲਾਫ ਨਫ਼ਰਤ ਫੈਲਾਉਣ ਵਾਲੀ ਮੁਹਿੰਮ ਬੰਦ ਕੀਤੀ ਜਾਵੇ ਅਤੇ ਵਕਫ ਬੋਰਡ ਵਿੱਚ ਕੀਤੀਆਂ ਮੁਸਲਮਾਨ ਵਿਰੋਧੀ ਅਮੈਂਡਮੈਂਟਾਂ ਰੱਦ ਕੀਤੀਆਂ ਜਾਣ। ਅੱਜ ਦੀ ਕਨਵੈਨਸ਼ਨ ਪਹਿਲਗਾਮ ਘਟਨਾ ਦੀ ਆੜ ਵਿੱਚ ਕੇਂਦਰ ਸਰਕਾਰ ਵੱਲੋਂ ਸੰਧੂਰ ਅਪਰੇਸ਼ਨ ਦੇ ਪ੍ਰਚਾਰ ਨਾਲ ਆਪਣੀ ਹਕੂਮਤ ਦੀ ਮਜ਼ਬੂਤੀ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਪਰਦਾ ਫਾਸ਼ ਕਰਨ ਦਾ ਦੇਸ਼ ਦੇ ਲੋਕਾਂ ਨੂੰ ਸੱਦਾ ਦਿੰਦੀ ਹੈ। ਕਨਵੈਨਸ਼ਨ ਇਹ ਵੀ ਮੰਗ ਕਰਦੀ ਹੈ ਕਿ ਇਜ਼ਰਾਈਲ ਵੱਲੋਂ ਫਲਸਤਨੀਆਂ ਦਾ ਕਤਲੇਆਮ ਬੰਦ ਕੀਤਾ ਜਾਵੇ ਅਤੇ ਫਲਸਤੀਨ ਦੇਸ਼ ਆਜ਼ਾਦ ਕੀਤਾ ਜਾਵੇ।




ਕਨਵੈਨਸ਼ਨ ਵਿੱਚ ਮਤਾ ਪਾਸ ਕੀਤਾ ਗਿਆ ਕਿ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਵਿਦੇਸ਼ਾਂ ਚੋਂ ਅਮਰੀਕਾ ਵਿਖੇ ਪੜ੍ਹਨ ਆਏ ਵਿਦਿਆਰਥੀਆਂ ਨੂੰ ਜ਼ਬਰਨ ਕੱਢਣਾ ਅਤੇ ਹਿੰਦੁਸਤਾਨ ਦੇ ਵਿਦਿਆਰਥੀਆਂ ਨੂੰ ਹੱਥ ਕੜੀਆਂ ਅਤੇ ਬੇੜੀਆਂ ਲਾ ਕੇ ਹਿੰਦੁਸਤਾਨ ਭੇਜਣ ਵਿਰੁੱਧ ਅਤੇ ਟਰੰਪ ਦੀ ਕੌਮਾਂਤਰੀ ਪੱਧਰ ਦੀ ਟਰੇਡ ਵਾਰ ਦੀ ਨਿਖੇਧੀ ਕਰਦੀ ਹੋਈ ਆਵਾਮ ਨੂੰ ਸੱਦਾ ਦਿੰਦੀ ਹੈ ਕਿ ਉਹ ਟਰੰਪ ਦੀ ਨੀਤੀ ਦਾ ਜ਼ੋਰਦਾਰ ਵਿਰੋਧ ਕਰਨ। ਪੰਜਾਬ ਸਰਕਾਰ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਸੰਘਰਸ਼ ਨੂੰ ਦਬਾਉਣ ਦੀ ਨੀਤੀ ਖ਼ਤਮ ਕਰਕੇ।

ਮਤਾ ਪਾਸ ਕੀਤਾ ਕਿ ਪੰਜਾਬ ਸਰਕਾਰ 17 ਜਿਲ੍ਹਿਆਂ ਵਿੱਚ ਉਪਜਾਊ ਜ਼ਮੀਨਾਂ ਤੇ ਅਰਬਨ ਅਸਟੇਟ ਬਣਾਉਣ ਦੇ ਕਾਰਪੋਰੇਟ ਤੇ ਲੁਟੇਰੇ ਕਦਮਾਂ ਦੀ ਨਿੰਦਾ ਕਰਦੀ ਹੋਈ ਲੋਕਾਂ ਨੂੰ ਸਰਕਾਰ ਦੀ ਇਸ ਨੀਤੀ ਵਿਰੁੱਧ ਲਾਮਬੰਦੀ ਦਾ ਹੋਕਾ ਦਿੰਦੀ ਹੈ। ਸਟੇਜ ਸੰਚਾਲਕ ਦੀ ਜ਼ਿੰਮੇਵਾਰੀ ਕੰਵਲਜੀਤ ਖੰਨਾ ਨੇ ਬਾਖੂਬੀ ਨਿਭਾਈ।

# ਸ਼ਹੀਦ ਥਾਣੇਦਾਰ ਕੁਲਦੀਪ ਸਿੰਘ ਦੀ ਨਿੱਘੀ ਯਾਦ ਵਿੱਚ ਲਗਾਇਆ ਅੱਖਾਂ ਦੀ ਫਰੀ ਜਾਂਚ ਕੈਂਪ ਅਤੇ ਲੋੜਵੰਦਾਂ ਨੂੰ ਫਰੀ ਐਨਕਾਂ ਕੀਤੀਆਂ ਪ੍ਰਦਾਨ

**ਫਗਵਾੜਾ (ਬੀ.ਕੇ. ਰੱਤੂ)** ਪਿੰਡ ਗੁਣਾਚੌਰ ਦੇ ਵਾਸੀ ਸ਼ਹੀਦ ਥਾਣੇਦਾਰ ਕੁਲਦੀਪ ਸਿੰਘ ਦੀ ਦੂਜੀ ਬਰਸੀ ਮੌਕੇ ਗੁਰਦੁਆਰਾ ਗੁਰੂ ਰਵਿਦਾਸ ਪਿੰਡ ਗੁਣਾਚੌਰ ਵਿਖੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਮਾਹਿਰ ਡਾਕਟਰ ਸਾਹਿਬਾਨ ਵੱਲੋਂ 208 ਮਰੀਜ਼ਾਂ ਦੀਆਂ ਅੱਖਾਂ ਦਾ ਫਰੀ ਚੈੱਕਅੱਪ ਕਰਕੇ ਉਹਨਾਂ ਨੂੰ ਦਵਾਈਆਂ ਅਤੇ ਨਜ਼ਰ ਦੀਆਂ ਐਨਕਾਂ ਮੁਫਤ ਦਿੱਤੀਆਂ ਕੀਤੀਆਂ। ਇਸ ਮੌਕੇ ਸਭ ਤੋਂ ਪਹਿਲਾ ਸ਼ਹੀਦ ਥਾਣੇਦਾਰ ਕੁਲਦੀਪ ਸਿੰਘ ਨੂੰ ਸ਼ਰਧਾ ਸੁਮਨ ਭੇਟ ਕਰਕੇ ਯਾਦ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਵਿਧਾਇਕ ਡਾ।ਨਛੱਤਰ ਪਾਲ ਵਿਧਾਇਕ, ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ, ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ, ਐਸ.ਐਚ.ਉ. ਮਹਿੰਦਰ ਸਿੰਘ ਨੇ ਉਹਨਾਂ ਦੀ ਨਿੱਘੀ ਤੇ ਮਿੱਠੀ ਯਾਦ ਵਿੱਚ ਸਮੂਹ ਪਰਿਵਾਰ ਵੱਲੋਂ ਇਲਾਕੇ ਦੇ ਲੋੜਵੰਦਾਂ ਲਈ ਅੱਖਾਂ ਦੀ ਜਾਂਚ ਕਰਵਾਉਣ ਅਤੇ ਫਰੀ ਐਨਕਾਂ ਪ੍ਰਦਾਨ ਕਰਨ ਦੇ ਨਿਸ਼ਕਾਮ ਸੇਵਾ ਕਾਰਜ ਦੀ ਭਾਰੀ ਸ਼ਲਾਘਾ ਕੀਤੀ । ਬਸਪਾ ਪੰਜਾਬ ਦੇ ਇੰਚਾਰਜ ਡਾ. ਨਛਤਰ ਪਾਲ ਵਿਧਾਇਕ ਹਲਕਾ ਨਵਾਸ਼ਹਿਰ, ਬਸਪਾ ਆਗੂ ਪ੍ਰਵੀਨ ਬੰਗਾ ਨੇ ਸਰਧਾਂਜਲੀ ਭੇਂਟ ਕਰਦੇ ਹੋਏ ਸ਼ਹੀਦ ਕੁਲਦੀਪ ਸਿੰਘ ਨੂੰ ਸਰਧਾਂਜਲੀ ਭੇਂਟ ਕੀਤੀ ਕੁਲਦੀਪ ਸਿੰਘ ਵਰਗੇ ਹੋਰ ਸ਼ਹੀਦਾਂ ਨੂੰ ਬਣਦਾ ਮਾਣ ਸਤਿਕਾਰ ਦੇਣਾ ਪੰਜਾਬ ਸਰਕਾਰ ਦਾ ਫਰਜ ਬਣਦਾ ਹੈ, ਤਾਂ ਜੋ ਮੁਲਾਜਮ ਇਮਾਨਦਾਰੀ ਨਾਲ ਡਿਊਟੀ ਨਿਭਾਉਣ। ਇਸ ਮੌਕੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਮਾਹਿਰ ਉਪਟੋਮੀਟੀਰੀਅਸ ਮੈਡਮ ਦਲਜੀਤ ਕੌਰ ਦੀ ਅਗਵਾਈ ਹੇਠ ਹਸਪਤਾਲ ਦੀ ਮੈਡੀਕਲ ਟੀਮ ਨੇ ਕੈਂਪ ਵਿਚ ਆਏ 208 ਤੋਂ ਵੱਧ ਮਰੀਜ਼ਾਂ ਦੀਆਂ ਅੱਖਾਂ ਦਾ ਫਰੀ ਚੈੱਕਅੱਪ ਕੀਤਾ, ਮੁਫਤ ਐਨਕਾਂ ਅਤੇ ਮੁਫ਼ਤ ਦਵਾਈਆਂ ਪ੍ਰਦਾਨ ਕੀਤੀਆਂ ਗਈਆ। ਇਸ ਦੌਰਾਨ ਲੋੜਵੰਦ ਮਰੀਜ਼ਾਂ ਦਾ ਸ਼ੂਗਰ ਟੈਸਟ ਵੀ ਫਰੀ ਕੀਤਾ ਗਿਆ। ਇਸ ਮੌਕੇ ਅਜੀਤ ਰਾਮ ਸਾਬਕਾ ਸਰਪੰਚ (ਪਿਤਾ ਜੀ ਸ਼ਹੀਦ ਥਾਣੇਦਾਰ ਕੁਲਦੀਪ ਸਿੰਘ) ਨੇ ਸਮੂਹ ਸਹਿਯੋਗੀਆਂ, ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਸਮੂਹ ਪ੍ਰਬੰਧਕਾਂ, ਸਮੂਹ ਮੈਡੀਕਲ ਟੀਮ, ਸਟਾਫ਼ ਅਤੇ ਪਿੰਡ ਗੁਣਾਚੌਰ ਦੇ ਸਮੂਹ ਨਗਰ ਨਿਵਾਸੀਆਂ ਦਾ ਸਹਿਯੋਗ ਦੇਣ ਲਈ ਹਾਰਦਿਕ ਧੰਨਵਾਦ ਕੀਤਾ।ਇਸ ਮੌਕੇ ਸ੍ਰੀ ਅਜੀਤ ਰਾਮ ਸਾਬਕਾ ਸਰਪੰਚ (ਪਿਤਾ ਜੀ), ਸ੍ਰੀਮਤੀ ਵਿਦਿਆ ਕੁਮਾਰੀ (ਮਾਤਾ ਜੀ) ਸ੍ਰੀਮਤੀ ਜਸਵਿੰਦਰ ਕੌਰ (ਪਤਨੀ), ਭੁਪਿੰਦਰ ਸਿੰਘ (ਬੇਟਾ), ਬਸਪਾ ਆਗੂ ਵਿਜੈ ਕੁਮਾਰ ਗੁਣਾਚੌਰ (ਵੱਡਾ ਭਰਾ), ਸ. ਮਨਧੀਰ ਸਿੰਘ ਚੱਠਾ, ਸਰਪੰਚ ਤਲਵਿੰਦਰ ਸਿੰਘ, ਖੁਸ਼ੀ ਰਾਮ, ਦੇਬ ਰਾਮ, ਗੁਰਦੇਬ ਰਾਮ, ਸਤਨਾਮ ਸਿੰਘ, ਇੰਸਪੈਕਟਰ ਜਿੰਦਰ ਸਿੰਘ ਬਲਾਕੀਪੁਰ, ਹਰਬਲਾਸ ਬਸਰਾ, ਮਨੋਹਰ ਕਮਾਮ, ਸੋਮ ਨਾਥ ਰਟੈਂਡਾ, ਸੁਰਿੰਦਰ ਕਰਨਾਣਾ, ਸਤਪਾਲ ਰਟੈਂਡਾ, ਸਰਪੰਚ ਅਸ਼ੋਕ ਖੋਥੜਾ, ਹਰਜਿੰਦਰ ਜੰਡਾਲੀ, ਸਰਬਜੀਤ ਜਾਫਰਪੁਰ, ਸੋਨੂੰ ਲੱਧੜ, ਚਰਨਜੀਤ ਸੱਲਾਂ, ਜਗਦੀਸ਼ ਗੁਰੂ, ਕੁਲਦੀਪ ਵਿਰਦੀ, ਫ਼ਕੀਰ ਚੰਦ, ਭੁਪਿੰਦਰ ਕੁਮਾਰ, ਹਰਜਿੰਦਰ ਕੁਮਾਰ, ਸਤਵਿੰਦਰ ਬਿੱਲਾ, ਲੈਕਚਰਾਰ ਰਵੀ ਬਸਰਾ, ਸਮੂਹ ਪੰਚਾਇਤ ਮੈਂਬਰਾਨ ਅਤੇ ਇਲਾਕੇ ਦੇ ਸਮਾਜ ਸੇਵੀ ਮਰੀਜ਼ਾਂ ਦੀ ਸੇਵਾ ਸੰਭਾਲ ਲਈ ਹਾਜ਼ਰ ਸਨ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ਅਤੇ ਵਾਤਾਵਰਣ ਦੀ ਰਾਖੀ ਲਈ ਛਾਂ-ਦਾਰ ਅਤੇ ਫਲਦਾਰ ਪੌਦੇ ਵੀ ਫਰੀ ਵੰਡੇ ਗਏ।



# ਭਾਰਤ ਦੀ ਆਬਾਦੀ 1.46 ਅਰਬ ਹੋਈ, ਜਣੇਪਾ ਦਰ ਘਟੀ

**ਨਵੀਂ ਦਿੱਲੀ–** ਹਾਲ ਹੀ ਵਿਚ ਆਈ ਸੰਯੁਕਤ ਰਾਸ਼ਟਰ ਜਨਸੰਖਿਆ ਰਿਪੋਰਟ ਦੇ ਅਨੁਸਾਰ ਭਾਰਤ ਦੀ ਆਬਾਦੀ 2025 ਵਿੱਚ 1.46 ਅਰਬ ਤੱਕ ਪਹੁੰਚਣ ਦਾ ਅਨੁਮਾਨ ਹੈ, ਜੋ ਕਿ ਦੁਨੀਆ ਵਿੱਚ ਸਭ ਤੋਂ ਵੱਧ ਹੈ। ਇਸ ਇਲਾਵਾ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਦੇਸ਼ ਦੀ ਕੁੱਲ ਜਣੇਪਾ ਦਰ ਅਸਲ ਵਿਚ ਬਦਲ ਦਰ ਤੋਂ ਹੇਠਾਂ ਆ ਗਈ ਹੈ। ਸੰਯੁਕਤ ਰਾਸ਼ਟਰ ਜਨਸੰਖਿਆ ਰਿਪੋਰਟ ਦੀ 2025 ਸਟੇਟ ਆਫ ਵਰਲਡ ਪਾਪੂਲੇਸ਼ਨ ਰਿਪੋਰਟ 'ਦ ਰੀਅਲ ਫਰਟੀਲਿਟੀ ਕ੍ਰਾਈਸਿਸ' ਉਂਝ ਘਟਦੀ ਜਣੇਪਾ ਦਰ ਦੀ ਥਾਂ ਅਧੂਰੇ ਜਣੇਪਾ ਟੀਚਿਆਂ ਨੂੰ ਸੰਬੋਧਿਤ ਹੋਣ ਦੀ ਲੋੜ 'ਤੇ ਜ਼ੋਰ ਦਿੰਦੀ ਹੈ।

ਇਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਲੱਖਾਂ ਲੋਕ ਆਪਣੇ ਔਲਾਦ ਪੈਦਾ ਕਰਨ ਸਬੰਧੀ ਟੀਚੇ ਹਾਸਲ ਕਰਨ ਦੇ ਯੋਗ ਨਹੀਂ ਹਨ। ਰਿਪੋਰਟ ਮੁਤਾਬਕ ਅਸਲ ਸੰਕਟ ਇਹੋ ਹੈ, ਨਾ ਕਿ ਘੱਟ ਜਾਂ ਜ਼ਿਆਦਾ ਆਬਾਦੀ। ਇਸ ਦਾ ਜਵਾਬ ਵਡੇਰੇ ਜਣੇਪਾ ਮਾਮਲਿਆਂ ਵਿੱਚ ਹੈ – ਭਾਵ, ਕਿਸੇ ਵਿਅਕਤੀ ਦੀ ਕਾਮੁਕਤਾ, ਗਰਭ ਨਿਰੋਧ ਅਤੇ ਪਰਿਵਾਰ ਸ਼ੁਰੂ ਕਰਨ ਬਾਰੇ 150 ਫ਼ੀਸਦੀ ਆਜ਼ਾਦਾਨਾ ਅਤੇ ਸੂਚਿਤ ਚੋਣ ਕਰ ਸਕਣ ਦੀ ਯੋਗਤਾ। ਰਿਪੋਰਟ ਆਬਾਦੀ ਦੀ ਬਣਤਰ, ਜਣੇਪਾ ਸ਼ਕਤੀ ਅਤੇ ਜੀਵਨ ਸੰਭਾਵਨਾ ਵਿੱਚ ਮੁੱਖ ਤਬਦੀਲੀਆਂ ਦਾ ਵੀ ਖੁਲਾਸਾ ਕਰਦੀ ਹੈ, ਜੋ ਇੱਕ ਵੱਡੇ ਜਨਸੰਖਿਆ ਪਰਿਵਰਤਨ ਦਾ ਸੰਕੇਤ ਦਿੰਦੀ ਹੈ।

ਰਿਪੋਰਟ ਵਿੱਚ ਪਾਇਆ ਗਿਆ ਕਿ ਭਾਰਤ ਦੀ ਕੁੱਲ ਜਣੇਪਾ ਦਰ ਪ੍ਰਤੀ ਔਰਤ ਘਟ ਕੇ 1.9 ਜਨਮਾਂ ਤੱਕ ਰਹਿ ਗਈ ਹੈ, ਜੋ ਕਿ 2.1 ਦੇ ਤਬਦੀਲੀ ਦਰ (replacement rate) ਤੋਂ ਘੱਟ ਹੈ। ਇਸਦਾ ਮਤਲਬ ਹੈ ਕਿ ਔਸਤਨ ਭਾਰਤੀ ਔਰਤਾਂ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਆਬਾਦੀ ਦੇ ਆਕਾਰ ਨੂੰ ਬਣਾਈ ਰੱਖਣ ਲਈ ਲੋੜ ਤੋਂ ਘੱਟ ਬੱਚੇ ਪੈਦਾ ਕਰ ਰਹੀਆਂ ਹਨ, ਅਤੇ ਇਸ ਵਿਚ ਪਰਵਾਸ ਦੀ ਭੂਮਿਕਾ ਨਹੀਂ ਹੈ। ਜਨਮ ਦਰ ਘਟਣ ਦੇ ਬਾਵਜੂਦ, ਭਾਰਤ ਦੀ ਨੌਜਵਾਨ ਆਬਾਦੀ ਅਹਿਮ ਬਣੀ ਹੋਈ ਹੈ, ਜਿਹੜੀ 0-14 ਉਮਰ ਵਰਗ ਵਿੱਚ 24 ਫ਼ੀਸਦੀ, 10-19 ਉਮਰ ਵਰਗ ਵਿੱਚ 17 ਫ਼ੀਸਦੀ ਅਤੇ 10-24 ਉਮਰ ਵਰਗ ਵਿੱਚ 26 ਫ਼ੀਸਦੀ ਆਬਾਦੀ ਹੈ।

ਇਸ ਤਰ੍ਹਾਂ ਦੇਸ਼ ਦੀ 68 ਫ਼ੀਸਦੀ ਆਬਾਦੀ ਕੰਮ ਕਰਨ ਦੀ ਉਮਰ (15-64) ਵਾਲੀ ਹੈ ਅਤੇ ਇਸ ਨੂੰ ਜੇ ਢੁਕਵੀਂ ਰੁਜ਼ਗਾਰ ਅਤੇ ਨੀਤੀ ਸਹਾਇਤਾ ਨਾਲ ਮੇਲ ਲਿਆ ਜਾਵੇ ਤਾਂ ਇਹ ਇੱਕ ਸੰਭਾਵੀ ਜਨਸੰਖਿਆ ਲਾਭਅੰਸ਼ ਪ੍ਰਦਾਨ ਕਰ ਸਕਦੀ ਹੈ। ਬਜ਼ੁਰਗ ਆਬਾਦੀ (65 ਅਤੇ ਇਸ ਤੋਂ ਵੱਧ) ਵਰਤਮਾਨ ਵਿੱਚ 7 ਫ਼ੀਸਦੀ ਹੈ, ਪਰ ਇਹ ਇੱਕ ਅਜਿਹਾ ਅੰਕੜਾ ਹੈ, ਜਿਸ ਦੇ ਆਗਾਮੀ ਦਹਾਕਿਆਂ ਵਿੱਚ ਜੀਵਨ ਸੰਭਾਵਨਾ ਵਿੱਚ ਸੁਧਾਰ ਨਾਲ ਵਧਣ ਦੀ ਉਮੀਦ ਹੈ।

ਸਾਲ 2025 ਤੱਕ, ਜਨਮ ਸਮੇਂ ਜੀਵਨ ਸੰਭਾਵਨਾ ਮਰਦਾਂ ਲਈ 71 ਸਾਲ ਅਤੇ ਔਰਤਾਂ ਲਈ 74 ਸਾਲ ਹੋਣ ਦਾ ਅਨੁਮਾਨ ਹੈ। ਸੰਯੁਕਤ ਰਾਸ਼ਟਰ ਦੇ ਅਨੁਮਾਨਾਂ ਅਨੁਸਾਰ, ਭਾਰਤ ਦੀ ਆਬਾਦੀ ਇਸ ਸਮੇਂ 1,46.39 ਕਰੋੜ ਹੈ। ਭਾਰਤ ਹੁਣ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ, ਜਿਸ ਵਿੱਚ ਲਗਭਗ ਡੇਢ (1.50) ਅਰਬ ਲੋਕ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਹ ਗਿਣਤੀ ਹੁਣ ਤੋਂ ਲਗਭਗ 40 ਸਾਲਾਂ ਬਾਅਦ ਘਟਣ ਤੋਂ ਪਹਿਲਾਂ ਲਗਭਗ 1.7 ਅਰਬ ਤੱਕ ਪੁੱਜਣ ਦੀ ਉਮੀਦ ਹੈ।



ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਅੰਕੜਿਆਂ ਦੇ ਪਿੱਛੇ ਲੱਖਾਂ ਜੋੜਿਆਂ ਦੀਆਂ ਕਹਾਣੀਆਂ ਹਨ, ਜਿਨ੍ਹਾਂ ਨੇ ਆਪਣੇ ਪਰਿਵਾਰ ਸ਼ੁਰੂ ਕਰਨ ਜਾਂ ਵਧਾਉਣ ਦਾ ਫੈਸਲਾ ਕੀਤਾ। ਨਾਲ ਹੀ ਉਨ੍ਹਾਂ ਔਰਤਾਂ ਦੀਆਂ ਕਹਾਣੀਆਂ ਹਨ ਜਿਨ੍ਹਾਂ ਕੋਲ ਇਸ ਬਾਰੇ ਬਹੁਤ ਘੱਟ ਬਦਲ ਸਨ ਕਿ ਉਹ ਗਰਭਵਤੀ ਹੋਈਆਂ ਜਾਂ ਨਹੀਂ, ਅਤੇ ਜੇ ਹੋਈਆਂ ਤਾਂ ਕਦੋਂ ਜਾਂ ਕਿੰਨੀ ਵਾਰ। ਸਾਲ 1960 ਵਿੱਚ ਜਦੋਂ ਭਾਰਤ ਦੀ ਆਬਾਦੀ ਲਗਭਗ 43.6 ਕਰੋੜ ਸੀ, ਔਸਤਨ ਇਕ ਔਰਤ ਦੇ ਲਗਭਗ ਛੇ ਬੱਚੇ ਹੁੰਦੇ ਸਨ। ਉਸ ਸਮੇਂ, ਔਰਤਾਂ ਦਾ ਆਪਣੇ ਸਰੀਰ ਅਤੇ ਜੀਵਨ 'ਤੇ ਅੱਜ ਦੇ ਮੁਕਾਬਲੇ ਘੱਟ ਕੰਟਰੋਲ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਉਦੋਂ 4 ਔਰਤਾਂ ਵਿੱਚੋਂ 1 ਤੋਂ ਵੀ ਘੱਟ ਨੇ ਕਿਸੇ ਨਾ ਕਿਸੇ ਤਰ੍ਹਾਂ ਦੇ ਗਰਭ-ਰੋਕੂ ਤਰੀਕੇ ਦੀ ਵਰਤੋਂ ਕੀਤੀ, ਅਤੇ 2 ਵਿੱਚੋਂ 1 ਤੋਂ ਵੀ ਘੱਟ ਨੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਾਈ ਕੀਤੀ ਸੀ (ਵਿਸ਼ਵ ਬੈਂਕ ਡੇਟਾ, 2020)।

ਦੂਜੇ ਪਾਸੇ ਇਸ ਤੋਂ ਬਾਅਦ ਦੇ ਦਹਾਕਿਆਂ ਵਿੱਚ ਵਿਦਿਅਕ ਪ੍ਰਾਪਤੀ ਵਿੱਚ ਵਾਧਾ ਹੋਇਆ, ਜਣੇਪਾ ਸਿਹਤ ਸੰਭਾਲ ਤੱਕ ਪਹੁੰਚ ਵਿੱਚ ਸੁਧਾਰ ਹੋਇਆ ਅਤੇ ਵਧੇਰੇ ਜ਼ਿਆਦਾ ਔਰਤਾਂ ਆਪਣੀ ਜ਼ਿੰਦਗੀ ਨੂੰ ਪ੍ਰਭਾਵਤ ਕਰਨ ਵਾਲੇ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਨ ਦੇ ਯੋਗ ਹੋਈਆਂ। ਭਾਰਤ ਵਿੱਚ ਹੁਣ ਔਸਤ ਹਰ ਔਰਤ ਦੇ ਲਗਭਗ ਦੋ ਬੱਚੇ ਹਨ।

ਜਦੋਂ ਕਿ ਅੱਜ ਭਾਰਤ ਵਿੱਚ ਹੀ ਨਹੀਂ ਦੂਜੇ ਮੁਲਕਾਂ ਵਿੱਚ ਵੀ ਔਰਤਾਂ ਕੋਲ ਆਪਣੀਆਂ ਮਾਵਾਂ ਜਾਂ ਦਾਦੀਆਂ ਨਾਲੋਂ ਵਧੇਰੇ ਅਧਿਕਾਰ ਅਤੇ ਵਿਕਲਪ ਹਨ। ਪਰ ਇਸ ਮਾਮਲੇ ਵਿਚ ਪੂਰੀ ਤਰ੍ਹਾਂ ਆਪਣੀ ਪਸੰਦ ਦੇ ਫ਼ੈਸਲੇ ਲੈਣ ਦੇ ਕਾਬਲ ਬਣਨ ਲਈ ਉਨ੍ਹਾਂ ਹਾਲੇ ਬੜਾ ਲੰਬਾ ਪੈਂਡਾ ਤੈਅ ਕਰਨਾ ਹੈ ਕਿ ਉਨ੍ਹਾਂ ਦੇ ਬੱਚਿਆਂ ਦੀ ਗਿਣਤੀ, ਜੇ ਹੋਵੇ, ਤਾਂ ਕਿੰਨੀ ਹੋਵੇ ਅਤੇ ਉਹ ਕਦੋਂ ਮਾਂ ਬਣਨਾ ਚਾਹੁੰਦੀਆਂ ਹਨ ਆਦਿ।

ਸੰਯੁਕਤ ਰਾਸ਼ਟਰ ਦੀ ਰਿਪੋਰਟ ਨੇ ਭਾਰਤ ਨੂੰ ਤੇਜ਼ੀ ਨਾਲ ਆਬਾਦੀ ਤਬਦੀਲੀ ਵਿੱਚੋਂ ਗੁਜ਼ਰ ਰਹੇ ਮੱਧ-ਆਮਦਨ ਵਾਲੇ ਦੇਸ਼ਾਂ ਦੇ ਸਮੂਹ ਵਿੱਚ ਰੱਖਿਆ ਹੈ, ਜਿਸ ਵਿੱਚ ਆਬਾਦੀ ਦੁੱਗਣੀ ਹੋਣ ਦਾ ਸਮਾਂ ਹੁਣ 79 ਸਾਲ ਹੋਣ ਦਾ ਅਨੁਮਾਨ ਹੈ। ੍ਰਫਓ ਦੀ ਭਾਰਤ ਪ੍ਰਤੀਨਿਧੀ ਐਂਡਰੀਆ ਐਮ ਵੋਜਨਾਰ ਨੇ ਕਿਹਾ "ਭਾਰਤ ਨੇ ਜਣੇਪਾ ਦਰਾਂ ਨੂੰ ਘਟਾਉਣ ਵਿੱਚ ਅਹਿਮ ਕਾਮਯਾਬੀ ਹਾਸਲ ਕੀਤੀ ਹੈ ਅਤੇ ਇਹ 1970 ਵਿੱਚ ਪ੍ਰਤੀ ਔਰਤ ਲਗਭਗ ਪੰਜ ਬੱਚਿਆਂ ਤੋਂ ਘਟ ਕੇ ਅੱਜ ਲਗਭਗ ਦੋ ਤੇ ਆ ਗਈ ਹੈ ਤੇ ਇਸ ਲਈ ਸਿੱਖਿਆ ਵਿੱਚ ਸੁਧਾਰ ਅਤੇ ਜਣੇਪਾ ਸਿਹਤ ਸੰਭਾਲ ਤੱਕ ਪਹੁੰਚ ਦਾ ਧੰਨਵਾਦ।"

ਉਨ੍ਹਾਂ ਕਿਹਾ, "ਇਸ ਨਾਲ ਮਾਵਾਂ ਦੀ ਮੌਤ ਦਰ ਵਿੱਚ ਵੱਡੀ ਕਮੀ ਆਈ ਹੈ, ਜਿਸ ਦਾ ਅਰਥ ਹੈ ਕਿ ਅੱਜ ਲੱਖਾਂ ਹੋਰ ਮਾਵਾਂ ਜ਼ਿੰਦਾ ਹਨ, ਬੱਚਿਆਂ ਦੀ ਪਰਵਰਿਸ਼ ਕਰ ਰਹੀਆਂ ਹਨ ਅਤੇ ਭਾਈਚਾਰਿਆਂ ਦਾ ਨਿਰਮਾਣ ਕਰ ਰਹੀਆਂ ਹਨ। ਫਿਰ ਵੀ ਰਾਜਾਂ, ਜਾਤਾਂ ਅਤੇ ਆਮਦਨ ਸਮੂਹਾਂ ਵਿੱਚ ਡੂੰਘੀਆਂ ਨਾਬਰਾਬਰੀਆਂ ਕਾਇਮ ਹਨ।"

ਉਨ੍ਹਾਂ ਹੋਰ ਕਿਹਾ, "ਅਸਲੀ ਜਨਸੰਖਿਆ ਲਾਭਅੰਸ਼ ਉਦੋਂ ਆਉਂਦਾ ਹੈ ਜਦੋਂ ਹਰ ਕਿਸੇ ਨੂੰ ਸੂਚਿਤ ਜਣੇਪਾ ਵਿਕਲਪ ਬਣਾਉਣ ਦੀ ਆਜ਼ਾਦੀ ਹੁੰਦੀ ਹੈ ਅਤੇ ਸਾਧਨ ਵੀ ਹੁੰਦੇ ਹਨ। ਭਾਰਤ ਕੋਲ ਇਹ ਦਿਖਾਉਣ ਦਾ ਇੱਕ ਵਿਲੱਖਣ ਮੌਕਾ ਹੈ ਕਿ ਕਿਵੇਂ ਜਣੇਪਾ ਅਧਿਕਾਰ ਅਤੇ ਆਰਥਿਕ ਖੁਸ਼ਹਾਲੀ ਇਕੱਠੇ ਅੱਗੇ ਵਧ ਸਕਦੇ ਹਨ।"

# ਡੇਰਾ ਸੱਚਖੰਡ ਬੱਲਾਂ ਵਿਖੇ ਬ੍ਰਹਮਲੀਨ ਸੰਤ ਸਰਵਣ ਦਾਸ ਮਹਾਰਾਜ ਜੀ ਦਾ 53ਵਾਂ ਬਰਸੀ ਸਮਾਗਮ ਸ਼ਰਧਾ ਸਹਿਤ ਮਨਾਇਆ

## ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਮੰਦਰ ਸੀਰ ਗੋ ਵਰਧਨਪੁਰ ਕਾਂਸ਼ੀ ਬਨਾਰਸ ਦੀ ਖੋਜ ਤੇ ਉਸਾਰੀ ਕਾਰਜਾਂ ਲਈ ਆਪ ਰਹਿੰਦੀ ਦੁਨੀਆਂ ਤੱਕ ਅਮਰ ਰਹਿਣਗੇ- ਸੰਤ ਨਿਰੰਜਣ ਦਾਸ ਮਹਾਰਾਜ ਜੀ





**ਅਲਾਵਲਪੁਰ (ਮਦਨ ਬੰਗੜ)** ਰਵਿਦਾਸੀਆ ਧਰਮ ਦੇ ਮਹਾਨ ਤੀਰਥ ਅਸਥਾਨ ਤੇ ਡੇਰਾ ਸੱਚਖੰਡ ਬੱਲਾਂ ਦੇ ਸੰਸਥਾਪਕ ਬ੍ਰਹਮਲੀਨ ਸੰਤ ਸਰਵਣ ਦਾਸ ਮਹਾਰਾਜ ਜੀ ਦਾ 53ਵਾਂ ਬਰਸੀ ਸਮਾਗਮ ਡੇਰੇ ਦੇ ਮੌਜੂਦਾ ਗੱਦੀਨਸ਼ੀਨ ਸੰਤ ਨਿਰੰਜਨ ਦਾਸ ਮਹਾਰਾਜ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਕਾਂਸ਼ੀ ਬਨਾਰਸ ਪਬਲਿਕ ਚੈਰੀਟੇਬਲ ਟਰੱਸਟ ਵਾਰਾਣਸੀ (ਯੂਪੀ) ਵਾਲਿਆਂ ਦੀ ਸਰਪ੍ਰਸਤੀ ਹੇਠ ਦੇਸ਼- ਵਿਦੇਸ਼ ਦੀਆਂ ਹਜ਼ਾਰਾਂ ਸ਼ਰਧਾਲੂ ਸੰਗਤਾਂ ਵੱਲੋਂ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ। ਇਸ ਮੌਕੇ 'ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਲੜੀਵਾਰ ਪਾਵਨ ਜਾਪ ਕਰਵਾਏ ਗਏ! ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਸਤਿਗੁਰੂ ਰਵਿਦਾਸ ਸਤਿਸੰਗ ਭਵਨ 'ਚ ਵਿਸ਼ਾਲ ਕੀਰਤਨ ਦੀਵਾਨ ਸਜਾਏ ਗਏ।ਇਸ ਮੌਕੇ 'ਤੇ ਵੱਖ-ਵੱਖ ਕੀਰਤਨੀ ਜਥਿਆਂ , ਮਿਸ਼ਨਰੀ ਗਾਇਕ ਕਲਾਕਾਰਾਂ ਵੱਲੋਂ ਸਤਿਗੁਰੂ ਰਵਿਦਾਸ ਜੀ ਦੀ ਜੀਵਨ ਮਹਿਮਾ ਦਾ ਗੁਣਗਾਨ ਕੀਤਾ ਅਤੇ ਦੇਸ਼ ਦੇ ਕੋਨੇ ਕੋਨੇ ਤੋਂ ਵੱਖ -ਵੱਖ ਡੇਰਿਆਂ ਤੋਂ ਆਏ ਸਤਿਗੁਰੂ ਰਵਿਦਾਸ ਮਹਾਰਾਜ ਦੇ ਜੀਵਨ ਮਿਸ਼ਨ ਪ੍ਰਸਾਰ ਨਾਲ ਜੁੜੇ ਸੰਤ ਮਹਾਂਪੁਰਸ਼ਾਂ ਵੱਲੋ ਬ੍ਰਹਮਲੀਨ ਸੰਤ ਸਰਬਣ ਦਾਸ ਮਹਾਰਾਜ ਜੀ ਨੂੰ ਨਿੱਘੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਸੰਤ ਨਿਰੰਜਨ ਦਾਸ ਮਹਾਰਾਜ ਜੀ ਵੱਲੋ ਬ੍ਰਹਮਲੀਨ ਸੰਤ ਸਰਵਣ ਦਾਸ ਮਹਾਰਾਜ ਜੀ ਨੂੰ ਸ਼ਰਧਾ ਦਾ ਫੁੱਲ ਭੇਂਟ ਕਰਦਿਆਂ ਆਖਿਆ ਕਿ ਆਪ ਜੀ ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਮੰਦਰ ਸੀਰ ਗੋਵਰਧਨਪੁਰ ਕਾਂਸ਼ੀ ਬਨਾਰਸ ਦੀ ਖੋਜ ਤੇ ਉਸਾਰੀ ਕਾਰਜਾਂ ਦੇ ਨਾਲ ਸਤਿਗੁਰੂ ਰਵਿਦਾਸ ਮਿਸ਼ਨ ਮਿਸ਼ਨ ਪ੍ਰਚਾਰ ਪ੍ਰਸਾਰ ਤੇ ਮਾਨਵਤਾ ਭਲਾਈ ਹਿੱਤ ਕੀਤੇ ਮਹਾਨ ਪੁਰਸਾਰਥਾਂ ਲਈ ਆਪ ਰਹਿੰਦੀ ਦੁਨੀਆ ਤੱਕ ਯਾਦ ਕੀਤੇ ਜਾਣਗੇ, ਸੰਗਤਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਸੰਤ ਸਰਵਣ ਦਾਸ ਮਹਾਰਾਜ ਜੀ ਵੱਲੋਂ ਦਿੱਤੇ ਉਪਦੇਸ਼ ਪ੍ਰਭੂ ਭਗਤੀ, ਮਾਨਵ ਏਕਤਾ, ਸਮਾਨਤਾ, ਵਿਸ਼ਵ ਭਾਈਚਾਰਾ ,ਸੰਤਾਂ ਦੀ ਸੰਗਤ, ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਵਿੱਦਿਆ ਪੜ੍ਹਾਉਣ ਅਤੇ ਹਰ ਕਿਸਮ ਦੇ ਨਸ਼ਿਆਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ।

ਇਸ ਮੌਕੇ ਤੇ ਸੰਤ ਪ੍ਰਦੀਪ ਦਾਸ ਢੇਪੁਰ- ਕੂਪੁਰ, ਸੰਤ ਕ੍ਰਿਸ਼ਨ ਨਾਥ ਚਹੇੜੂ ਵਾਲੇ, ਸੰਤ ਲੇਖ ਰਾਜ ਨੂਰਪੁਰ, ਸੰਤ ਅਚਾਰੀਆ ਗੰਧਾਰੀ ਸੁਕਰਤਾਲ ਵਾਲੇ, ਸੰਤ ਸੱਤਪਾਲ ਚਾਹੜਵਾਲਾ, ਸੰਤ ਲੇਖਰਾਜ ਨੂਰਪੁਰ, ਸੰਤ ਬੀਬੀ ਰੋਸ਼ਨੀ ਜੀ, ਸੰਤ ਅਸ਼ੋਕ ਚੱਕਰਵਰਤੀ ਸੰਤੋਖਪੁਰਾ ਜਲੰਧਰ, ਸੰਤ ਗੁਰਮੁੱਖ ਦਾਸ ਮਿੱਠਾ ਟਿਵਾਣਾ ਹੁਸ਼ਿਆਰਪੁਰ, ਸੰਤ ਟਹਿਲ ਦਾਸ ਨੰਗਲ ਖੇੜਾ, ਸੰਤ ਰਾਜਾ ਰਾਮ ਬਠਿੰਡਾ, ਸੰਤ ਜਗਦੀਸ਼ ਗਿਰੀ, ਸੰਤ ਗੁਰਮੇਲ ਦਾਸ ਰਹੀਮਪੁਰ, ਸੰਤ ਰਤਨ ਦਾਸ ਮੱਧ ਪ੍ਰਦੇਸ਼, ਸੰਤ ਹਰਵਿੰਦਰ ਦਾਸ ਆਦਮਪੁਰ, ਸੰਤ ਸੇਵਾ ਦਾਸ ਨਰਾਇਣਗੜ੍ਹ ਅੰਬਾਲਾ, ਆਦਿ ਸੰਤ ਮਹਾਂਪੁਰਸ਼ਾਂ ਤੋਂ ਇਲਾਵਾ ਸਾਬਕਾ ਕੈਬਨਿਟ ਮੰਤਰੀ ਸ਼ਮਸ਼ੇਰ ਸਿੰਘ ਦੂਲੋ, ਡਾ।ਅਵਤਾਰ ਸਿੰਘ ਕਰੀਮਪੁਰੀ ਸੂਬਾ ਪ੍ਰਧਾਨ ਬਸਪਾ, ਸਾਬਕਾ ਮੈਂਬਰ ਪਾਰਲੀਮੈਂਟ ਤੇ ਭਾਜਪਾ ਆਗੂ ਸੁਸ਼ੀਲ ਕੁਮਾਰ ਰਿੰਕੂ, ਸੀਨੀ। ਕਾਂਗਰਸ ਆਗੂ ਸੇਵਾ ਮੁਕਤ ਐਸਐਸਪੀ ਰਜਿੰਦਰ ਸਿੰਘ, ਸਾਬਕਾ ਵਿਧਾਇਕ ਕੇ.ਡੀ. ਭੰਡਾਰੀ ਐਡਵੋਕੇਟ ਬਲਵਿੰਦਰ ਕੁਮਾਰ, ਬਸਪਾ ਜਨਰਲ ਸਕੱਤਰ ਪੰਜਾਬ, ਤਹਿਸੀਲਦਾਰ ਵਿਜੇ ਕੁਮਾਰ ਅਹੀਰ, ਗੁਰਪ੍ਰੀਤ ਸਿੰਘ ਸੋਨੂੰ ਢੇਸੀ ਕੋਆਰਡੀਨੇਟਰ ਹਲਕਾ ਕਰਤਾਰਪੁਰ, ਇੰਜੀ। ਜਸਵੰਤ ਰਾਏ ਸਕੱਤਰ ਬਸਪਾ ਪੰਜਾਬ, ਸੇਠ ਸੱਤਪਾਲ ਮੱਲ ਬੂਟਾਂ ਮੰਡੀ, ਸਰਪੰਚ ਪ੍ਰਦੀਪ ਕੁਮਾਰ ਦੀਪਾ ਬੱਲਾਂ, ਬਲਾਕ ਪ੍ਰਧਾਨ ਅਮਰਜੀਤ ਸਿੰਘ ਕੰਗ, ਸਾਬਕਾ ਸਰਪੰਚ ਰਾਜੇਸ਼ ਕੁਮਾਰ ਮਾ ਡਾਰ ਆਦਿ ਵੱਲੋਂ ਬ੍ਰਹਮਲੀਨ ਸੰਤ ਸਰਵਣ ਦਾਸ ਮਹਾਰਾਜ ਜੀ ਨੂੰ ਨਿੱਘੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ! ਇਸ ਮੌਕੇ 'ਤੇ ਸੇਵਾਦਾਰ ਹਰਦੇਵ ਦਾਸ, ਸੇਵਾਦਾਰ ਵਰਿੰਦਰ ਦਾਸ ਬੱਬੂ, ਸੇਵਾਦਾਰ ਦਵਿੰਦਰ ਦਾਸ, ਸੇਵਾਦਾਰ ਕੈਲਾਸ ਚੰਦਰ, ਸੇਵਾਦਾਰ ਕਰਮ ਚੰਦ, ਮੈਨੇਜਰ ਧਰਮ ਪਾਲ, ਟਰੱਸਟ ਜਨ।ਸਕੱਤਰ ਸਤਪਾਲ ਹੀਰ, ਬੀਪੀਈ ਬੀ. ਕੇ. ਮਹਿਮੀ, ਪਰਮਿੰਦਰ ਟਾਂਡਾ, ਨਿਰੰਜਨ ਦਾਸ ਚੀਮਾ, ਮੈਨੇਜਰ ਬੀਸੀ ਚੋਪੜਾ, ਡਾ. ਬਲਵੀਰ ਮੰਨਣ, ਉੱਘੇ ਸਮਾਜ ਸੇਵੀ ਸਵਰਨ ਦਾਸ ਬਿਰਦੀ ਯੂਕੇ, ਮਹਿੰਦਰ ਕੁਮਾਰ ਸੇਵਾਮੁਕਤ ਕਨੂੰਨਗੋ, ਲੈਕਚਰਾਰ ਸੁਰਜੀਤ ਸਿੰਘ ਜੱਸਲ, ਸੇਵਾਮੁਕਤ ਕਾਨੂੰਨਗੋ ਸਾਲਗ ਰਾਮ ਸਰੋਆ, ਸੇਵਾਮੁਕਤ ਰੇਂਜ ਅਫਸਰ ਸਤਪਾਲ ਬੰਗੜ, ਮਨੋਹਰ ਬੈਂਸ ਜੰਡੂ ਸਿੰਘਾ, ਰੋਸ਼ਨ ਲਾਲ ਸੱਤੋਵਾਲੀ, ਸ਼ਮਸ਼ੇਰ ਭਾਰਤੀ ਸੇਵਾ ਮੁਕਤ ਮੈਨੇਜਰ, ਐਸਆਈ ਜਗਦੀਸ਼ ਲਾਲ ਸੰਤੋਖ ਲਾਲ ਬੱਧਣ, ਪ੍ਰੋਫੈਸਰ ਲਾਲ ਬਹਾਦਰ, ਗੁਰਮੀਤ ਚੰਦ ਦੁੱਗਲ ਸਾਬਕਾ ਕੌਂਸਲਰ, ਮਾਸਟਰ ਸੋਮਰਾਜ ਫਗਵਾੜਾ, ਕਰਮ ਚੰਦ ਬਠਿੰਡਾ, ਸ਼ਾਦੀ ਲਾਲ ਬੱਲਾਂ, ਐਡਵੋਕੇਟ ਵਿਜੇ ਬੱਧਣ, ਸੋਹਣਜੀਤ ਹਰੀਪੁਰ, ਏਐਸਆਈ ਰਜੇਸ਼ ਕੁਮਾਰ ਬਿਰਦੀ, ਨਿਰਮਲ ਸਿੰਘ, ਬਾਬੂ ਤਰਸੇਮ ਲਾਲ ਸਰੋਆ, ਸਾਬਕਾ ਸਰਪੰਚ ਸੇਠ ਰਾਜਕੁਮਾਰ, ਪ੍ਰਧਾਨ ਰਾਜਕੁਮਾਰ ਬੈਂਸ, ਅਮਨਦੀਪ ਹੀਰ, ਧਰਮਵੀਰ ਸ਼ਾਮ ਲਾਲ, ਸਤੀਸ਼ ਕੁਮਾਰ, ਰਾਜਾ ਬੁਲੰਦਪੁਰ ਤੋਂ ਇਲਾਵਾ ਭਾਰੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

ਇਸ ਮੌਕੇ 'ਤੇ ਸੰਤ ਨਿਰੰਜਨ ਦਾਸ ਮਹਾਰਾਜ ਵੱਲੋਂ ਵਾਤਾਵਰਨ ਦੀ ਸਾਂਭ ਸੰਭਾਲ ਸਬੰਧੀ ਆਈਆਂ ਸੰਗਤਾਂ ਨੂੰ ਵੱਖ-ਵੱਖ ਪ੍ਰਕਾਰ ਦੇ ਫਲਦਾਰ ਬੂਟੇ ਭੇਂਟ ਵੀ ਕੀਤੇ ਗਏ! ਸਮੁੱਚੇ ਸਮਾਗਮ ਦੌਰਾਨ ਮੰਚ ਸੰਚਾਲਨ ਦੀਆਂ ਸੇਵਾਵਾਂ ਗਿਆਨੀ ਕੁਲਵੰਤ ਸਿੰਘ ਕਜਲਾ ਵੱਲੋਂ ਬਾਖੂਬੀ ਨਿਵਾਈਆਂ ਗਈਆਂ!

# ਨਸ਼ਾ ਮਨੁੱਖ ਤੇ ਉਸਦੀ ਜ਼ਿੰਦਗੀ ਦੋਵਾਂ ਨੂੰ ਬਰਬਾਦ ਕਰ ਦਿੰਦੇ ਹਨ - ਸੰਤ ਤੇਜਾ ਸਿੰਘ ਜੀ ਖੁੱਡਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਨਸ਼ੇ ਮਨੁੱਖ ਦੀ ਜ਼ਿੰਦਗੀ ਬਰਬਾਦ ਕਰ ਦਿੰਦੇ ਹਨ ਅਤੇ ਨਸ਼ੇ ਕਰਨ ਵਾਲਾ ਵਿਅਕਤੀ ਕਿਸੇ ਦੀ ਭਲਾਈ ਨਹੀਂ ਕਰ ਸਕਦਾ ਦਿੰਦਾ ਹੈ। ਇਸ ਮੌਕੇ ਉਨਾਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਦੀ ਸਲਾਘਾ ਕਰਦੇ ਹੋਏ ਕਿਹਾ ਕਿ ਸਮਾਜ ਦੀ ਬੇਹਤਰੀ ਅਤੇ ਭਲਾਈ ਵਾਸਤੇ ਅਜਿਹੇ ਸਾਰਥਿਕ




ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਡੇਰਾ ਗੁਰੂਸਰ ਖੁੱਡਾ ਜੌੜੀਆਂ ਢਾਬਾ ਵਿਖੇ ਮੁੱਖ ਸੇਵਾਦਾਰ ਤੇ ਪ੍ਰਾਚੀਨ ਨਿਰਮਲ ਮਹਾਂ ਮੰਡਲ ਦੇ ਕੌਮੀ ਪ੍ਰਧਾਨ ਸੰਤ ਬਾਬਾ ਤੇਜਾ ਸਿੰਘ ਜੀ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲੋਕਾਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕਰਦੇ ਹੋਏ ਕੀਤਾ। ਇਸ ਮੌਕੇ ਉਨਾਂ ਦੇ ਨਾਲ ਸੰਤ ਸੁਖਜੀਤ ਸਿੰਘ ਅਤੇ ਹਲਕਾ ਟਾਂਡਾ ਤੋਂ ਆਈ ਡੋਨਰ ਚਾਰਜ ਭਾਈ ਵਰਿੰਦਰ ਸਿੰਘ ਮਸੀਤੀ ਵੀ ਮੌਜੂਦ ਸਨ। ਇਸ ਮੌਕੇ ਬਾਬਾ ਤੇਜਾ ਸਿੰਘ ਜੀ ਨੇ ਨਸ਼ਿਆਂ ਦੇ ਮਾੜੇ ਪ੍ਰਭਾਵ ਤੋਂ ਜਾਣੂ ਕਰਵਾਉਂਦੇ ਹੋਏ ਕਿਹਾ ਕਿ ਨਸ਼ੇ ਜਿੱਥੇ ਸਾਨੂੰ ਸਰੀਰਕ ਤੌਰ ਤੇ ਨੁਕਸਾਨ ਪਹੁੰਚਾਉਂਦੇ ਹਨ ਉੱਥੇ ਹੀ ਨਸ਼ਿਆਂ ਦੇ ਨਾਲ ਸਾਨੂੰ ਮਾੜੀ ਆਰਥਿਕ ਸਥਿਤੀ ਨਾਲ ਵੀ ਜੂਜਣਾ ਪੈਂਦਾ ਹੈ ਅਤੇ ਨਸ਼ਿਆਂ ਦੀ ਪੂਰਤੀ ਨਾ ਹੋਣ ਕਾਰਨ ਨਸ਼ਾ ਗ੍ਰਸਤ ਆਦਮੀ ਅਪਰਾਧਿਕ ਘਟਨਾਵਾਂ ਨੂੰ ਵੀ ਅੰਜਾਮ

ਯਤਨ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਕਰਨੇ ਚਾਹੀਦੇ ਹਨ ਅਤੇ ਅੱਜ ਦੀ ਨੌਜਵਾਨ ਪੀੜੀ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਤੋਂ ਜਾਣੂ ਕਰਵਾ ਕੇ ਉਹਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਮੌਕੇ ਸੰਤ ਸੁਖਜੀਤ ਸਿੰਘ ਜੀ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਨੌਜਵਾਨ ਨਾਨੂ ਨਸ਼ਿਆਂ ਅਤੇ ਹੋਰ ਭੈੜੀਆਂ ਅਲਾਮਤਾਂ ਦਾ ਤਿਆਗ ਕਰਕੇ ਸਮਾਜ ਦੀ ਬਿਹਤਰੀ ਵਾਸਤੇ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲਸ਼ਕਰ ਸਿੰਘ ਖੁੱਡਾ, ਰਵਿੰਦਰ ਸਿੰਘ, ਹੈਡ ਗ੍ਰੰਥੀ ਜਸਵਿੰਦਰ ਸਿੰਘ, ਕਰਤਾਰ ਸਿੰਘ, ਬਲਜੀਤ ਸਿੰਘ, ਨਿਰਵੈਰ ਸਿੰਘ, ਨਰਿੰਦਰ ਸਿੰਘ, ਦਿਲਦਾਰ ਸਿੰਘ ਨੀਟਾ, ਸੁਖਵਿੰਦਰ ਸਿੰਘ ਖੁੱਡਾ ਜਸਵੀਰ ਸਿੰਘ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਮੁੱਖ ਮੰਤਰੀ ਵੱਲੋਂ ਉਦਯੋਗਿਕ ਕ੍ਰਾਂਤੀ ਦੀ ਦਿਸ਼ਾ 'ਚ ਚੁੱਕੇ ਗਏ ਇਤਿਹਾਸਕ ਕਦਮ - ਕਰਮਜੀਤ ਕੌਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਉਦਯੋਗਿਕ ਤੌਰ 'ਤੇ ਮੋਹਰੀ ਸੂਬਾ ਬਣਾਉਣ ਲਈ ਚੁੱਕੇ ਗਏ ਇਤਿਹਾਸਕ ਕਦਮ ਚੁੱਕੇ ਗਏ ਹਨ, ਜਿਸ ਨਾਲ ਉਦਯੋਗਾਂ ਨੂੰ ਕਾਫੀ ਹੁਲਾਰਾ ਮਿਲ ਰਿਹਾ ਹੈ। ਇਨ੍ਹਾਂ ਨੀਤੀਗਤ ਫੈਸਲਿਆਂ ਦਾ ਸਵਾਗਤ ਕਰਦੇ ਹੋਏ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਅਤੇ ਇਸ ਨੂੰ 'ਇੱਕ ਨਵੀਂ ਉਦਯੋਗਿਕ ਕ੍ਰਾਂਤੀ ਦੀ ਸ਼ੁਰੂਆਤ' ਦੱਸਿਆ।



ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਪਰਸਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰਅੰਦੇਸ਼ੀ ਸੋਚ ਅਤੇ ਪੰਜਾਬ ਨੂੰ ਆਰਥਿਕ ਤੌਰ 'ਤੇ ਸਸ਼ਕਤ ਬਣਾਉਣ ਦੀ ਉਨ੍ਹਾਂ ਦੀ ਵਚਨਬੱਧਤਾ ਕਾਰਨ ਉਦਯੋਗਾਂ ਲਈ ਨਿਵੇਸ਼-ਅਨੁਕੂਲ ਮਾਹੌਲ ਤਿਆਰ ਹੋਇਆ ਹੈ। ਹੁਣ ਉਦਯੋਗਾਂ ਲਈ ਪ੍ਰਵਾਨਗੀਆਂ ਸਿਰਫ਼ 45 ਦਿਨਾਂ ਵਿੱਚ ਫਾਸਟ ਟ੍ਰੈਕ ਪੰਜਾਬ ਪੋਰਟਲ ਰਾਹੀਂ ਮਿਲਣਗੀਆਂ, ਜਿਸ ਨਾਲ ਉੱਦਮੀਆਂ ਦਾ ਸਮਾਂ ਅਤੇ ਸਰੋਤ ਦੋਵੇਂ ਦੀ ਬਚਤ ਹੋਵੇਗੀ। ਉਨ੍ਹਾਂ ਕਿਹਾ ਕਿ 125 ਕਰੋੜ ਰੁਪਏ ਤੱਕ ਦੇ ਨਿਵੇਸ਼ ਨੂੰ ਸਿਰਫ਼ 3 ਦਿਨਾਂ ਵਿੱਚ ਮਨਜ਼ੂਰੀ ਦੇ ਦਿੱਤੀ ਜਾਵੇਗੀ ਅਤੇ ਲੈਂਡ ਯੂਜ਼ਰ ਕੰਵਰਜ਼ਨ ਦੀ ਪ੍ਰਕਿਰਿਆ ਵੀ ਸਰਲ ਬਣਾ ਦਿੱਤੀ ਗਈ ਹੈ। ਇਸ ਤੋਂ ਇਲਾਵਾ 260 ਤੋਂ ਵੱਧ ਉਦਯੋਗਿਕ ਪਲਾਟ ਉਪਲਬੱਧ ਕਰਵਾਏ ਗਏ ਹਨ ਅਤੇ 300 ਕਰੋੜ ਰੁਪਏ ਦੀ ਲਾਗਤ ਨਾਲ 52 ਉਦਯੋਗਿਕ ਫੋਕਲ ਪੁਆਇੰਟਾਂ ਦਾ ਆਧੁਨਿਕੀਕਰਨ ਕੀਤਾ ਜਾ ਰਿਹਾ ਹੈ, ਜੋ ਕਿ ਪੰਜਾਬ ਸਰਕਾਰ ਦੀ ਉਦਯੋਗਿਕ ਕ੍ਰਾਂਤੀ ਦਾ ਹਿੱਸਾ ਹੈ।

ਚੇਅਰਪਰਸਨ ਨੇ ਕਿਹਾ ਕਿ ਉਦਯੋਗਾਂ ਨੂੰ 250 ਕਰੋੜ ਰੁਪਏ ਤੱਕ ਦੇ ਪ੍ਰੋਤਸਾਹਨ, ਇਮਾਰਤ ਯੋਜਨਾ ਅਤੇ ਸਥਿਰਤਾ ਸਰਟੀਫਿਕੇਟ ਲਈ ਸਵੈ-ਪ੍ਰਮਾਣੀਕਰਨ ਪ੍ਰਣਾਲੀ, 15 ਦਿਨਾਂ ਵਿੱਚ ਜ਼ਮੀਨ ਦੀ ਵਿਵਹਾਰਕਤਾ ਰਿਪੋਰਟ ਅਤੇ ਫਾਇਰ ਐਨ ਸੀ ਲਈ ਸਰਲ ਅਤੇ ਇੱਕ ਵਾਰ ਦੀ ਪ੍ਰਕਿਰਿਆ ਵਰਗੀਆਂ ਸਹੂਲਤਾਂ ਇਸ ਕ੍ਰਾਂਤੀ ਦਾ ਹਿੱਸਾ ਹਨ। ਕਰਮਜੀਤ ਕੌਰ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਕਦਮਾਂ ਨਾਲ ਹੁਸ਼ਿਆਰਪੁਰ ਸਮੇਤ ਪੂਰੇ ਪੰਜਾਬ ਵਿੱਚ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ ਅਤੇ ਸੂਬਾ ਆਰਥਿਕ ਤੌਰ 'ਤੇ ਹੋਰ ਮਜ਼ਬੂਤ ਹੋਵੇਗਾ।

# ਭਾਰਤੀ ਵਿਦਿਆਰਥੀ ਨੂੰ ਅਮਰੀਕੀ ਹਵਾਈ ਅੱਡੇ ਤੋਂ ਘੜੀਸ ਕੇ ਵਾਪਸ ਭੇਜਿਆ

**ਨਿਊਜਰਸੀ-** ਭਾਰਤੀ-ਅਮਰੀਕੀ ਕਾਰੋਬਾਰੀ ਕੁਨਾਲ ਜੈਨ ਨੇ ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਨਿਊ ਜਰਸੀ ਦੇ ਨੇਵਾਰਕ ਹਵਾਈ ਅੱਡੇ ਤੋਂ ਇੱਕ ਭਾਰਤੀ ਵਿਦਿਆਰਥੀ ਨੂੰ ਦੇਸ਼ ਨਿਕਾਲਾ ਦਿੱਤੇ ਜਾਣ ਦੀ ਪਰੇਸ਼ਾਨ ਕਰਨ ਵਾਲੀ ਘਟਨਾ ਸਾਂਝੀ ਕੀਤੀ। ਜੈਨ ਨੇ ਜੋ ਦੇਖਿਆ ਉਸ ਤੋਂ ਬਹੁਤ ਦੁਖੀ ਹੋਏ ਅਤੇ ਲਿਖਿਆ: "ਮੈਂ ਕੱਲ੍ਹ ਰਾਤ ਇੱਕ ਨੌਜਵਾਨ ਭਾਰਤੀ ਵਿਦਿਆਰਥੀ ਨੂੰ ਨੇਵਾਰਕ ਹਵਾਈ ਅੱਡੇ ਤੋਂ ਦੇਸ਼ ਨਿਕਾਲਾ ਦਿੰਦੇ ਦੇਖਿਆ - ਹੱਥਕੜੀ ਲੱਗੀ ਹੋਈ ਸੀ, ਰੋ ਰਿਹਾ ਸੀ, ਇੱਕ ਅਪਰਾਧੀ ਵਾਂਗ ਵਿਹਾਰ ਕੀਤਾ ਗਿਆ।

ਉਹ ਆਪਣੇ ਸੁਪਨੇ ਸਾਕਾਰ ਕਰਨ ਲਈ ਆਇਆ ਸੀ, ਕੋਈ ਨੁਕਸਾਨ ਕਰਨ ਲਈ ਨਹੀਂ। ਇੱਕ ਐਨਆਰਆਈ ਹੋਣ ਦੇ ਨਾਤੇ, ਮੈਂ ਬੇਵੱਸ ਅਤੇ ਦਿਲ ਟੁੱਟਿਆ ਹੋਇਆ ਮਹਿਸੂਸ ਕੀਤਾ। ਇਹ ਇੱਕ ਮਨੁੱਖੀ ਦੁਖਾਂਤ ਹੈ।" ਨੇਵਾਰਕ ਲਿਬਰਟੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਵਾਪਰੀ ਇਸ ਘਟਨਾ ਵਿੱਚ, ਪੋਰਟ ਅਥਾਰਟੀ ਪੁਲਿਸ ਅਧਿਕਾਰੀਆਂ ਨੇ ਕਥਿਤ ਤੌਰ 'ਤੇ ਵਿਦਿਆਰਥੀ ਨਾਮ ਦੇ ਇੱਕ ਭਾਰਤੀ ਨੌਜਵਾਨ ਨੂੰ ਰੋਕਿਆ।

ਜੈਨ ਨੇ ਘਟਨਾ ਦੀਆਂ ਫੋਟੋਆਂ ਸਾਂਝੀਆਂ ਕਰਦਿਆਂ ਕਿਹਾ ਕਿ ਵਿਦਿਆਰਥੀ ਹਰਿਆਣਵੀ ਭਾਸ਼ਾ ਵਿੱਚ ਬੋਲ ਰਿਹਾ ਸੀ, ਜੋ ਕਿ ਇੱਕ ਉੱਤਰੀ ਭਾਰਤੀ ਬੋਲੀ ਹੈ।

ਫੋਟੋਆਂ ਵਿੱਚ ਦਿਖਾਇਆ ਗਿਆ ਹੈ ਕਿ ਵਿਦਿਆਰਥੀ ਨੂੰ ਅਧਿਕਾਰੀਆਂ ਦੁਆਰਾ ਜ਼ਮੀਨ 'ਤੇ ਫੜਿਆ ਜਾ ਰਿਹਾ ਹੈ, ਜਿਨ੍ਹਾਂ ਵਿੱਚੋਂ ਇੱਕ ਨੇ "ਪੋਰਟ ਅਥਾਰਟੀ ਪੁਲਿਸ" ਲਿਖੀ ਹੋਈ ਟੋਪੀ ਪਾਈ ਹੋਈ ਹੈ।

# ਵਿਗਿਆਨਕ ਚੇਤਨਾ ਦਾ ਬੀਜ਼ ਨਾਸ਼ ਕਰਨ ਤੇ ਤੁਲੀ ਭਾਜਪਾ ਹਕੂਮਤ ਦੇ ਚੌਤਰਫੇ ਹੱਲੇ ਖ਼ਿਲਾਫ ਦੇਸ਼ ਭਗਤ ਕਮੇਟੀ ਵੱਲੋਂ ਕਨਵੈਨਸ਼ਨ 28 ਨੂੰ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)-** ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਹੁਦੇਦਾਰਾਂ ਦੀ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਹੋਈ ਵਿਸ਼ੇਸ਼ ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ 'ਵਿਸ਼ਵ ਕਾਰਪੋਰੇਟ ਦਾ ਸੰਕਟ, ਲੋਕਾਂ ਉਪਰ ਚੌਤਰਫ਼ਾ ਹੱਲਾ ਅਤੇ ਇਸ ਖ਼ਿਲਾਫ਼ ਕੀ ਕਰਨਾ ਲੋੜੀਏ?'



ਅਤੇ ਮੁੱਢਲੇ ਮਨੁੱਖੀ ਅਤੇ ਸੰਵਿਧਾਨਕ ਅਧਿਕਾਰਾਂ ਉਪਰ ਵੀ ਬੁਲਡੋਜ਼ਰ ਚਾੜ੍ਹ ਰਹੀ ਅਤੇ ਇਸ ਤੋਂ ਵੀ ਅੱਗੇ ਵਧਕੇ ਲੋਕ-ਪੱਖੀ, ਅਗਾਂਹਵਧੂ ਇਨਕਲਾਬੀ ਵਿਗਿਆਨਕ ਵਿਚਾਰਧਾਰਾ ਦਾ ਬੀਜ਼ ਨਾਸ਼ ਕਰਨ ਤੇ ਤੁਲੀ ਭਾਜਪਾ ਹਕੂਮਤ ਦੇ ਇਰਾਦਿਆਂ ਖਿਲਾਫ਼ ਚੇਤਨਾ ਅਤੇ ਜਨ ਪ੍ਰਤੀਰੋਧ ਉਸਾਰਨ ਦੇ ਵਧੇਰੇ ਕਾਰਜ਼ ਵਿੱਚ ਆਪਣਾ ਯੋਗਦਾਨ ਪਾਉਣ ਲਈ ਭਵਿੱਖ਼ 'ਚ ਕਮੇਟੀ ਨਿਰੰਤਰ ਵੱਖ-ਵੱਖ ਰੂਪਾਂ 'ਚ ਆਪਣੀਆਂ ਸਰਗਰਮੀਆਂ ਜਾਰੀ ਰੱਖੇਗੀ।

ਇਸ ਲੜੀ ਵਜੋਂ 28 ਜੂਨ ਦਿਨੇ 11:00 ਵਜੇ ਦੇਸ਼ ਭਗਤ ਯਾਦਗਾਰ ਹਾਲ 'ਚ ਕਨਵੈਨਸ਼ਨ ਕੀਤੀ ਜਾਵੇਗੀ। ਇਸ ਕਨ-ਵੈਨਸ਼ਨ ਨੂੰ ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਦਰਸ਼ਨ ਖਟਕੜ ਅਤੇ ਡਾ. ਪਰਮਿੰਦਰ ਸਿੰਘ ਸੰਬੋਧਨ ਕਰਨਗੇ।

ਇਸ ਦੀ ਸਫ਼ਲਤਾ ਲਈ ਕਮੇਟੀ ਨੇ ਅੱਜ ਤੋਂ ਹੀ ਪ੍ਰਚਾਰ ਅਤੇ ਲਾਮਬੰਦੀ ਮੁਹਿੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਅੱਜ ਦੀ ਮੀਟਿੰਗ 'ਚ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਹਾਜ਼ਰ ਸਨ।

# "ਬਹੁਜਨ ਉਜਾਲਾ" ਦਾ ਪਲੇਠਾ ਅੰਕ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਮਾਧੋਪੁਰ ਵਿਖੇ ਰਿਲੀਜ਼ ਕੀਤਾ ਗਿਆ





ਕ੍ਰਾਂਤੀਕਾਰੀ ਬਾਣੀ ਦੇ ਰਚੇਤਾ, ਇਨਕਲਾਬੀ ਰਹਿਬਰ ਸਤਿਗੁਰੂ ਕਬੀਰ ਜੀ ਦੇ 627ਵੇਂ ਪ੍ਰਕਾਸ਼ ਦਿਹਾੜੇ ਅਤੇ ਆਦਿ ਧਰਮ ਮੰਡਲ ਦੇ ਸ਼ਤਾਬਦੀ ਵਰ੍ਹੇ ਦੀਆਂ ਲੱਖ ਲੱਖ ਵਧਾਈਆਂ। ਬਹੁਜਨ ਉਜਾਲਾ ਦੀ ਸਮੁੱਚੀ ਟੀਮ ਬਹੁਤ ਵੱਡੀ ਖੁਸ਼ੀ ਅਤੇ ਮਾਣ ਮਹਿਸੂਸ ਕਰਦੀ ਹੈ ਕਿ ਉਹ ਆਪਣਾ ਇਹ ਪਲੇਠਾ ਅੰਕ ਸਤਿਗੁਰੂ ਕਬੀਰ ਜੀ ਦੇ ਪ੍ਰਕਾਸ਼ ਦਿਹਾੜੇ ਤੇ ਆਦਿ ਮੰਡਲ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਕੀਤਾ ਗਿਆ ਪ੍ਰਕਾਸ਼ਿਤ ਕਰਕੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਮਾਧੋਪੁਰ (ਭੋਗਪੁਰ) ਜ਼ਿਲ੍ਹਾ ਜਲੰਧਰ ਵਿਖੇ ਸਮੂਹ ਸੰਗਤਾਂ ਦੀ ਹਾਜ਼ਰੀ ਵਿੱਚ ਰਿਲੀਜ ਕੀਤਾ ਗਿਆ ਹੈ। ਇਸ ਅੰਕ ਵਿੱਚ ਅਸੀਂ ਮਾਨਯੋਗ ਸ੍ਰੀ ਕੁੰਦਨ ਲਾਲ ਬੱਧਣ ਬੁੱਧਿਸ਼ਟ ਜੀ ਦਾ ਲੇਖ " ਸ਼ਾਸਤਰ ਵਿੱਦਿਆ ਦੇ ਮਹਾਂਧਨੀ : ਸਤਿਗੁਰ ਕਬੀਰ ਜੀ ਅਤੇ ਮਾਨਯੋਗ ਸੀ. ਐਲ. ਚੁੰਬਰ ਜੀ ਦਾ ਬਾਬੂ ਮੰਗੂ ਰਾਮ ਜੀ ਦੁਆਰਾ ਆਦਿ ਧਰਮ ਮੰਡਲ ਲਈ ਕੀਤੇ ਸੰਘਰਸ਼ ਤੇ ਲਿਖਿਆ ਲੇਖ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਮੌਕੇ ਮਾਸਟਰ ਕਿਰਤੀ ਸਿੰਘ ਜੀ ਨੇ ਕਿਹਾ ਕਿ ਸਤਿਗੁਰੂ ਕਬੀਰ ਜੀ ਦੀ ਬਾਣੀ ਵਿੱਚ ਮਨੁੱਖੀ ਜੀਵਨ ਜਾਚ ਦੇ ਹਰ ਪਹਿਲੂ ਤੇ ਬਹੁਤ ਤਰਕ ਭਰਪੂਰ ਅਤੇ ਸੁਚੱਜੀ ਅਗਵਾਈ ਪ੍ਰਦਾਨ ਕਰਦੀ ਹੈ। ਚਰਨਜੀਤ ਸਿੰਘ ਬਿਨਪਾਲਕੇ ਨੇ ਸਤਿਗੁਰੂ ਕਬੀਰ ਜੀ ਦੀ ਬਾਣੀ ਅਤੇ ਵਿਚਾਰਧਾਰਾ ਤੇ ਰੌਸ਼ਨੀ ਪਾਈ।

ਬਹੁਜਨ ਉਜਾਲਾ ਦੇ ਸੰਪਾਦਕ ਮਾਸਟਰ ਸੂਰਤੀ ਲਾਲ ਜੀ ਨੇ ਆਪਣੇ ਵਿਚਾਰ ਦਿੰਦਿਆਂ ਦੱਸਿਆ ਕਿ ਆਦਿ ਧਰਮ ਮੰਡਲ ਦੀ ਪਹਿਲੀ ਮੀਟਿੰਗ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੀ ਪ੍ਰਧਾਨਗੀ ਹੇਠ ਮਿਤੀ 11-12 ਜੂਨ 1926 ਨੂੰ ਪਿੰਡ ਮੁਗੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਈ। ਇਸ ਮੀਟਿੰਗ ਵਿੱਚ ਹੋਰ ਮਤਿਆਂ ਤੋਂ ਇਲਾਵਾ ਇਹ ਮਤਾ ਵੀ ਪਾਸ ਕੀਤਾ ਗਿਆ ਕਿ ਸਾਡੇ ਰਹਿਬਰ ਭਗਵਾਨ ਮਹਾਰਿਸ਼ੀ ਵਾਲਮੀਕਿ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਰਵਿਦਾਸ ਜੀ, ਅਤੇ ਸਤਿਗੁਰੂ ਕਬੀਰ ਜੀ ਹਨ। ਇਹ ਸ਼ਤਾਬਦੀ ਵਰ੍ਹਾ 11-12 ਜੂਨ 2025 ਤੋਂ 11-12 ਜੂਨ 2026 ਤੱਕ ਮਨਾਇਆ ਜਾ ਰਿਹਾ ਹੈ। ਸਾਡੇ ਮਹਾਨ ਸੰਘਰਸ਼ੀ, ਸਿਰੜੀ, ਅਣਖੀ ਯੋਧਿਆਂ ਨੂੰ ਅਸੀਂ ਸਿਜਦਾ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਸਾਡੇ ਰਹਿਬਰਾਂ ਦੇ ਮਾਰਗ ਤੇ ਚੱਲਣ ਦੀ ਜਾਂਚ ਸਿਖਾਈ। 'ਬਹੁਜਨ ਉਜਾਲਾ' ਇਸ ਸ਼ਤਾਬਦੀ ਵਰ੍ਹੇ ਵਿਚ ਆਦਿ ਧਰਮ ਮੰਡਲ ਦੇ ਸੁਨੇਹੇ ਨੂੰ ਜਨ ਜਨ ਤੱਕ ਪਹੁੰਚਾਉਣ ਦਾ ਪੁਰਯੋਗ ਯਤਨ ਕਰੇਗਾ।

**ਰਿਪੋਰਟ- ਚਰਨਜੀਤ ਸਿੰਘ ਬਿਨਪਾਲਕੇ**

## ਕਾਂਟਾਸ ਨੇ ਜੈੱਟਸਟਾਰ ਏਸ਼ੀਆ ਨੂੰ ਬੰਦ ਕੀਤਾ, ਜਹਾਜ਼ ਨਿਊਜ਼ੀਲੈਂਡ ਤੇ ਆਸਟਰੇਲੀਆ ਲਈ ਵਰਤੇ ਜਾਣਗੇ




**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਕਾਂਟਾਸ ਨੇ ਐਲਾਨ ਕੀਤਾ ਹੈ ਕਿ ਉਹ ਆਪਣੀ ਸਿੰਗਾਪੁਰ-ਅਧਾਰਤ ਬਜਟ ਏਅਰਲਾਈਨ ਜੈੱਟਸਟਾਰ ਏਸ਼ੀਆ ਨੂੰ 31 ਜੁਲਾਈ 2025 ਨੂੰ ਬੰਦ ਕਰ ਰਹੀ ਹੈ। ਇਹ ਫੈਸਲਾ ਉੱਚ ਸਪਲਾਇਰ ਲਾਗਤਾਂ, ਹਵਾਈ ਅੱਡਿਆਂ ਦੀਆਂ ਵਧ ਰਹੀਆਂ ਫੀਸਾਂ, ਅਤੇ ਖੇਤਰ ਵਿੱਚ ਵਧ ਰਹੀ ਮੁਕਾਬਲੇਬਾਜ਼ੀ ਦੇ ਕਾਰਨ ਲਿਆ ਗਿਆ ਹੈ। ਬੰਦ ਹੋਣ ਤੋਂ ਬਾਅਦ, 13 ਜੈੱਟਸਟਾਰ ਏਸ਼ੀਆ ਏਅਰਬਸ 1320 ਜਹਾਜ਼ ਨਿਊਜ਼ੀਲੈਂਡ ਤੇ ਆਸਟਰੇਲੀਆ ਲਈ ਵਰਤੇ ਜਾਣਗੇ, ਜਿਸ ਨਾਲ ਸਸਤੀਆਂ ਹਵਾਈ ਟਿਕਟਾਂ ਅਤੇ ਨਵੇਂ ਰੋਜ਼ਗਾਰ ਦੇ ਮੌਕੇ ਉਤਪੰਨ ਹੋਣ ਦੀ ਉਮੀਦ ਹੈ। ਇਹ ਬੰਦ ਹੋਣ ਨਾਲ ਜੈੱਟਸਟਾਰ ਏਅਰਵੇਜ਼ (ਆਸਟਰੇਲੀਆ) ਜਾਂ ਜੈੱਟਸਟਾਰ ਜਪਾਨ ਦੀਆਂ ਸੇਵਾਵਾਂ ਨੂੰ ਪ੍ਰਭਾਵਿਤ ਨਹੀਂ ਕਰੇਗਾ। ਜੈੱਟਸਟਾਰ ਏਸ਼ੀਆ ਦੇ ਯਾਤਰੀਆਂ ਨੂੰ ਪੂਰੀ ਰਕਮ ਦੀ ਵਾਪਸੀ ਜਾਂ ਹੋਰ ਉਡਾਣਾਂ 'ਤੇ ਬੈਠਣ ਦੀ ਪੇਸ਼ਕਸ਼ ਕੀਤੀ ਜਾਵੇਗੀ। ਸਟਾਫ ਦੇ ਲਈ ਵੀ ਜੇਕਰ ਨੌਕਰੀ ਉਪਲਬਧ ਰਹੇਗੀ ਤਾਂ ਬਦਲੀ ਕੀਤੀ ਜਾਵੇਗੀ। ਸੋ ਅੱਜ ਦੀ ਤਰੀਕ ਵਿਚ ਬਿਜ਼ਨਸ ਕਰਨੇ ਵੀ ਬੜੇ ਡਾਹਢੇ ਹਨ, ਜਹਾਜ਼ਾਂ ਵਾਲੇ ਵੀ ਘਾਟਾ ਖਾ ਜਾਂਦੇ ਹਨ।

## 'ਇਸ ਵਾਰ ਅੱਤਵਾਦੀ ਹਮਲਿਆਂ ਨਾਲ ਭੜਕਾਇਆ ਤਾਂ ਬਹੁਤ ਭਿਆਨਕ ਹੋਵੇਗਾ-ਐਸ ਜੈਸ਼ੰਕਰ



**ਬ੍ਰਸੇਲਜ਼-**ਪਾਕਿਸਤਾਨ ਹਮੇਸ਼ਾ ਆਪ੍ਰੇਸ਼ਨ ਸਿੰਦੂਰ ਦੌਰਾਨ ਭਾਰਤ ਦੁਆਰਾ ਦਿੱਤੇ ਗਏ ਝਟਕੇ ਨੂੰ ਯਾਦ ਰੱਖੇਗਾ। ਪਾਕਿ-ਸਤਾਨ ਚਾਹੇ ਤਾਂ ਵੀ ਇਸ ਦਰਦ ਨੂੰ ਕਦੇ ਨਹੀਂ ਭੁੱਲ ਸਕਦਾ। ਇਸ ਦੌਰਾਨ, ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਇੱਕ ਵਾਰ ਫਿਰ ਪਾਕਿਸਤਾਨ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਅੱਤਵਾਦੀ ਹਮਲਿਆਂ ਨਾਲ ਭੜਕਾਇਆ ਗਿਆ ਤਾਂ ਭਾਰਤ ਪਾਕਿਸਤਾਨ ਦੇ ਅੰਦਰ ਡੂੰਘਾਈ ਨਾਲ ਹਮਲਾ ਕਰੇਗਾ। ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕਿਹਾ ਕਿ ਪਹਿਲਗਾਮ ਹਮਲੇ ਵਰਗੀ ਜ਼ਾਲਮਾਨਾ ਕਾਰਵਾਈ ਦੀ ਸੂਰਤ ਵਿੱਚ ਅੱਤਵਾਦੀ ਸੰਗਠਨਾਂ ਅਤੇ ਉਨ੍ਹਾਂ ਦੇ ਆਗੂਆਂ ਵਿਰੁੱਧ ਜਵਾਬੀ ਕਾਰਵਾਈ ਕੀਤੀ ਜਾਵੇਗੀ। ਯੂਰਪ ਦੀ ਆਪਣੀ ਫੇਰੀ ਦੌਰਾਨ ਉਨ੍ਹਾਂ ਕਿਹਾ ਕਿ ਪਾਕਿਸਤਾਨ ਹਜ਼ਾਰਾਂ ਅੱਤਵਾਦੀਆਂ ਨੂੰ ਖੁੱਲ੍ਹੇਆਮ ਸਿਖਲਾਈ ਦੇ ਰਿਹਾ ਹੈ ਅਤੇ ਉਨ੍ਹਾਂ ਨੂੰ ਭਾਰਤ ਵਿੱਚ ਛੱਡ ਰਿਹਾ ਹੈ।

**ਇਹ ਬਰਦਾਸ਼ਤਯੋਗ ਨਹੀਂ ਹੈ: ਜੈਸ਼ੰਕਰ**

ਤੁਹਾਨੂੰ ਦੱਸ ਦੇਈਏ ਕਿ ਸੋਮਵਾਰ ਨੂੰ ਉਨ੍ਹਾਂ ਨੇ ਪੋਲੀਟੀਕੋ ਨੂੰ ਕਿਹਾ ਸੀ ਕਿ ਅਸੀਂ ਇਹ ਬਰਦਾਸ਼ਤ ਨਹੀਂ ਕਰਾਂਗੇ। ਇਸ ਲਈ ਉਨ੍ਹਾਂ ਨੂੰ ਸਾਡਾ ਸੁਨੇਹਾ ਹੈ ਕਿ ਜੇਕਰ ਤੁਸੀਂ ਅਪ੍ਰੈਲ ਵਿਚ ਕੀਤੇ ਗਏ ਵਹਿਸ਼ੀ ਕਾਰਿਆਂ ਨੂੰ ਜਾਰੀ ਰੱਖਦੇ ਹੋ, ਤਾਂ ਤੁਹਾਨੂੰ ਬਦਲਾ ਲੈਣਾ ਪਵੇਗਾ ਅਤੇ ਇਹ ਬਦਲਾ ਅੱਤਵਾਦੀ ਸੰਗਠਨਾਂ ਅਤੇ ਅੱਤਵਾਦੀ ਲੀਡਰਸ਼ਿਪ ਦੇ ਖਿਲਾਫ ਹੋਵੇਗਾ। ਜੈਸ਼ੰਕਰ ਨੇ ਕਿਹਾ ਕਿ ਸਾਨੂੰ ਕੋਈ ਪਰਵਾਹ ਨਹੀਂ ਕਿ ਉਹ ਕਿੱਥੇ ਹਨ। ਜੇਕਰ ਉਹ ਪਾਕਿਸਤਾਨ ਦੇ ਅੰਦਰ ਹਨ, ਤਾਂ ਅਸੀਂ ਪਾਕਿਸਤਾਨ ਦੇ ਅੰਦਰ ਵੀ ਜਾਵਾਂਗੇ।

**ਹਾਰ ਦੇ ਸਵਾਲ 'ਤੇ ਜੈਸ਼ੰਕਰ ਨੇ ਕੀ ਕਿਹਾ?**

ਇਸ ਦੌਰਾਨ ਜਦੋਂ ਐਸ ਜੈਸ਼ੰਕਰ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਸਬੰਧਤ ਅਧਿਕਾਰੀ ਇਸ ਮਾਮਲੇ ਨੂੰ ਸਹੀ ਸਮੇਂ 'ਤੇ ਹੱਲ ਕਰਨਗੇ। ਜੈਸ਼ੰਕਰ ਨੇ ਕਿਹਾ ਕਿ ਭਾਰਤ ਦੇ ਲੜਾਕੂ ਜਹਾਜ਼ਾਂ ਅਤੇ ਮਿਜ਼ਾਈਲਾਂ ਨੇ ਪਾਕਿਸਤਾਨੀ ਹਵਾਈ ਸੈਨਾ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਇਆ ਹੈ, ਜਿਸ ਕਾਰਨ ਪਾਕਿਸਤਾਨ ਨੂੰ ਸ਼ਾਂਤੀ ਲਈ ਮੁਕੱਦਮਾ ਕਰਨਾ ਪਿਆ। ਉਨ੍ਹਾਂ ਇਸ ਦੌਰਾਨ ਕਿਹਾ ਕਿ ਜਿੱਥੋਂ ਤੱਕ ਮੇਰਾ ਸਵਾਲ ਹੈ, ਰਾਫੇਲ ਕਿੰਨਾ ਪ੍ਰਭਾਵਸ਼ਾਲੀ ਸੀ ਜਾਂ ਸਪੱਸ਼ਟ ਤੌਰ 'ਤੇ ਹੋਰ ਪ੍ਰਣਾਲੀਆਂ ਕਿੰਨੀਆਂ ਪ੍ਰਭਾਵਸ਼ਾਲੀ ਸਨ, ਮੇਰੇ ਲਈ ਇਸਦਾ ਸਬੂਤ ਪਾਕਿਸਤਾਨੀ ਪਾਸੇ ਤਬਾਹ ਅਤੇ ਅਯੋਗ ਹਵਾਈ ਖੇਤਰ ਹਨ।

## ਮਾਸਟਰ ਕਿਸ਼ਨ ਸਿੰਘ ਨੀਲਾ ਨਲੋਆ ਦੇ ਅਕਾਲ ਚਲਾਣੇ ਤੇ ਅਫਸੋਸ ਦਾ ਪ੍ਰਗਟਾਵਾ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਸੀਨੀਅਰ ਅਕਾਲੀ ਆਗੂ ਤੇ ਸਾਬਕਾ ਜਿਲ੍ਹਾ ਪ੍ਰੀਸ਼ਦ ਮੈਂਬਰ ਮਾਸਟਰ ਕਿਸ਼ਨ ਸਿੰਘ ਨੀਲਾ ਨਲੋਆ ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ ਦੇ ਪ੍ਰਤੀ ਵੱਖ ਵੱਖ ਸੰਸਥਾਵਾਂ ਨੇ ਤੇ ਸਥਾਨਕ ਅਕਾਲੀ ਲੀਡਰਾਂ ਜਿਨਾਂ ਚ ਗੁਰਨਾਮ ਸਿੰਘ ਪੰਮਾ, ਦਲਵੀਰ ਸਿੰਘ ਗਿੱਲ, ਕਰਮਦੀਪ ਸਿੰਘ ਬੈਂਸ, ਸੁਖਵਿੰਦਰ ਸਿੰਘ ਸੈਣੀ ਯੂਬਾ ਸਿਟੀ ਆਦਿ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਮਾਸਟਰ ਕਿਸ਼ਨ ਸਿੰਘ ਨੀਲਾ ਨਲੋਆ ਬਹੁਤ ਹੀ ਸੁਲਝੇ ਹੋਏ ਇਨਸਾਨ ਸਨ ਤੇ ਹਰ ਸਮੇਂ ਉਹ ਲੋਕਾਂ ਦੀ ਲਈ ਸੇਵਾ ਚ ਤਤਪਰ ਰਹਿੰਦੇ ਸਨ। ਉਨਾਂ ਨੇ ਹਮੇਸ਼ਾਂ ਲੋੜਵੰਦ ਲੋਕਾ ਦੀ ਮੱਦਦ ਕੀਤੀ। ਇਸ ਮੌਕੇ ਵੱਖ ਵੱਖ ਆਗੂਆਂ ਨੇ ਉਨਾਂ ਦੇ ਭਰਾਵਾਂ ਗੁਰਮੁਖ ਸਿੰਘ ਤੇ ਚੰਨਣ ਸਿੰਘ ਨਾਲ ਦੁੱਖ ਦਾ ਇਜਹਾਰ ਵੀ ਕੀਤਾ।

## ਨਿਊਯਾਰਕ 'ਚ ਗੰਭੀਰ ਬਿਮਾਰੀ ਤੋਂ ਪੀੜਤ ਲੋਕਾਂ ਲਈ ਸਵੈ-ਇੱਛੁਕ ਮੌਤ ਬਿੱਲ ਪਾਸ



**ਨਿਊਯਾਰਕ-** ਨਿਊਯਾਰਕ ਵਿਧਾਨ ਸਭਾ ਨੇ ਗੰਭੀਰ ਬਿਮਾਰੀ ਤੋਂ ਪੀੜਤ ਲੋਕਾਂ ਨੂੰ ਦਵਾਈ ਰਾਹੀਂ ਆਪਣੀ ਜ਼ਿੰਦਗੀ ਖਤਮ ਕਰਨ ਦਾ ਕਾਨੂੰਨੀ ਅਧਿਕਾਰ ਦਿੰਦਾ ਕਾਨੂੰਨ ਪਾਸ ਕਰ ਦਿੱਤਾ ਹੈ। ਇਸ ਬਿੱਲ ਨੂੰ ਹੁਣ ਗਵਰਨਰ ਕੋਲ ਭੇਜਿਆ ਗਿਆ ਹੈ। ਬਿੱਲ ਵਿੱਚ ਕਿਹਾ ਗਿਆ ਹੈ ਕਿ ਲਾਇਲਾਜ ਬਿਮਾਰੀ ਨਾਲ ਜੂਝ ਰਿਹਾ ਕੋਈ ਵਿਅਕਤੀ ਜੇ ਕਿਸੇ ਡਾਕਟਰ ਨੂੰ ਅਪੀਲ ਕਰੇ ਅਤੇ ਦੋ ਡਾਕਟਰ ਉਸ ਨੂੰ ਇਸ ਦੀ ਇਜਾਜ਼ਤ ਦੇਣ ਤਾਂ ਉਸ ਨੂੰ ਜੀਵਨ ਸਮਾਪਤੀ ਵਾਲੀਆਂ ਦਵਾਈਆਂ ਲੈਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਨਿਊਯਾਰਕ ਦੀ ਗਵਰਨਰ ਕੈਥੀ ਹੋਚੁਲ ਦੇ ਬੁਲਾਰੇ ਨੇ ਕਿਹਾ ਕਿ ਗਵਰਨਰ ਇਸ ਬਿੱਲ ਦੀ ਸਮੀਖਿਆ ਕਰੇਗੀ। ਨਿਊਯਾਰਕ ਵਿਧਾਨ ਸਭਾ ਵਿੱਚ ਇਸ ਬਿੱਲ 'ਤੇ ਕਈ ਘੰਟੇ ਬਹਿਸ ਚੱਲੀ। ਇਸ ਮਗਰੋਂ ਸੋਮਵਾਰ ਰਾਤ ਨੂੰ ਇਸ ਬਿੱਲ ਨੂੰ ਅੰਤਿਮ ਮਨਜ਼ੂਰੀ ਦੇ ਦਿੱਤੀ ਗਈ। ਬਿੱਲ 'ਤੇ ਬਹਿਸ ਦੌਰਾਨ ਇਸ ਦੇ ਸਮਰਥਕਾਂ ਦਾ ਤਰਕ ਸੀ ਕਿ ਇਸ ਨਾਲ ਗੰਭੀਰ ਬਿਮਾਰੀ ਤੋਂ ਪੀੜਤ ਲੋਕਾਂ ਨੂੰ ਆਪਣੀਆਂ ਸ਼ਰਤਾਂ 'ਤੇ ਜੀਵਨ ਸਮਾਪਤੀ ਦੀ ਇਜਾਜ਼ਤ ਮਿਲੇਗੀ। ਬਿੱਲ ਨੂੰ ਪੇਸ਼ ਕਰਨ ਵਾਲੇ ਸੈਨੇਟਰ ਬਰੈਡ ਹੋਯਲਮੈਨ-ਸੀਗਲ ਨੇ ਕਿਹਾ, "ਇਸ ਦਾ ਉਦੇਸ਼ ਮੌਤ ਨੂੰ ਨੇੜੇ ਲਿਆਉਣਾ ਨਹੀਂ, ਸਗੋਂ ਪੀੜਾ ਨੂੰ ਖ਼ਤਮ ਕਰਨਾ ਹੈ।" ਇੱਕ ਸੈਨੇਟਰ ਨੇ ਮੈਡੀਕਲ ਦੇਖਭਾਲ ਵਿੱਚ ਸੁਧਾਰ ਅਤੇ ਕੁੱਝ ਨੇ ਧਾਰਮਿਕ ਆਧਾਰ 'ਤੇ ਇਸ ਬਾਰੇ ਇਤਰਾਜ਼ ਜਤਾਇਆ।

**ਬਿੱਲ ਦੀ ਨਿਖੇਧੀ**

'ਨਿਊਯਾਰਕ ਸਟੇਟ ਕੈਥੋਲਿਕ ਕਾਨਫਰੰਸ' ਦੇ ਕਾਰਜਕਾਰੀ ਨਿਰਦੇਸ਼ਕ ਡੈਨਿਸ ਪਾਸਟ ਨੇ ਬਿੱਲ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ, "ਇਹ ਨਿਊਯਾਰਕ ਲਈ ਕਾਲਾ ਦਿਨ ਹੈ।"

ਇਸ ਨੀਤੀ ਦਾ ਸਮਰਥਨ ਕਰਨ ਵਾਲੀ ਸੰਸਥਾ 'ਕੰਪੈਸ਼ਨ ਐਂਡ ਚੁਆਇਸਿਜ਼' ਦਾ ਕਹਿਣਾ ਹੈ ਕਿ ਵਾਸ਼ਿੰਗਟਨ ਅਤੇ 11 ਹੋਰ ਸੂਬਿਆਂ ਵਿੱਚ ਡਾਕਟਰੀ ਸਹਾਇਤਾ ਰਾਹੀਂ ਜੀਵਨ ਸਮਾਪਤੀ ਦੀ ਆਗਿਆ ਦੇਣ ਵਾਲੇ ਕਾਨੂੰਨ ਹਨ।

## ਰਿਕਵਰੀ ਮਾਮਲਿਆਂ 'ਤੇ ਗੰਭੀਰਤਾ ਨਾਲ ਕੰਮ ਕਰਨ ਮਾਲ ਅਧਿਕਾਰੀ - ਆਸ਼ਿਕਾ ਜੈਨ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹੇ ਦੇ ਸਾਰੇ ਮਾਲ ਅਧਿਕਾਰੀਆਂ ਦੀ ਮਹੀਨਾਵਾਰ ਮੀਟਿੰਗ ਕੀਤੀ ਗਈ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਨੂੰ ਹਦਾਇਤ ਕੀਤੀ ਕਿ ਉਹ ਰਿਕਵਰੀ ਨਾਲ ਸਬੰਧਤ ਮਾਮਲਿਆਂ ਵਿੱਚ ਗੰਭੀਰਤਾ ਦਿਖਾਉਣ ਅਤੇ ਡਿਫਾਲਟਰਾਂ ਦੀ ਸੂਚੀ ਤਿਆਰ ਕਰਕੇ ਅਗਲੀ ਕਾਰਵਾਈ ਸ਼ੁਰੂ ਕਰਨ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ 'ਈਜ਼ੀ ਰਜਿਸਟ੍ਰੇਸ਼ਨ' ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦੇ ਹੋਏ ਕਿਹਾ ਕਿ ਇਸ ਪੋਰਟਲ ਰਾਹੀਂ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਹੋਰ ਪਾਰਦਰਸ਼ੀ ਅਤੇ ਸੁਵਿਧਾਜਨਕ ਬਣਾਇਆ ਜਾ ਰਿਹਾ ਹੈ। ਉਨ੍ਹਾਂ 'ਮੇਰਾ ਘਰ ਮੇਰੇ ਨਾਮ' ਯੋਜਨਾ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਉਨ੍ਹਾਂ ਤਹਿਸੀਲ ਕੰਪਲੈਕਸ ਦੇ ਨਵੀਨੀਕਰਨ ਦੇ ਕੰਮ 'ਤੇ ਚਰਚਾ ਕਰਦੇ ਹੋਏ ਨਿਰਮਾਣ ਏਜੰਸੀਆਂ ਨੂੰ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਗੁਣਵੱਤਾ ਨਾਲ ਕੰਮ ਪੂਰਾ ਕਰਨ ਲਈ ਕਿਹਾ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਖਸਰਾ-ਵਾਰ ਮੈਪਿੰਗ ਅਤੇ ਜਮ੍ਹਾਂਬੰਦੀ ਅੱਪਡੇਟ ਵਰਗੇ ਕੰਮਾਂ ਨੂੰ ਤੇਜ਼ ਕਰਨ ਦੀ ਲੋੜ ਜ਼ਾਹਰ ਕੀਤੀ। ਉਨ੍ਹਾਂ ਲੰਬਿਤ ਇੰਤਕਾਲ (ਮਿਊਟੇਸ਼ਨ) ਮਾਮਲਿਆਂ ਨੂੰ ਜਲਦੀ ਨਿਪਟਾਉਣ ਦੇ ਨਿਰਦੇਸ਼ ਦਿੰਦੇ ਹੋਏ ਵਿਸ਼ੇਸ਼ ਤੌਰ 'ਤੇ ਜਲ ਸਰੋਤ ਵਿਭਾਗ ਦੇ ਲੰਬਿਤ ਇੰਤਕਾਲਾਂ ਨੂੰ ਪਹਿਲ ਦੇ ਆਧਾਰ 'ਤੇ ਨਿਪਟਾਉਣ ਲਈ ਕਿਹਾ। ਪੀ।ਐਲ।ਆਰ।ਐਸ। ਦੇ ਕੰਮਾਂ ਦੀ ਸਮੀਖਿਆ ਕਰਦੇ ਹੋਏ, ਉਨ੍ਹਾਂ ਨੇ ਮੁਸਾਵੀ ਦੇ ਡਿਜੀਟਾਈਜ਼ੇਸ਼ਨ ਨੂੰ ਜਲਦੀ ਪੂਰਾ ਕਰਨ 'ਤੇ ਜ਼ੋਰ ਦਿੱਤਾ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਜ਼ਮੀਨ ਪ੍ਰਾਪਤੀ ਮਾਮਲਿਆਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਕਿਸਾਨਾਂ ਅਤੇ ਪ੍ਰੋਜੈਕਟ ਏਜੰਸੀਆਂ ਦੇ ਹਿੱਤਾਂ ਵਿਚਕਾਰ ਸੰਤੁਲਨ ਬਣਾਈ ਰੱਖਦੇ ਹੋਏ ਲੰਬਿਤ ਮਾਮਲਿਆਂ ਦਾ ਜਲਦੀ ਨਿਪਟਾਰਾ ਕੀਤਾ ਜਾਵੇ। ਮੀਟਿੰਗ ਵਿੱਚ ਅਧਿਕਾਰੀਆਂ ਨੂੰ ਪਾਰਦਰਸ਼ਤਾ, ਸਮਾਂਬੱਧਤਾ ਅਤੇ ਜਵਾਬਦੇਹੀ ਨਾਲ ਕੰਮ ਕਰਨ ਦਾ ਸੁਨੇਹਾ ਦਿੰਦਿਆਂ ਆਸ਼ਿਕਾ ਜੈਨ ਨੇ ਕਿਹਾ ਕਿ ਮਾਲੀਆ ਪ੍ਰਣਾਲੀ ਆਮ ਲੋਕਾਂ ਨਾਲ ਸਬੰਧਤ ਹੈ, ਇਸ ਲਈ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਸ੍ਰ. ਸੁਖਦੇਵ ਸਿੰਘ ਢੀਂਡਸਾ

## ਦਰਵੇਸ਼ ਸਿਆਸਤ ਦੇ ਯੁੱਗ ਦਾ ਅੰਤ



ਡਾ ਹਰਕੇਸ਼ ਸਿੰਘ ਸਿੱਧੂ
ਸਾਬਕਾ ਡੀਸੀ ਸੰਗਰੂਰ

ਸ੍ਰ. ਸੁਖਦੇਵ ਸਿੰਘ ਢੀਂਡਸਾ, ਸਾਬਕਾ ਕੇਂਦਰੀ ਮੰਤਰੀ ਭਾਰਤ ਸਰਕਾਰ ਥੋੜੇ ਚਿਰ ਤੋਂ ਚੱਲ ਰਹੀਂ ਫੇਫੜਿਆ ਦੀ ਇਨਫੈਕਸ਼ਨ ਕਾਰਨ ਫੋਰ੍ਟਸ ਹਸਪਤਾਲ ਮੁਹਾਲੀ ਵਿੱਚ 28 ਮਈ ਨੂੰ ਸ਼ਾਮੀ 5 ਵੱਜੇ ਫਾਨੀ ਸੰਸਾਰ ਨੂੰ ਸਦੀਵੀ ਵਿਛੋੜਾ ਦੇ ਗਏ ਮੇਰੀ ਮਾਸੀ ਪ੍ਰੀਤਮ ਕੌਰ ਉਹਨਾਂ ਦੇ ਵੱਡੇ ਸਾਲੇ ਮਰਹੂਮ ਸੁਖਦੇਵ ਸਿੰਘ ਚਾਹਲ ਨੂੰ ਸਨ 1970 ਵਿਚ ਮੰਗਵਾਲ ਪਿੰਡ 'ਚ ਵਿਆਹੀ ਸੀ, ਰਿਸ਼ਤਾ ਮੈਂ ਕਰਵਾਇਆ ਸੀ ਜਦੋਂ ਮੈਂ ਅਜੇ ਦਸਵੀਂ ਜਮਾਤ ਹੀ ਪਾਸ ਕੀਤੀ ਸੀ।

ਇਸ ਰਿਸ਼ਤੇਦਾਰੀ ਸਦਕਾ ਢੀਂਡਸਾ ਸਾਹਿਬ ਦਾ ਨਾਲ ਮੇਰਾ ਸੰਪਰਕ ਹੋਇਆ।ਫੇਰ ਉੁਨ੍ਹਾਂ ਮੇਰਾ ਰੂਹ ਤੇ ਕਲਬੂਤ ਵਾਲਾ ਰਿਸ਼ਤਾ ਤਾਂ ਜਿੰਦਗੀ ਨਿਭਿਆ। ਮੈਂ ਉੁਨ੍ਹਾਂ ਦਾ ਚਹੇਤਾ ਸਰਪੰਚ ਰਿਹਾ। ਐਸ ਜੀ ਪੀ ਸੀ ਦੀ ਚੋਣ ਲੜੀ। ਸਰਕਾਰੀ ਨੌਕਰੀ ਦੇ ਬਾਵਜੂਦ ਉਨ੍ਹਾਂ ਦੀ ਹਰ ਚੋਣ ਵਿੱਚ ਤਨ ਦੇਹੀ ਨਾਲ ਮਦਦ ਕੀਤੀ। ਉਹ ਹਰ ਔਖੇ ਵੇਲੇ ਉਹ ਮੇਰੇ ਨਾਲ ਖੜੇ। ਸ੍ਰ. ਢੀਂਡਸਾ ਦਾ ਜਨਮ ਪਟਿਆਲਾ ਰਿਆਸਤ ਦੇ ਪਿੰਡ ਉਭਾਵਾਲ ਵਿੱਚ ਮਾਤਾ ਲਾਭ ਕੌਰ ਦੀ ਕੁੱਖੋਂ ਜਥੇਦਾਰ ਰਤਨ ਸਿੰਘ ਦੇ ਘਰ 9 ਅਪ੍ਰੈਲ 1936 ਨੂੰ ਹੋਇਆ ਹੋਇਆ। ਉਹਨਾਂ ਦੀ ਮਾਤਾ ਜੀ, ਬਚਪਨ ਵਿੱਚ ਪਰਲੋਕ ਸਿਧਾਰ ਗਏ ਸਨ।



ਉਹਨਾਂ ਨੂੰ ਬਚਪਨ ਵਿੱਚ ਮਾਂ ਅਤੇ ਮਾਸੀ ਦਾ ਪਿਆਰ ਮਾਸੀ ਵੱਲੋਂ ਮਿਲਿਆ ਜੋ ਪਿੰਡ ਭਿੰਡਰਾਂ ਵਿੱਚ ਸ਼ਾਦੀ ਸ਼ੁਦਾ ਸੀ। ਢੀਂਡਸਾ ਸਾਹਿਬ ਤਿੰਨ ਭਰਾਵਾਂ ਚੋਂ ਸਭ ਤੋਂ ਛੋਟੇ ਸਨ। ਭਰਾਵਾਂ ਨੇ ਆਪਣੇ ਛੋਟੇ ਵੀਰ ਨੂੰ ਅੰਬਰ ਦੇ ਤਾਰੇ ਵਾਂਗ ਰੱਖਿਆ। ਕਿਸੇ ਖ਼ੇਤੀ ਜਾ ਹੋਰ ਘਰੇਲੂ ਕੰਮ ਚ ਨਹੀ ਲਾਇਆ। ਉਂਝ ਭਾਵੇ ਗਰਮੀਆਂ ਦੀਆਂ ਛੁੱਟੀਆਂ ਵੇਲੇ ਮੱਝਾਂ ਚਾਰਦੇ ਮੱਝ ਦੀ ਅਸਵਾਰੀ ਕਰਦੇ ਉੁਨ੍ਹਾਂ ਦੀ ਬਾਂਹ ਟੁੱਟ ਗਈ ਸੀ ਜੋ ਦੇਸੀ ਸਿਆਣੇ ਵੱਲੋਂ ਥੋੜ੍ਹੀ ਟੇਢੀ ਜੜੀ ਗਈ ਸੀ।

ਉਹ ਪਹਿਲਾ ਬਡਰੁੱਖਾਂ ਫੇਰ ਗੁਰੂ ਨਾਨਕ ਹਾਈ ਸਕੂਲ ਸੰਗਰੂਰ ਵਿੱਚ ਪੜੇ। ਪਹਿਲੀ ਜਮਾਤ ਚ ਹੀ ਚਾਰ ਕਿਲੋਮੀਟਰ ਟਿੱਬਿਆਂ ਦੇ ਰਾਹ ਪੈਦਲ ਜਾਂਦੇ। ਸੰਗਰੂਰ ਸਕੂਲ ਤੇ ਕਾਲਜ ਵਿਚ ਉਹ ਹੋਸਟਲ 'ਚ ਰਹੇ ਤੇ ਹਾਕੀ ਦੇ ਸਿਰ ਕੱਢ ਖਿਡਾਰੀ ਰਹੇ। ਕਾਲਜ 'ਚ ਬੀ ਏ ਦੇ ਆਖਰੀ ਸਾਲ ਚ ਉਹ ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਰਹੇ ਉਹਨਾਂ ਦੇ ਨਾਲ ਸ੍ਰ. ਕ੍ਰਿਸ਼ਨ ਦੇਵ ਸਿੰਘ ਭੁਟਾਲ ਪਹਿਲਾ ਪ੍ਰਧਾਨ, ਫੇਰ ਢੀਂਡਸਾ ਸਾਹਿਬ ਨਾਲ ਸਕੱਤਰ ਰਹੇ। ਬੀ ਏ ਕਰਨ ਸਾਰ ਕਾਲਜ ਵਿਚ ਸਭ ਤੋਂ ਵੱਧ ਅਨੁਸਾਸਿਤ ਤੇ ਸਾਊ ਵਿਦਿਆਰਥੀ ਹੋਣ ਕਰਕੇ ਕਾਲਜ ਦੇ ਲਾਇਬਰੇਰੀਅਨ ਲਾ ਦਿੱਤੇ। ਥੋੜ੍ਹੀ ਦੇਰ ਬਾਅਦ ਬਲਾਕ ਸਮੰਤੀ 'ਚ ਟੈਕਸ ਕੋਲੇਕਟਰ ਰਹੇ। ਪੰਚਾਇਤੀ ਚੋਣਾਂ 'ਚ 1962 ਪਿੰਡ ਉਭਾਵਾਲ ਦੇ ਸਰਬਸੰਮਤੀ ਨਾਲ ਸਰਪੰਚ ਬਣੇ। ਅਗਲੇ ਸਾਲ ਮਾਰਕਿਟ ਕਮੇਟੀ ਸੰਗਰੂਰ ਦੀ ਚੋਣ ਲੜ ਕੇ ਚੇਅਰਮੈਨ ਬਣੇ।

ਸਨ 1962 ਵਿੱਚ ਹੀ ਉਹਨਾਂ ਦੀ ਸ਼ਾਦੀ ਪਿੰਡ ਮੰਗਵਾਲ ਵਿਖ਼ੇ ਜਥੇਦਾਰ ਚੰਨਣ ਸਿੰਘ ਅਜਾਦੀ ਘੁਲਾਟੀਏ ਦੀ ਵੱਡੀ ਬੇਟੀ, ਬੀਬੀ ਹਰਜੀਤ ਕੌਰ ਨਾਲ ਹੋਈ, ਜਿਨ੍ਹਾਂ ਦੀ ਕੁੱਖੋਂ ਦੋ ਬੇਟੀਆਂ ਮਨਦੀਪ ਕੌਰ ਅਤੇ ਰਮਨਦੀਪ ਕੌਰ ਅਤੇ ਸਪੁੱਤਰ ਸ੍ਰ ਪਰਮਿੰਦਰ ਸਿੰਘ ਢੀਂਡਸਾ ਨੇ ਜਨਮ ਲਿਆ ਜੋ ਦਸ ਸਾਲ ਕੈਬਨਿਟ ਮੰਤਰੀ ਅਤੇ ਪੰਜ ਵਾਰ ਵਿਧਾਇਕ ਰਹੇ। ਹੁਣ ਸ਼੍ਰੋਮਣੀ ਅਕਾਲੀ ਦਲ ਦੀ ਸੁਧਾਰ ਲਹਿਰ ਵਿੱਚ ਸਰਗਰਮ ਭੂਮਿਕਾ ਨਿਭਾ ਰਹੇ ਹਨ। ਸ੍ਰ. ਢੀਂਡਸਾ 1970 ਵਿੱਚ ਸੈਂਟਰਲ ਕੋਪ੍ਰੇਟਿਵ ਬੈਂਕ ਸੰਗਰੂਰ ਦੇ ਮੈਨੇਜਿੰਗ ਡਾਇਰੈਕਟਰ ਰਹੇ ਬਣੇ, ਉਥੋਂ ਹੀ ਧਨੌਲਾ ਹਲਕਾ ਤੋ 1972 ਵਿੱਚ ਅਜਾਦ ਐਮ ਐਲ ਏ ਬਣੇ। ਉਸ ਵੇਲੇ ਗਿਆਨੀ ਜੈਲ ਸਿੰਘ ਮੁੱਖ ਮੰਤਰੀ ਨੇ ਸੁਨੇਹਾ ਭੇਜ ਕੇ ਮਾਰਕਫੈਡ ਦੀ ਚੇਅਰਮੈਨੀ ਅਤੇ ਦਸ ਲੱਖ ਦੀ ਪੇਸ਼ਕਸ਼ ਕੀਤੀ ਨਾਲ ਹੀ ਕਿਹਾ ਕਿ ਢੀਂਡਸਾ ਤੂੰ ਚੰਗਾ ਨੌਜਵਾਨ ਅੱਛੀ ਛੱਵੀ ਹੋਣ ਕਰਕੇ ਸਦਨ ਵਿੱਚ ਇੱਕੋ ਇੱਕ ਅਜਾਦ ਐਮ ਐਲ ਏ ਹੈ। ਇਸ ਲਈ ਤੇਰਾ ਤੇਰਾ ਭਵਿੱਖ ਕਾਂਗਰਸ ਵਿੱਚ ਉਜਲਾ ਹੈ। ਉਹਨਾ ਨੇ ਹਲੀਮੀ ਨਾਲ ਪੇਸ਼ਕਸ਼ ਠੁਕਰਾਈ ਤੇ ਕਿਹਾ ਕਿ ਮੇਰੇ ਅੰਦਰ ਪਿਤਾ ਪੁਰਖੀ ਪੰਥਕ ਜਜਬਾ ਹੈ ਇਸ ਲਈ ਉਮਰ ਭਰ ਅਕਾਲੀ ਰਹਾਂਗਾ। ਅਕਾਲੀ ਪਾਰਟੀ ਵਿੱਚ ਸ਼ਾਮਲ ਹੋ ਕੇ ਵਿਰੋਧੀ ਧਿਰ ਦੇ ਉਪ ਲੀਡਰ ਰਹੇ। ਸਾਰੇ ਅਕਾਲੀ ਮੋਰਚਿਆ ਵਿੱਚ ਅਗਲੀ ਕਤਾਰ ਚ ਖਲੋ ਕੇ ਯੋਗਦਾਨ ਪਾਇਆ। 1977 ਵਿੱਚ ਸੁਨਾਮ ਤੋ ਐਮ ਐਲ ਏ ਬਣਕੇ ਅਕਾਲੀ ਸਰਕਾਰ 'ਚ ਤਿੰਨ ਸਾਲ ਟਰਾਂਸਪੋਰਟ ਸਿੱਖਿਆ ਖੇਡਾਂ ਕਲਚਰਲ ਵਿਭਾਗਾਂ ਦੇ ਮੰਤਰੀ ਰਹੇ।

1980 ਵਿੱਚ ਸੰਗਰੂਰ 1985 ਵਿੱਚ ਫੇਰ ਸੁਨਾਮ ਤੋ ਐਮ ਐਲ ਏ ਬਣੇ। ਸ੍ਰ. ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਚ ਕੈਬਨਿਟ ਮੰਤਰੀ ਦੀ ਪੇਸ਼ਕਸ਼ ਠੁਕਰਾ ਕੇ ਸ੍ਰ. ਪ੍ਰਕਾਸ਼ ਸਿੰਘ ਬਾਦਲ ਨਾਲ ਚਟਾਨ ਵਾਂਗ ਖੜੇ। ਸ਼੍ਰੋਮਣੀ ਅਕਾਲੀ ਵਿੱਚ ਲੰਮੇ ਸਮੇਂ ਤੱਕ ਦੋ ਨੰਬਰ ਪਜੀਸ਼ਨ ਤੇ ਸਕੱਤਰ ਜਨਰਲ ਰਹੇ। 1997 'ਚ ਉਹ ਸੁਨਾਮ ਤੋ ਚੋਣ ਹਾਰ ਗਏ। ਉਨ੍ਹਾਂ ਨੂੰ ਕੈਬਿਨਟ ਰੈਂਕ 'ਚ ਪੰਜਾਬ ਯੋਜਨਾ ਬੋਰਡ ਦਾ ਉਪ ਚੇਅਰਮੈਨ ਲਾਇਆ ਗਿਆ ਕਿਉਕਿ ਚੇਅਰਮੈਨ ਮੁੱਖ ਮੰਤਰੀ ਹੁੰਦੈ। ਕੁੱਝ ਮਹੀਨਿਆਂ ਬਾਅਦ ਹੀ ਪੰਜਾਬ ਬਿਜਲੀ ਬੋਰਡ ਦਾ ਚੇਅਰਮੈਨ ਲਾ ਕੇ ਕੈਬਿਨੇਟ ਮੰਤਰੀ ਦਾ ਰੈਂਕ ਦਿੱਤਾ। ਸੰਨ 2000 ਵਿੱਚ ਉਹ ਰਾਜ ਸਭਾ ਦੇ ਮੇਂਬਰ ਬਣਕੇ ਕੇਂਦਰੀ ਖਾਦ ਅਤੇ ਰਸਾਇਣ ਮੰਤਰੀ ਬਣੇ ਫੇਰ ਚਾਰ ਸਾਲ ਖੇਡ ਮੰਤਰੀ ਵੀ ਰਹੇ।

ਜਦੋਂ ਭਾਰਤੀ ਕ੍ਰਿਕਟ ਖੇਡ ਵਿੱਚ ਰਲ਼ ਕੇ ਖੇਡਣ ਅਤੇ ਦਾਅ ਦੇ ਖੇਡਣ ਦੀ ਪੋਲ ਖੁੱਲੀ ਇਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਖੁੱਦ ਸਿਫਾਰਸ ਕੀਤੀ ਕਿ ਸੀ ਬੀ ਆਈ ਦੀ ਪੜਤਾਲ ਕਰਵਾਈ ਜਾਵੇ ਤਾਂ ਪ੍ਰਧਾਨ ਮੰਤਰੀ ਸ੍ਰੀ ਅੱਟਲ ਬਿਹਾਰੀ ਵਾਜਪਾਈ ਨੇ ਕਿਹਾ ਕਿ ਉਹ ਪਹਿਲੇ ਮੰਤਰੀ ਨੇ ਜੇਹੜੇ ਆਪਣੇ ਮਹਿਕਮੇ ਚ ਖੁਦ ਸੀ ਬੀ ਆਈ ਦੀ ਜਾਂਚ ਮੰਗੇ ਰਹੋ ਸਨ। ਢੀਂਡਸਾ ਸਾਹਿਬ ਦਾ ਜਵਾਬ ਸੀ ਕਿ ਉਸ ਦਾ ਦਾਮਨ ਸਾਫ ਹੈ। ਉਹ 2004 'ਚ ਲੋਕ ਸਭਾ ਮੇਂਬਰ ਤੇ ਤਿੰਨ ਵਾਰੀ ਰਾਜ ਸਭਾ ਦੇ ਮੇਂਬਰ ਰਹੇ। ਕਿਸੇ ਅਹੁਦੇ ਤੇ ਪੰਥ ਅਤੇ ਸਰਕਾਰ ਨੂੰ ਕੋਈ ਖੁਨਾਮੀ ਨਹੀ ਲੱਗਣ ਦਿੱਤੀ। ਸ੍ਰ ਢੀਂਡਸਾ ਪੰਜਾਬ ਓਲੰਪਿਕ ਐਸੋਸੀਏਸ਼ਨ ਦੇ 35 ਸਾਲ ਸਭ ਤੋ ਲੰਮਾ ਸਮਾਂ ਸਰਬ-ਸੰਮਤੀ ਨਾਲ ਪ੍ਰਧਾਨ ਬਣਦੇ ਰਹੇ ਤੇ ਦਾਮਨ ਪਾਕ ਰਿਹਾ।

ਐਨੇ ਲੰਮੇ ਸਿਆਸੀ ਅਤੇ ਖੇਡ ਜਗਤ ਦੀ ਸੇਵਾ ਕਰਦੇ ਕਦੇ ਕਿਸੇ ਵਿਰੋਧੀ ਵੱਲੋਂ ਉਹਨਾਂ ਦੇ ਖਿਲਾਫ ਕੋਈ ਇਲਜਾਮ ਤੱਕ ਨਹੀ ਲੱਗਿਆ। ਸ੍ਰ. ਬੇਅੰਤ ਸਿੰਘ ਦੀ ਸਰਕਾਰ ਚ ਕੁੱਝ ਨਿੱਜੀ ਹਿੱਤਾਂ ਦੀ ਪੂਰਤੀ ਵਾਲੇ ਲੋਕਾਂ ਨੇ ਉਨ੍ਹਾਂ ਦੇ ਜੁਆਈ ਕਰਨਲ ਰਮਿੰਦਰ ਸਿੰਘ ਨੂੰ ਪੀ ਓ ਏ ਦਾ ਪ੍ਰਧਾਨ ਬਣਾਉਣ ਦੀ ਗੱਲ ਚਲਾਤੀ। ਮੈਨੂੰ ਢੀਂਡਸਾ ਸਾਹਿਬ ਨੇ ਕਿਹਾ ਕਿ ਸ੍ਰ ਬੇਅੰਤ ਸਿੰਘ ਨੂੰ ਜਾ ਕੇ ਕਹਿ ਆਓ ਕਿ ਉਹ ਪੀ ਓ ਏ ਦੇ ਖੁੱਦ ਪ੍ਰਧਾਨ ਬਣ ਜਾਣ ਮੈਂ ਅਸਤੀਫ਼ਾ ਦੇ ਦਿੰਦਾ ਹਾਂ। ਜਦੋਂ ਸ੍ਰ ਬੇਅੰਤ ਸਿੰਘ ਨੂੰ ਦੱਸਿਆ ਗਿਆ, ਉਹ ਕਹਿੰਦੇ ਢੀਂਡਸਾ ਸਾਹਿਬ ਵਧੀਆ ਨੇਕ ਸਾਊ ਇਮਾਨਦਾਰ ਤੇ ਨਿਰਪੱਖ ਇਨਸਾਨ ਹਨ, ਉਹਨਾਂ ਨੂੰ ਕਹਿ ਦਿ ਕਿ ਉਹ ਹੀ ਪ੍ਰਧਾਨ ਰਹਿਣਗੇ।

ਉਹ ਸਾਰੀਆਂ ਪਾਰਟੀਆਂ, ਜਥੇਬੰਦੀਆਂ ਤੇ ਸੰਸਥਾਵਾਂ ਵਿੱਚ ਸਤਿਕਾਰ ਯੋਗ ਰਹੇ। ਸਿਆਸਤ ਦੀ ਖੇਡ ਇਖਲਾਕੀ ਤੇ ਸਾਊਪੁੱਣੇ ਅਤੇ ਹਲੀਮੀ ਦੀ ਪਾਰੀ ਨਾਲ ਖੇਡੀ। ਕਦੇ ਕਿਸੇ ਵਿਰੋਧੀ ਧਿਰ ਦੇ ਉਮੀਦਵਾਰ ਜਾ ਨੇਤਾ ਦੀ ਸ਼ਾਨ ਜਾਂ ਨਿੱਜੀ ਕਿਰਦਾਰ ਵਾਰੇ ਕੋਈ ਅਪ ਸ਼ਬਦ ਨਹੀ ਬੋਲਿਆ। ਅੱਜ ਕੱਲ ਅਖਬਾਰਾਂ, ਸੋਸਲ ਮੀਡੀਆ ਵਿੱਚ ਤੇ ਚੁੰਜ ਚਰਚਾ ਚ ਹਰ ਪਾਸਿ ' ਸ੍ਰ ਢੀਂਡਸਾ ਦੀ ਸ਼ਰਾਫ਼ਤ ਅਤੇ ਹਲੀਮੀ ਦੇ ਚਰਚੇ ਹੁੰਦੇ ਰਹੇ। ਕਿੱਧਰੋਂ ਵੀ ਕੋਈ ਵਿਰੋਧੀ ਸੁਰ ਨਹੀ ਸੁਣੀ।

ਸ੍ਰ ਢੀਂਡਸਾ ਇੱਕ ਸਾਊ ਪੁੱਤ, ਚੰਗਾ ਭਰਾ ਅੱਛਾ ਪਤੀ, ਪਿਤਾ ਅਤੇ ਮਿੱਤਰ ਹੋਣ ਦੇ ਨਾਲ ਕਦਾਵਰ ਹਰਮਨ ਪਿਆਰਾ ਨੇਤਾ ਤੇ ਨਿਮਰ ਇਨਸਾਨ ਸੀ। ਉੁਨ੍ਹਾਂ ਦੇ ਸੁਭਾਅ ਅਤੇ ਕਿਰਦਾਰ ਦੀ ਛਾਪ ਉੁਨ੍ਹਾਂ ਦੇ ਸਪੁੱਤਰ ਸ੍ਰ. ਪਰਮਿੰਦਰ ਸਿੰਘ ਢੀਂਡਸਾ ਦੇ ਕਿਰਦਾਰ ਵਿਚੋਂ ਵੇਖੀ ਜਾ ਸਕਦੀ ਐ। ਢੀਂਡਸਾ ਸਾਹਿਬ ਦੇ ਜਾਣ ਨਾਲ ਟਕਸਾਲੀ ਅਤੇ ਨੈਤਿਕਤਾ ਨਾਲ ਸਿਆਸੀ ਪੀੜ੍ਹੀ ਦਾ ਅੰਤ ਹੋ ਗਿਆ।

# ਦ੍ਰਿੜ ਇਰਾਦੇ ਵਾਲਾ ਸਕਿੰਦਰ ਸਿੰਘ ਢੀਂਡਸਾ ਕਿਸਾਨ ਪਰਿਵਾਰ 'ਚੋਂ ਸਫਲ ਕਾਰੋਬਾਰੀ ਬਣਿਆ



ਮੇਜਰ ਸਿੰਘ ਨਾਭਾ
91-94635-53962

ਕਈ ਸ਼ਖਸ਼ੀਅਤਾਂ ਬਹੁਤੀ ਪੜ੍ਹਾਈ ਨਾ ਕਰਨ ਦੇ ਬਾਵਜੂਦ ਵੀ ਸਮਾਜ ਵਿੱਚ ਹੋਰ ਖੇਤਰਾਂ ਵਿੱਚ ਕਾਮਯਾਬੀ ਪ੍ਰਾਪਤ ਕਰਨ ਵਿੱਚ ਸਫਲ ਹੋ ਜਾਂਦੀਆਂ ਹਨ। ਇਹੋ ਜਿਹੀ ਹੀ ਢੀਂਡਸਾ ਪਰਿਵਾਰ ਦੀ ਸ਼ਖਸ਼ੀਅਤ ਹੈ ਸ੍ਰ. ਸਕਿੰਦਰ ਸਿੰਘ ਢੀਂਡਸਾ, ਜਿਨ੍ਹਾਂ ਦਾ ਜਨਮ ਪਿੰਡ ਦੰਦਰਾਲਾ ਢੀਂਡਸਾ (ਪਟਿਆਲਾ) ਵਿਖੇ ਸਵ: ਸ੍ਰ. ਬੁੱਧ ਸਿੰਘ ਢੀਂਡਸਾ ਦੇ ਘਰ ਸਵ: ਮਾਤਾ ਸਰਦਾਰਨੀ ਭਗਵਾਨ ਕੌਰ ਦੀ ਕੁੱਖੋਂ 15 ਮਾਰਚ 1951 ਨੂੰ ਹੋਇਆ। ਉਨ੍ਹਾਂ ਦਾ ਪਰਿਵਾਰ ਪਿੰਡ ਵਿੱਚ ਉੱਚੇ ਥੰਮੇ ਨਾਲ ਸਤਿਕਾਰਿਆ ਜਾਣ ਕਰਕੇ ਪਿੰਡ ਵਾਲੇ ਆਪਣੇ ਤੋਂ ਇਸ ਪਰਿਵਾਰ ਦੇ ਛੋਟੇ ਮੈਂਬਰ ਨੂੰ ਵੀ 'ਬਾਬਾ' ਕਹਿ ਕੇ ਬਲਾਉਂਦੇ ਹਨ। ਉਨ੍ਹਾਂ ਦੇ ਵੱਡੇ ਭਰਾ ਸ੍ਰ. ਨਰੰਗ ਸਿੰਘ ਢੀਂਡਸਾ, ਛੋਟੇ ਭਰਾ ਸ੍ਰ. ਅਮਰ ਸਿੰਘ ਢੀਂਡਸਾ ਅਤੇ ਸ੍ਰ. ਅਜੈਬ ਸਿੰਘ ਢੀਂਡਸਾ ਪਿੰਡ ਵਿਖੇ ਹੀ ਖੇਤੀਬਾੜੀ ਦਾ ਕੰਮ ਕਰਦੇ ਹਨ । ਵੱਡੀ ਭੈਣ ਸੁਖਦੇਵ ਕੌਰ ਆਪਣੇ ਪਤੀ ਸ੍ਰ. ਪਾਲ ਸਿੰਘ ਅਤੇ ਬੱਚਿਆਂ ਨਾਲ ਹਰਦਾਸਪੁਰ ਪਿੰਡ ਵਿਖੇ ਰਹਿ ਰਹੀ ਹੈ। ਭੈਣ ਜਗਜੀਤ ਕੌਰ ਪਿੰਡ ਪੇਦਨੀ ਵਿਖੇ ਆਪਣੇ ਪਤੀ ਸ੍ਰ. ਨਿਰਮਲ ਸਿੰਘ ਅਤੇ ਬੱਚਿਆਂ ਨਾਲ ਰਹਿੰਦੀ ਹੈ। ਭੈਣ ਹਰਮੇਸ਼ ਕੌਰ ਪਿੰਡ ਬਾਰਨ ਵਿਖੇ ਸ੍ਰ. ਗੁਰਧਿਆਨ ਸਿੰਘ ਨਾਲ ਵਿਆਹੀ ਹੋਈ ਹੈ। ਸਾਰਾ ਪਰਿਵਾਰ ਨੇਕ ਸੁਭਾਅ ਅਤੇ ਸਰਾਫਤ ਕਰਕੇ ਆਪਣੀ ਵੱਖਰੀ ਪਛਾਣ ਰੱਖਦਾ ਹੈ।



ਸਿਕੰਦਰ ਸਿੰਘ ਨੇ ਮੁੱਢਲੀ ਅੱਠਵੀਂ ਤੱਕ ਦੀ ਵਿੱਦਿਆ ਆਪਣੇ ਪਿੰਡ ਦੇ ਸਰਕਾਰੀ ਮਿਡਲ ਸਕੂਲ ਤੋਂ ਪ੍ਰਾਪਤ ਕਰਨ ਉਪਰੰਤ ਦਸਵੀਂ ਤੱਕ ਦੀ ਪੜ੍ਹਾਈ ਸਰਕਾਰੀ ਹਾਈ ਸਕੂਲ ਚੌਂਦਾ (ਸੰਗਰੂਰ) ਤੋਂ 1970 ਵਿੱਚ ਪ੍ਰਾਪਤ ਕੀਤੀ। ਉਚੇਰੀ ਪੜ੍ਹਾਈ ਲਈ ਉਨ੍ਹਾ ਨੇ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਪ੍ਰੈਪ ਵਿੱਚ ਦਾਖਲਾ ਲੈ ਲਿਆ। ਪਿੰਡੋਂ ਬਸ ਸਰਵਿਸ ਨਾਭੇ ਲਈ ਬਹੁਤ ਘੱਟ ਸੀ, ਸਾਈਕਲ ਤੇ ਹੀ ਕਾਲਜ ਜਾਣਾ ਪੈਂਦਾ ਸੀ। ਪਰ ਸਾਲ ਬਾਅਦ ਨਤੀਜਾ ਆਉਣ ਤੇ ਕੰਪਾਰਮੈਂਟ ਆਉਣ ਕਾਰਨ ਪੜ੍ਹਾਈ ਛੱਡ ਕੇ ਉਹ ਖੇਤੀਬਾੜੀ ਕਰਨ ਲੱਗ ਪਏ। ਉਸ ਸਮੇਂ ਬਾਹਰਲੇ ਦੇਸ਼ ਜਾਣ ਦਾ ਰੁਝਾਣ ਬਹੁਤ ਘੱਟ ਸੀ। ਹੁਣ ਵਾਂਗ ਜਿਵੇਂ ਬੱਚੇ ਪੜ੍ਹਾਈ ਕਰਨ ਲਈ ਜਾਂਦੇ ਹਨ ਅਤੇ ਉਥੇ ਹੀ ਸੈਟਲ ਹੋ ਰਹੇ ਹਨ ਉਦੋਂ ਇਹ ਵਰਤਾਰਾ ਨਹੀਂ ਸੀ ਸਗੋਂ ਉੱਧਰ ਕੰਮ ਕਰਕੇ ਕਮਾਈ ਕਰ ਕੇ ਲਿਆਉਣ ਲਈ ਬਾਹਰ ਜਾਂਦੇ ਸੀ। ਸਕਿੰਦਰ ਸਿੰਘ ਦਾ ਮੰਗਣਾ ਮਾਰਚ 1974 ਵਿੱਚ ਪਿੰਡ ਲੱਧਾਹੇੜੀ ਦੇ ਸ੍ਰ. ਈਸ਼ਰ ਸਿੰਘ ਦੀ ਬੇਟੀ ਬਲਵੀਰ ਕੌਰ ਨਾਲ ਹੋ ਗਿਆ। ਉਹ ਪਰਿਵਾਰ ਦੀ ਆਰਥਿਕ ਸਥਿਤੀ ਨੂੰ ਹੋਰ ਵਧੇਰੇ ਮਜਬੂਤ ਬਣਾਉਣ ਲਈ ਗਰੀਸ ਚਲਿਆ ਗਿਆ। ਇਥੇ ਉਸ ਨੇ ਸ਼ਿਪ (ਸਮੁੰਦਰੀ ਜ਼ਹਾਜ਼) ਵਿੱਚ ਬਤੌਰ ਸੇਲਰ ਡਿਊਟੀ ਦਿੱਤੀ । ਉਹ ਗਰੀਸ ਤੋਂ 1977 ਵਿੱਚ ਵਾਪਿਸ ਆ ਗਿਆ ਅਤੇ 26 ਮਾਰਚ ਨੂੰ ਉਸ ਦਾ ਵਿਆਹ ਹੋ ਗਿਆ। ਕੁਝ ਮਹੀਨੇ ਬਾਅਦ ਫਿਰ ਉਹ ਗਰੀਸ ਚਲਾ ਗਿਆ। ਚੰਗੀ ਕਮਾਈ ਕਰਕੇ ਉਹ ਵਾਪਿਸ ਪਿੰਡ ਆ ਗਿਆ ਅਤੇ ਖੇਤੀ ਬਾੜੀ ਦਾ ਕੰਮ ਕਰਨ ਲੱਗ ਪਿਆ। ਉਸ ਸਮੇਂ ਪਿੰਡ ਦੇ 'ਢੀਂਡਸਾ ਯੂਥ ਕਲੱਬ' ਵਲੋਂ ਕਰਵਾਏ ਜਾਂਦੇ ਟੂਰਨਾਮੈਂਟ ਦੌਰਾਨ ਉਹ ਸਟੇਜ਼ ਸਕੱਤਰ/ਕਮੈਂਟਰੀ ਦਾ ਕਾਰਜ ਸਲੀਕੇ ਨਾਲ ਕਰਦੇ ਰਹੇ ਹਨ।

ਹੁਣ ਉਨ੍ਹਾਂ ਦਾ ਧਿਆਨ ਕਿਸੇ ਕਾਰੋਬਾਰ ਨੂੰ ਸ਼ੁਰੂ ਕਰਨ ਵੱਲ ਹੋ ਗਿਆ। ਪਿੰਡ ਵਿੱਚ ਫੋਕਲ ਪੁਆਇੰਟ ਬਣਨ ਕਾਰਨ ਲੋਕਾਂ ਲਈ ਕਈ ਸਹੂਲਤਾਂ ਆ ਗਈਆਂ ਜਿਨ੍ਹਾਂ 'ਚੋਂ ਇੱਕ ਪੰਜਾਬ ਮੰਡੀ ਬੋਰਡ ਵਲੋਂ ਖਰੀਦ ਸੈਂਟਰ ਖੋਲ੍ਹਣਾ ਵੀ ਸੀ। ਕਿਸਾਨੀ ਨਾਲ ਸਬੰਧਤ ਹੋਣ ਕਾਰਨ ਉਨ੍ਹਾਂ ਨੇ ਕਿਸਾਨਾਂ ਨਾਲ ਸਬੰਧਤ ਚੁਣੌਤੀ ਭਰਿਆ ਆੜ੍ਹਤ ਦਾ ਕਾਰੋਬਾਰ ਪਿੰਡ ਦੇ ਫੋਕਲ ਪੁਆਇੰਟ ਵਿਖੇ 1983 ਵਿੱਚ ਕੰਮ ਸ਼ੁਰੂ ਕਰ ਲਿਆ। ਸੰਨ 1987 ਵਿੱਚ ਉਨ੍ਹਾ ਨੇ ਨਾਭਾ ਅਨਾਜ ਮੰਡੀ ਵਿਖੇ ਦੁਕਾਨ ਨੰ: 111 'ਸਕਿੰਦਰ ਸਿੰਘ ਐਂਡ ਸੰਨਜ਼' ਨਾਮ 'ਤੇ ਆੜ੍ਹਤ ਦਾ ਕੰਮ ਸ਼ੁਰੂ ਕਰ ਲਿਆ। ਉਹ ਆੜ੍ਹਤੀਆ ਐਸੋਸੀਏਸ਼ਨ ਅਨਾਜ਼ ਮੰਡੀ ਨਾਭਾ ਦੇ ਕਈ ਸਾਲਾਂ ਤੋਂ ਚੇਅਰਮੇਨ ਦੇ ਅਹੁਦੇ ਉੱਪਰ ਕੰਮ ਕਰ ਰਹੇ ਹਨ, ਇਸ ਤੋਂ ਪਹਿਲਾਂ ਉਹ ਵਾਈਸ ਪ੍ਰਧਾਨ ਵੀ ਰਹਿ ਚੁੱਕੇ ਹਨ। ਆਨਾਜ ਮੰਡੀ ਲਈ ਲੋੜੀਂਦੀਆਂ ਸਹੂਲਤਾਂ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਦੇਣ ਲਈ ਉਨ੍ਹਾਂ ਦੀ ਐਸੋਸੀਏਸ਼ਨ ਲਗਨ ਨਾਲ ਕੰਮ ਕਰ ਰਹੀ ਹੈ। ਉਹ ਸੱਚਮੁੱਚ ਇੱਕ ਸਫਲ ਕਾਰੋਬਾਰੀ ਕਹੇ ਜਾ ਸਕਦੇ ਹਨ ਜੋ ਬੜੀ ਸੂਝ ਬੂਝ ਨਾਲ ਇਹ ਕਾਰੋਬਾਰ ਚਲਾ ਰਹੇ ਹਨ ਜੋ ਕਿ ਹਰੇਕ ਦੇ ਵਸ ਦਾ ਕੰਮ ਨਹੀਂ।

ਸ੍ਰ. ਸਕਿੰਦਰ ਸਿੰਘ ਪਿੰਡ ਦੀ ਗ੍ਰਾਮ ਪੰਚਾਇਤ ਦੇ 1983 ਤੋਂ 1992 ਤੱਕ ਪੰਚਾਇਤ ਮੈਂਬਰ ਰਹੇ। ਪਿੰਡ ਦੇ ਲੋਕਾਂ ਨੇ ਉਨ੍ਹਾਂ ਦੀ ਕਾਬਲੀਅਤ ਨੂੰ ਦੇਖਦੇ ਹੋਏ ਸਰਬਸੰਮਤੀ ਨਾਲ 29 ਜੂਨ 2003 ਨੂੰ ਸਰਪੰਚ ਚੁਣ ਲਿਆ। ਉਨ੍ਹਾਂ ਨੇ ਪਿੰਡ ਦੇ ਵਿਕਾਸ ਲਈ ਵੱਧ ਤੋਂ ਵੱਧ ਗ੍ਰਾਂਟਾਂ ਲਿਆ ਕੇ ਪਿੰਡ ਦੀ ਨੁਹਾਰ ਬਦਲਣ ਦਾ ਉਪਰਾਲਾ ਕੀਤਾ। ਉਨ੍ਹਾਂ ਨੇ ਪਿੰਡ ਦੇ ਬੱਚਿਆਂ ਦੀ ਸਹੂਲਤ ਲਈ ਪਿੰਡ ਦੇ ਸਕੂਲ ਵਿੱਚ ਪ੍ਰੀਖਿਆ ਕੇਂਦਰ ਬਣਵਾਉਣ ਵਿੱਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਪਿੰਡ ਵਿੱਚ 24 ਘੰਟੇ ਬਿਜਲੀ ਦੀ ਤਿੰਨ ਫੇਸ ਸਪਲਾਈ ਚਾਲੂ ਕਰਵਾਈ। ਅਗਲੀ ਟਰਮ ਦੀ ਚੋਣ ਤੱਕ ਉਨ੍ਹਾਂ ਨੇ 2008 ਤੱਕ ਸਰਪੰਚੀ ਕੀਤੀ। ਉਹ ਪਿੰਡ ਦੇ ਹਰੇਕ ਸਾਂਝੇ ਕਾਰਜ ਲਈ ਆਪਣਾ ਪੂਰਾ ਸਹਿਯੋਗ ਦਿੰਦੇ ਹਨ। ਉਨ੍ਹਾਂ ਦੇ ਉੱਚ ਅਧਿਕਾਰੀਆਂ ਅਤੇ ਰਾਜਨੀਤਕ ਨੇਤਾਵਾਂ ਨਾਲ ਵਧੀਆ ਸਬੰਧ ਹੋਣ ਕਾਰਨ ਉਹ ਲੋਕਾਂ ਦੇ ਹੋਣ ਵਾਲੇ ਕੰਮ ਕਰਵਾਉਂਦੇ ਰਹੇ ਹਨ। ਉਨ੍ਹਾਂ ਨੂੰ ਕਈ ਸੰਸਥਾਵਾਂ ਅਤੇ ਮੰਤਰੀ ਸਾਹਿਬਾਨ ਅਤੇ ਰਾਜਨੀਤਕ ਨੇਤਾਵਾਂ ਵਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਉਹ ਪਿੰਡ ਦੀ ਇੱਕ ਦ੍ਰਿੜ ਇਰਾਦੇ ਵਾਲੀ ਬਹੁ ਪੱਖੀ ਸਖਸ਼ੀਅਤ ਹਨ। ਉਹ ਆਪਣੇ ਕਾਰੋਬਾਰ ਆੜ੍ਹਤ ਦੇ ਨਾਲੋ ਨਾਲ ਪ੍ਰਾਪਰਟੀ ਦਾ ਕੰਮ ਵੀ ਕਰ ਰਹੇ ਹਨ। ਉਨ੍ਹਾਂ ਨੇ ਨਾਭਾ ਵਿਖੇ 'ਸ਼ਗਨ ਸਿਲਕ ਸਟੋਰ' ਨਾਮ ਨਾਲ ਕਪੜੇ ਦੀ ਦੁਕਾਨ 15 ਸਾਲ ਦੇ ਕਰੀਬ ਚਲਾਈ। ਉਨ੍ਹਾਂ ਨੇ ਕਈ ਸਾਲ 'ਪੰਜਾਬ ਖੇਤੀ ਸੈਂਟਰ' ਦੇ ਨਾਮ ਤੇ ਪੈਸਟੀਸਾਇਡਜ਼ ਦੀ ਦੁਕਾਨ ਵੀ ਕੀਤੀ। ਕਿਸੇ ਵੀ ਕਾਰੋਬਾਰ ਨੂੰ ਕਰਨ ਵਿੱਚ ਉਨ੍ਹਾਂ ਅੰਦਰ ਦ੍ਰਿੜ ਇਰਾਦਾ ਅਤੇ ਨਿਵੇਕਲੀ ਕਾਬਲੀਅਤ ਝਲਕਦੀ ਹੈ ਜੋ ਉਨ੍ਹਾਂ ਦੀ ਸਫਲਤਾ ਦਾ ਰਾਜ਼ ਹੈ।

ਉਨ੍ਹਾਂ ਦੀ ਬੇਟੀ ਦਾ ਵਿਆਹ 2000 ਵਿੱਚ ਪਿੰਡ ਜਾਹਲ੍ਹਾਂ (ਪਟਿਆਲਾ) ਵਿਖੇ ਸ੍ਰ. ਗੁਰਪੀਤ ਸਿੰਘ (ਸਾਬਕਾ ਸਰਪੰਚ) ਨਾ਼ਲ ਹੋਇਆ। ਦੋਹਤੀ ਤੇਮਨਪ੍ਰੀਤ ਕੌਰ ਜੋ ਬੀ.ਡੀ.ਐਸ. ਕਰਨ ਉਪਰੰਤ ਐਮ.ਡੀ.ਐਸ. ਕਰ ਰਹੀ ਹੈ ਅਤੇ ਦੋਹਤਾ ਵਿਸ਼ਵਪ੍ਰਤਾਪ ਸਿੰਘ ਦੁੱਲਟ ਕਨੇਡਾ ਵਿਖੇ ਪੜ੍ਹਾਈ ਕਰ ਰਿਹਾ ਹੈ। ਉਨ੍ਹਾਂ ਦਾ ਬੇਟਾ ਭਰਪੂਰ ਸਿੰਘ ਬੀ.ਏ. ਕਰਨ ਤੋਂ ਬਾਅਦ ਪੰਜ ਸਾਲ ਆਸਟ੍ਰੇਲੀਆ ਰਹਿ ਕੇ ਵਾਪਿਸ ਪੰਜਾਬ ਆ ਗਿਆ ਅਤੇ ਪਿਤਾ ਪੁਰਖੀ ਆੜ੍ਹਤ ਦੇ ਕਾਰੋਬਾਰ ਨੂੰ ਚਲਾ ਰਿਹਾ ਹੈ। ਉਸ ਦਾ ਵਿਆਹ ਪਿੰਡ ਜਰਗ ਵਿਖੇ 2012 ਵਿੱਚ ਸ੍ਰ. ਅਮਰਜੀਤ ਸਿੰਘ ਦੀ ਬੇਟੀ ਹਰਜੋਤ ਕੌਰ ਨਾਲ ਹੋ ਗਿਆ। ਘਰ ਦੀ ਫੁਲਵਾੜੀ ਵਿੱਚ ਪੋਤਰਾ ਫਤਿਹਬੀਰ ਸਿੰਘ ਅਤੇ ਪੋਤਰੀ ਦਹਿਰੀਨ ਕੌਰ ਰੌਣਕਾਂ ਲਾ ਰਹੇ ਹਨ। ਉਹ ਆਪਣੀ ਪਤਨੀ ਸਰਦਾਰਨੀ ਬਲਵੀਰ ਕੌਰ ਅਤੇ ਬੱਚਿਆਂ ਨਾਲ ਸੰਗਤਪੁਰਾ ਮੁਹੱਲਾ ਨਾਭਾ ਵਿਖੇ ਰਹਿ ਰਹੇ ਹਨ । ਉਨ੍ਹਾਂ ਨੂੰ ਵਾਹਿਗੁਰੂ ਜੀ ਹੋਰ ਵਧੇਰੇ ਸਮਾਜ ਭਲਾਈ ਕੰਮਾਂ ਨੂੰ ਕਰਨ ਲਈ ਤੰਦਰੁਸਤੀ, ਸੁਮੱਤ ਅਤੇ ਚੜ੍ਹਦੀਕਲਾ ਬਖਸ਼ਣ।

# ਬੱਸੀ ਤੋਂ ਦੀਨਾਨਗਰ ਘਰੋਟਾ ਰੋਡ ਦਾ ਨਿਰਮਾਣ ਕਾਰਜ ਸੁਰੂ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਅੱਜ ਬਹੁਤ ਹੀ ਖੁਸੀ ਦੀ ਗੱਲ ਹੈ ਕਿ ਪਿੰਡ ਬੱਸੀ ਤੋਂ ਘਰੋਟਾ-ਦੀਨਾਨਗਰ ਰੋਡ ਦੀ ਉਸਾਰੀ ਕਰੀਬ 13-14 ਸਾਲ ਬਾਅਦ ਹੋਣ ਲੱਗੀ ਹੈ ਅਤੇ ਤੀਸਰੀ ਸਰਕਾਰ ਨੇ ਆ ਕੇ ਇਸ ਰੋਡ ਦੀ ਸੁਧ ਲਈ ਹੈ ਲੋਕਾਂ ਨੂੰ ਖਸਤਾ ਹਾਲਤ ਰੋਡ ਕਰਕੇ ਕਾਫੀ ਪ੍ਰੇਸਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈ-ਬਨਿਟ ਮੰਤਰੀ ਪੰਜਾਬ ਨੇ ਅੱਜ ਪਿੰਡ ਬੱਸੀ ਵਿਖੇ ਰੋਡ ਦੇ ਨਵਨਿਰਮਾਣ ਦਾ ਨੀਂਹ ਪੱਥਰ ਰੱਖਣ ਮਗਰੋਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਖੁਸਬੀਰ ਕਾਟਲ, ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ।ਸੀ। ਵਿੰਗ, ਸਰਪੰਚ ਮਨਦੀਪ ਸਿੰਘ, ਸਰਪੰਚ ਝੰਨਕਾਰ ਸਿੰਘ, ਸਰਪੰਚ ਰਜਨੀਸ ਕੁਮਾਰ ਅਤੇ ਹੋਰ ਪਾਰਟੀ ਦੇ ਕਾਰਜ ਕਰਤਾ ਵੀ ਹਾਜ਼ਰ ਸਨ। ਇਸ ਮੋਕੇ ਤੇ ਜਾਣਕਾਰੀ ਦਿੰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਵਿਧਾਨ ਸਭਾ ਹਲਕਾ ਭੋਆ ਦੀ ਇੱਕ ਸੜਕ ਜੋ ਪਿਛਲੇ ਕਰੀਬ 13-14 ਸਾਲ ਤੋਂ ਬਣਾਈ ਨਹੀਂ ਗਈ ਸੀ ਅਤੇ ਖਸਤਾ ਹਾਲਤ ਹੋਣ ਕਰਕੇ ਲੋਕਾਂ ਨੂੰ ਭਾਰੀ ਪ੍ਰੇਸਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਸਰਕਾਰਾਂ ਆਈਆਂ ਤੇ ਚਲੀਆਂ ਗਈਆਂ ਪਰ ਸੜਕ ਵੱਲ ਕਿਸੇ ਵੀ ਸਰਕਾਰ ਦਾ ਧਿਆਨ ਨਹੀਂ ਗਿਆ ਅਤੇ ਅੱਜ ਕਰੀਬ ਤੀਸਰੀ ਸਰਕਾਰ ਦੇ ਦੋਰਾਨ ਇਸ ਸੜਕ ਦਾ ਨਿਰਮਾਣ ਕਾਰਜ ਹੋਣ ਲੱਗਾ ਹੈ। ਉਨ੍ਹਾਂ ਕਿਹਾ ਕਿ ਅੱਜ ਇਸ ਸੜਕ ਦਾ ਪੰਚਾਇਤ ਦੀ ਅਤੇ ਆਹੁਦੇਦਾਰਾਂ ਦੀ ਹਾਜਰੀ ਵਿੱਚ ਕਾਰਜ ਸੁਰੂ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਮੈਂ ਧੰਨਵਾਦ ਕਰਦਾ ਹਾਂ ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦਾ ਜਿਨ੍ਹਾਂ ਵਿਧਾਨ ਸਭਾ ਹਲਕਾ ਭੋਆ ਨੂੰ ਵੱਡੀਆਂ ਸੋਗਾਤਾਂ ਦਿੱਤੀਆਂ ਹਨ ਵੱਡੇ ਪ੍ਰੋਜੈਕਟ ਦਿੱਤੇ ਹਨ। ਉਨ੍ਹਾਂ ਕਿਹਾ ਕਿ ਜਿਸ ਰੋਡ ਦਾ ਅੱਜ ਨਵਨਿਰਮਾਣ ਕਾਰਜ ਸੁਰੂ ਕੀਤਾ ਗਿਆ ਹੈ ਇਸ 1.5 ਕਿਲੋਮੀਟਰ ਰੋਡ ਤੇ ਕਰੀਬ 57 ਲੱਖ ਰੁਪਏ ਖਰਚ ਕੀਤੇ ਜਾਣੇ ਹਨ।



# 11-12 ਜੂਨ ਲਈ ਆਦਿ ਧਰਮ ਦੇ ਸਥਾਪਨਾ ਦਿਵਸ ਸਬੰਧੀ ਵਿਸ਼ੇਸ਼



ਐਡਵੋਕੇਟ ਕੁਲਦੀਪ ਚੰਦ
91-9417563054

ਸਾਡੇ ਦੇਸ਼ ਦੀ ਸਮਾਜਿਕ ਬਣਤਰ ਅਤੇ ਕੁਪ੍ਰਥਾਵਾਂ ਕਾਰਨ ਸਮਾਜ ਵੱਖ ਵੱਖ ਵਰਗਾਂ ਵਿੱਚ ਵੰਡਿਆਂ ਰਿਹਾ ਹੈ। ਅਖੌਤੀ ਵਰਣ ਵਿਵਸਥਾ ਕਾਰਨ ਸ਼ੂਦਰਾਂ ਨੂੰ ਲੰਬਾ ਸਮਾਂ ਵਿਦੇਸ਼ੀ ਸ਼ਾਸ਼ਕਾਂ ਤੋਂ ਇਲਾਵਾ ਅਪਣੇ ਲੋਕਾਂ ਦੀ ਗੁਲਾਮੀ ਦਾ ਸ਼ਿਕਾਰ ਵੀ ਰਹਿਣਾ ਪਿਆ ਹੈ। ਅਛੂਤਾਂ ਤੇ ਕਈ ਤਰਾਂ ਦੀਆਂ ਪਾਬੰਦੀਆਂ ਲਾਗੂ ਸਨ ਅਤੇ ਗੈਰ ਮਨੁੱਖੀ ਅਤਿਆਚਾਰ ਕੀਤੇ ਜਾਂਦੇ ਸਨ। ਇਸ ਗੈਰ ਮਨੁੱਖੀ ਕੁਪ੍ਰਥਾ ਨੂੰ ਖਤਮ ਕਰਨ ਲਈ ਸਮੇਂ ਸਮੇਂ ਤੇ ਸਮਾਜ ਸੁਧਰਾਕਾਂ ਨੇ ਅੰਦੋਲਨ ਚਲਾਏ ਹਨ। ਇਸ ਤਰਾਂ ਦੀ ਗੈਰ ਮਨੁੱਖੀ ਵਿਵਸਥਾ ਨੂੰ ਖਤਮ ਕਰਨ ਲਈ ਆਦ ਧਰਮ ਮੰਡਲ ਨੇ ਮੁੱਖ ਭੂਮਿਕਾ ਨਿਭਾਈ ਹੈ। ਪੰਜਾਬ ਦੇ ਜਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮੂਗੋਵਾਲ ਵਿਚ ਚਮਾਰ ਜਾਤ ਵਿੱਚ ਜਨਮੇ ਗਦਰੀ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਅਗਵਾਈ ਵਿੱਚ 11-12 ਜੂਨ 1926 ਨੂੰ ਗੜ੍ਹਸ਼ੰਕਰ-ਮਾਹਿਲਪੁਰ ਮੁੱਖ ਸੜ੍ਹਕ ਤੇ ਸਥਿਤ ਪਿੰਡ ਮੂਗੋਵਾਲ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ, ਦਿੱਲੀ, ਕਲਕੱਤਾ ਆਦਿ ਤੋਂ ਵੱਖ-ਵੱਖ ਜਾਤਾਂ ਦੇ ਹਜਾਰਾਂ ਲੋਕਾਂ ਜਿਨ੍ਹਾਂ ਨੂੰ ਅਛੂਤ ਮੰਨਿਆਂ ਜਾਂਦਾ ਸੀ ਦਾ ਭਾਰੀ ਇਕੱਠ ਹੋਇਆ। ਇਸ ਇਕੱਠ ਅਤੇ ਕਾਨਫਰੰਸ ਨੂੰ ਰੋਕਣ ਲਈ ਕੁੱਝ ਆਰਿਆ ਸਮਾਜੀ ਆਗੂਆਂ ਅਤੇ ਜਾਤ ਦੇ ਹੰਕਾਰੀ ਲੋਕਾਂ ਨੇ ਲੜਾਈ ਝਗੜਾ ਕੀਤਾ ਪਰ ਬਾਬੂ ਮੰਗੂ ਰਾਮ ਦੀ ਦੂਰ ਅੰਦੇਸ਼ੀ ਨਾਲ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੇ ਇਸ ਕਾਨਫਰੰਸ ਨੂੰ ਨਿਰਵਿਘਨ ਚਲਾਉਣ ਲਈ 03 ਠਾਣੇਦਾਰ ਅਤੇ 12 ਸਿਪਾਹੀ ਸੁਰੱਖਿਆ ਲਈ ਲਗਾ ਦਿੱਤੇ। ਇਸ ਕਾਨਫਰੰਸ ਵਿੱਚ ਗੜਬੜ ਕਰਨ ਵਾਲੇ ਆਗੂਆਂ ਨੂੰ ਮੁਆਫੀ ਮੰਗਣੀ ਪਈ। ਇਸ ਮੌਕੇ ਹੋਏ ਵਿਸ਼ਾਲ ਇਕੱਠ ਵਿੱਚ ਆਦ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਸਰਬ ਸਹਿਮਤੀ ਨਾਲ ਬਾਬੂ ਮੰਗੂ ਰਾਮ ਨੂੰ ਪ੍ਰਧਾਨ, ਹੰਸ ਰਾਜ ਪ੍ਰੇਮਗੜ੍ਹ ਨੂੰ ਉੱਪ ਪ੍ਰਧਾਨ, ਠਾਕਰ ਦਾਸ ਕੰਧੋਲਾ ਨੂੰ ਜਨਰਲ ਸਕੱਤਰ ਨਿਯੁੱਕਤ ਕੀਤਾ ਗਿਆ ਹਜ਼ਾਰਾ ਰਾਮ ਪਿਪਲਾਂਵਾਲਾ, ਪੰਡਤ ਹਰੀਰਾਮ, ਸੰਤ ਰਾਮ, ਰਾਮ ਚੰਦ, ਹਰਦਿੱਤ ਮੱਲ, ਰੇਸ਼ਮ ਲਾਲ ਬਾਲਮੀਕਿ, ਬਿਹਾਰੀ ਲਾਲ, ਰਾਮ ਸਿੰਘ, ਚਮਨ ਰਾਮ ਆਦਿ ਦੀ ਪ੍ਰਬੰਧਕ ਕਮੇਟੀ ਮੈਂਬਰਾਂ ਵਜੋਂ ਨਿਯੁਕਤੀ ਕੀਤੀ ਗਈ। ਨਵੰਬਰ 1926 ਵਿੱਚ ਜਲੰਧਰ ਵਿੱਚ ਆਦ ਧਰਮ ਦਾ ਪਹਿਲਾ ਦਫਤਰ ਕਿਰਾਏ ਤੇ ਜਗ੍ਹਾ ਲੈਕੇ ਖੋਲਿਆ ਗਿਆ ਅਤੇ ਫਿਰ ਅਪਣੀ ਜਮੀਨ ਖਰੀਦੀ ਗਈ ਜਿਸਦੀ ਰਜਿਸਟਰੀ "ਸ਼੍ਰੀ ਗੁਰੂ ਰਵਿਦਾਸ ਅਸਥਾਨ ਆਦ ਧਰਮ ਮੰਡਲ ਜਲੰਧਰ" ਦੇ ਨਾਮ ਹੀ ਕਰਵਾਈ ਗਈ। ਬੂਟਾਂ ਮੰਡੀ ਦੇ ਸੇਠ ਕਿਸ਼ਨ ਦਾਸ ਨੇ ਜਲੰਧਰ ਵਿੱਚ "ਆਦ ਧਰਮ ਮੰਡਲ" ਦਾ ਮੁੱਖ ਦਫਤਰ ਬਣਾਉਣ ਵਿੱਚ ਮੱਦਦ ਕੀਤੀ। ਆਦ ਧਰਮ ਮੰਡਲ ਵਲੋਂ ਸਾਲ 1927 ਵਿੱਚ 'ਆਦਿ ਡੰਕਾ' ਨਾਂ ਦਾ ਸਪਤਾਹਿਕ ਅਖਬਾਰ ਸ਼ੁਰੂ ਕੀਤਾ ਗਿਆ ਅਤੇ 1928 ਵਿੱਚ ਇਹ ਅਖਬਾਰ ਉਰਦੂ ਵਿੱਚ ਵੀ ਚਲਾਇਆ ਗਿਆ ਅਤੇ ਆਦ ਧਰਮ ਜਾਗਰੁਕਤਾ ਮੁਹਿੰਮ ਸ਼ੁਰੂ ਕੀਤੀ ਗਈ। ਸਾਲ 1928 ਵਿੱਚ ਸਰਕਾਰ ਨੇ ਭਾਰਤ ਦੇ ਲੋਕਾਂ ਵਿਸ਼ੇਸ਼ ਤੋਰ ਤੇ ਅਛੂਤਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਸਰ ਜੋਹਨ ਸਾਇਮਨ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਜਿਸਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ ਨਿਯੁਕਤ ਕੀਤਾ ਸੀ। ਜਦੋਂ ਇਹ ਕਮਿਸ਼ਨ ਭਾਰਤ ਵਿੱਚ ਦੌਰੇ ਤੇ ਆਇਆ ਤਾਂ ਭਾਰਤ ਦੇ ਕੁੱਝ ਆਗੂਆਂ ਨੇ ਕਾਂਗਰਸੀ ਆਗੂ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਇਸ ਕਮਿਸ਼ਨ ਦਾ ਵਿਰੋਧ ਕੀਤਾ ਪਰੰਤੂ ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਲੱਗਭੱਗ ਪੰਜ ਹਜਾਰ ਆਦ ਧਰਮੀ ਇਸ ਕਮਿਸ਼ਨ ਦੇ ਪੱਖ ਵਿੱਚ ਇਕੱਠੇ ਹੋਏ ਅਤੇ ਇਸਦਾ ਜੋਰਦਾਰ ਸਵਾਗਤ ਕੀਤਾ। ਇਸ ਮੌਕੇ ਆਦ ਧਰਮ ਮੰਡਲ ਆਗੂਆਂ ਨੇ ਸਾਇਮਨ ਕਮਿਸ਼ਨ ਅੱਗੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਅਸੀਂ ਨਾਂ ਹਿੰਦੂ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਾਂ। ਉਨ੍ਹਾਂ ਸਬੂਤਾ ਸਮੇਤ ਦੱਸਿਆ ਕਿ ਉਹ ਆਦਿ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ ਅਤੇ ਬਾਹਰੋਂ ਆਏ ਹਮਲਾਵਾਰਾਂ ਨੇ ਉਨ੍ਹਾਂ ਦੇ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਿਕ ਹੱਕ ਧੋਖੇ ਨਾਲ ਖਤਮ ਕਰ ਦਿਤੇ ਹਨ। ਉਨਾਂ ਦਾ ਕਹਿਣਾ ਸੀ ਕਿ ਅਛੂਤ ਮੰਨੇ ਜਾਣ ਵਾਲੇ ਇਸ ਦੇਸ਼ ਦੇ ਮੂਲ ਨਿਵਾਸੀ ਹਨ। ਆਦ ਧਰਮ ਉੱਤਰੀ ਭਾਰਤ ਵਿੱਚ ਫੈਲੀ ਭਗਤੀ ਲਹਿਰ ਦੇ ਸੰਤਾਂ ਖਾਸ ਕਰਕੇ ਗੁਰੂ ਰਵਿਦਾਸ, ਭਗਵਾਨ ਵਾਲਮੀਕ, ਸੰਤ ਕਬੀਰ ਅਤੇ ਸੰਤ ਨਾਮਦੇਵ ਆਦਿ ਦੀਆਂ ਸਿੱਖਿਆਵਾਂ ਅਤੇ ਪ੍ਰੇਰਨਾ ਤੇ ਅਧਾਰਤ ਸੀ। ਆਦ ਧਰਮ ਆਗੂਆਂ ਦਾ ਮੰਨਣਾ ਸੀ ਕਿ ਆਦਿ-ਧਰਮ ਸਾਡੇ ਪੁਰਾਣੇ ਧਰਮ ਅਤੇ ਇਤਿਹਾਸ ਨਾਲ ਮੁੜ ਜੁੜ੍ਹਨ ਦੀ ਕੋਸ਼ਿਸ਼ ਹੈ। ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਕਰੋੜ੍ਹਾਂ ਲੋਕਾਂ ਨੂੰ ਆਦ ਧਰਮ ਦਾ ਨਾਮ ਮਿਲਿਆ। ਆਦਿ ਧਰਮ ਮੰਡਲ ਆਗੂਆਂ ਦੇ ਸੰਘਰਸ਼ ਨਾਲ ਹੀ ਅਛੂਤਾਂ ਨੂੰ ਪੜ੍ਹਣ ਲਿਖਣ ਅਤੇ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ, ਬੇਗਾਰ ਪ੍ਰਥਾ ਬੰਦ ਹੋਈ, ਫੌਜ ਅਤੇ ਪੁਲਿਸ ਵਿੱਚ ਭਰਤੀ ਸ਼ੁਰੂ ਹੋਈ, ਰਜਤਨਾਮੇ ਖਤਮ ਕਰਕੇ ਘਰਾਂ ਦੇ ਮਾਲਕ ਬਣਾਇਆ ਗਿਆ। ਸਾਲ 1900 ਵਿੱਚ ਬਣਿਆ ਇੰਤਕਾਲ ਇਰਾਜ਼ੀ ਐਕਟ ਜਿਸ ਅਨੁਸਾਰ ਸਿਰਫ 12 ਜਾਤਾਂ ਜਿਨ੍ਹਾਂ ਵਿੱਚ ਅਹੀਰ, ਅਰਾਈ, ਅਵਾਣ, ਗੁੱਜਰ, ਜੱਟ, ਕੰਬੋਜ, ਮੀਂਏ, ਪਠਾਣ, ਕਨੈਤ, ਰਾਜਪੂਤ, ਰਾਠੀ, ਸੈਣੀ ਹੀ ਜਮੀਨ ਖਰੀਦ ਸਕਦੇ ਸਨ ਖਤਮ ਕਰਵਾਇਆ ਜਿਸ ਨਾਲ ਗੈਰ ਮਾਰੂਸੀ ਲੋਕਾਂ ਨੂੰ ਵੀ ਜਾਇਦਾਦ ਖ੍ਰੀਦਣ ਦਾ ਅਧਿਕਾਰ ਮਿਲਿਆ। ਆਦ ਧਰਮ ਮੰਡਲ ਨੇ 'ਹਰੀਜਨ' ਸ਼ਬਦ ਦੀ ਵਰਤੋਂ ਦਾ ਖੁੱਲਕੇ ਵਿਰੋਧ ਕੀਤਾ। ਆਦ ਧਰਮ ਮੰਡਲ ਦੀਆਂ ਕੋਸ਼ਿਸ਼ ਅਤੇ ਮੰਗ ਕਾਰਨ 1930 ਵਿੱਚ ਗਵਰਨਰ ਪੰਜਾਬ ਨੇ ਆਰਡਰ ਜਾਰੀ ਕੀਤੇ ਕਿ ਅਛੂਤ ਲੜਕੇ ਲੜਕੀਆਂ ਜੋ ਦਸਵੀਂ ਪਾਸ ਹਨ ਨੂੰ ਅਧਿਆਪਕ ਦੀ ਸਿਖਲਾਈ ਦੇਣ ਲਈ ਸਪੈਸ਼ਲ ਕਲਾਸਾਂ ਸ਼ੁਰੂ ਕੀਤੀਆਂ ਜਾਣ। ਚੌਧਰੀ ਸਦਰੂਦੀਨ ਖਾਨ ਨੇ ਆਦ ਧਰਮ ਮੰਡਲ ਦੀ ਇਮਾਰਤ ਵਿੱਚ ਇਹ ਕਲਾਸਾਂ ਲਗਾਈਆਂ ਅਤੇ 80 ਅਛੂਤ ਵਿਅਕਤੀਆਂ ਨੂੰ ਜੇ ਬੀ ਟੀ ਦਾ ਕੌਰਸ ਕਰਵਾਕੇ ਅਧਿਆਪਕ ਬਣਾਇਆ ਗਿਆ ਅਤੇ ਇਸ ਨਾਲ ਸਦੀਆਂ ਤੋਂ ਸਿੱਖਿਆ ਤੋਂ ਬਾਂਝੇ ਰਹੇ ਅਛੂਤਾਂ ਨੂੰ ਸਿੱਖਿਆ ਪ੍ਰਦਾਨ ਕਰਨ ਦੇ ਰਾਹ ਖੋਲੇ ਗਏ। ਆਦ ਧਰਮ ਦੇ ਆਗੂਆਂ ਨੇ ਵੱਖਰੀ ਪਛਾਣ ਦੇਕੇ ਮੂਲ ਨਿਵਾਸੀਆਂ ਨੂੰ ਉਨ੍ਹਾਂ ਦੇ ਗੁਆਚੇ ਨਾਇਕਾਂ, ਗੁਰੂਆਂ ਅਤੇ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਬਹਾਲ ਕਰਨ ਵਿੱਚ ਇੱਕ ਪ੍ਰਮੁੱਖ ਭੂਮਿਕਾ ਨਿਭਾਈ, ਉਨ੍ਹਾਂ ਵਿੱਚ ਮੁੜ ਸ਼ਾਸਕ ਬਣਨ ਦੀ ਲਾਲਸਾ ਪੈਦਾ ਕੀਤੀ। ਉਨ੍ਹਾਂ ਨੇ ਆਪਣੇ ਅਣਥੱਕ ਯਤਨਾਂ ਨਾਲ ਇਸ ਅੰਦੋਲਨ ਨੂੰ ਅਛੂਤਾਂ ਦੇ ਵਿਹੜਿਆਂ ਤੱਕ ਪਹੁੰਚਾਇਆ। ਆਦ ਧਰਮ ਆਪਣੇ ਸਮੇਂ ਦੀ ਪ੍ਰਸਿੱਧ ਸਮਾਜਿਕ-ਰਾਜਨੀਤਿਕ ਲਹਿਰ ਸੀ ਅਤੇ ਇਸਦੇ ਨੇਤਾਵਾਂ ਦੀ ਦੂਰਅੰਦੇਸ਼ੀ ਨੇ ਨੀਵੀਆਂ ਜਾਤਾਂ ਦੇ ਭਾਈਚਾਰਿਆਂ ਨੂੰ ਇੱਕ ਝੰਡੇ ਹੇਠ ਲਿਆਉਣ ਅਤੇ ਉਹਨਾਂ ਨੂੰ ਇੱਕ ਵੱਖਰੇ ਭਾਈਚਾਰੇ ਵਿੱਚ ਬਦਲਣ ਅਤੇ ਕੌਮ ਦਾ ਢੁਕਵਾਂ ਹਿੱਸਾ ਬਣਨ ਦਾ ਟੀਚਾ ਨਿਰਧਾਰਤ ਕੀਤਾ ਸੀ। 1929 ਵਿੱਚ ਕਿਰਤੀ ਕਿਸਾਨ ਪਾਰਟੀ ਦੇ ਕਿਰਤੀ ਮਾਸਿਕ ਵਿੱਚ ਪ੍ਰਕਾਸ਼ਿਤ ਆਪਣੇ ਸ਼ਾਨਦਾਰ ਲੇਖ 'ਅਛੂਤ ਦਾ ਸਵਾਲ' ਵਿੱਚ ਜੋ ਕਿ ਵਿਦਰੋਹੀ ਦੇ ਉੱਪਨਾਮ ਹੇਠ ਲਿਖਿਆ ਗਿਆ ਸੀ ਸ਼ਹੀਦ ਭਗਤ ਸਿੰਘ ਨੇ ਜਾਤ ਪ੍ਰਥਾ ਵਿਰੁੱਧ ਅਤੇ ਇੱਕ ਵੱਖਰੇ ਧਰਮ ਲਈ ਆਦਿ ਧਰਮ ਲੀਡਰਸ਼ਿਪ ਦਾ ਸਮੱਰਥਨ ਕੀਤਾ ਪਰ ਨਾਲ ਹੀ ਉਹਨਾਂ ਨੇ ਇਸ ਲਹਿਰ ਦੇ ਆਗੂਆਂ ਨੂੰ ਅੰਗਰੇਜ਼ਾਂ ਤੋਂ ਦੂਰੀ ਬਣਾਈ ਰੱਖਣ ਲਈ ਵੀ ਕਿਹਾ ਸੀ। ਆਦ ਧਰਮ ਦੇ ਪੈਰੋਕਾਰਾਂ ਨੇ ਇੱਕ ਵਿਲੱਖਣ ਪਹਿਰਾਵਾ ਪਹਿਨਿਆ ਅਤੇ ਗੇਰੂ ਰੰਗ ਦੇ ਦੁਪੱਟੇ ਅਤੇ ਪੱਗਾਂ ਪਹਿਨੀਆਂ। ਜਦੋਂ ਆਦ ਧਰਮੀ ਇੱਕ ਦੂਜੇ ਨੂੰ ਮਿਲਦੇ ਤਾਂ ਉਹਨਾਂ ਨੇ "ਜੈ ਗੁਰੂਦੇਵ-ਧੰਨ ਗੁਰੂਦੇਵ" ਸ਼ਬਦ ਦੀ ਵਰਤੋਂ ਸ਼ੁਰੂਆਤ ਕੀਤੀ। ਇੱਕ ਹੋਰ ਮਹੱਤਵਪੂਰਨ ਮੁਹਿੰਮ ਜੋ ਕਿ ਆਦ ਧਰਮ ਅੰਦੋਲਨ ਨੇ ਚਲਾਈ ਸੀ ਉਹ ਅਛੂਤਾਂ ਲਈ ਸਿੱਖਿਆ ਅਤੇ ਸਰਕਾਰੀ ਨੌਕਰੀਆਂ ਵਿੱਚ ਰਾਖਵੇਂਕਰਨ ਦੀ ਵਿਸ਼ੇਸ਼ ਕਾਨੂੰਨੀ ਵਿਵਸਥਾ ਲਈ ਸੀ। ਪਹਿਲੀ ਵਾਰ ਅਛੂਤ ਇੱਕ ਸਨਮਾਨਜਨਕ ਜੀਵਨ ਲਈ ਲੜਨ ਲਈ ਇਕੱਠੇ ਹੋਕੇ ਸੱਤਾ ਦੇ ਸਥਾਨਕ ਢਾਂਚੇ ਵਿੱਚ ਹਿੱਸੇਦਾਰੀ ਲਈ ਆਪਣੇ ਲੰਬੇ ਸਮੇਂ ਤੋਂ ਲਟਕਦੇ ਹੋਏ ਦਾਅਵੇ ਲਈ ਸਮੂਹਿਕ ਤੌਰ ਤੇ ਦਬਾਅ ਪਾ ਸਕਦੇ ਸਨ। 26 ਫਰਵਰੀ 1930 ਨੂੰ ਆਦ ਧਰਮ ਰਜਿਸਟਰਡ ਹੋਇਆ ਅਤੇ ਆਦ ਧਰਮ ਮੁਹਿੰਮ ਤੇਜੀ ਨਾਲ ਫੈਲ ਰਹੀ ਸੀ। ਇਹ ਲਹਿਰ ਵਿਦੇਸ਼ਾਂ ਵਿੱਚ ਵਿਸ਼ੇਸ਼ ਤੋਰ ਤੇ ਯੂ.ਕੇ. ਅਤੇ ਯੂ.ਐਸ. ਵਿੱਚ ਵੀ ਜੰਗਲ ਦੀ ਅੱਗ ਵਾਂਗ ਫੈਲ ਗਈ। ਸਾਲ 1931 ਵਿੱਚ ਹੋਈ ਜਨਗਣਨਾ ਵਿੱਚ ਪਹਿਲੀ ਵਾਰ ਆਦ ਧਰਮ ਨੂੰ ਜੋੜ੍ਹਿਆ ਗਿਆ। ਉਸ ਵੇਲੇ ਪੰਜਾਬ ਦੀ ਕੁੱਲ ਅਬਾਦੀ ਲੱਗਭੱਗ 28491000 ਸੀ ਅਤੇ ਅਤੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦ ਧਰਮ ਹੀ ਲਿਖਾਇਆ ਸੀ। ਇਸ ਜਨਗਣਨਾ ਵੇਲੇ ਕਈ ਥਾਵਾਂ ਤੇ ਲੜਾਈ ਝਗੜੇ ਹੋਏ ਜਿਸ ਵਿੱਚ ਰਲਾ ਰਾਮ ਰਵਿਦਾਸੀਆ ਅਤੇ ਝਗੜੂ ਰਾਮ ਬਾਲਮਿਕੀ ਮਾਰੇ ਗਏ ਸਨ ਅਤੇ ਹੋਰ ਕਈ ਜਖਮੀ ਹੋਏ ਜਿਸ ਕਾਰਨ ਇਸਨੂੰ ਖੂਨੀ ਮਰਦਮਸ਼ੁਮਾਰੀ ਵੀ ਕਿਹਾ ਜਾਂਦਾ ਹੈ। ਕਈ ਥਾਵਾਂ ਤੇ ਅਛੂਤਾਂ ਨੂੰ ਡਰਾਕੇ ਆਦ ਧਰਮ ਲਿਖਵਾਉਣ ਤੋਂ ਰੋਕਿਆ ਗਿਆ ਅਤੇ ਜਬਰਦਸਤੀ ਹਿੰਦੂ ਅਤੇ ਸਿੱਖ ਲਿਖਿਆ ਗਿਆ। ਇਹ ਵੀ ਸ਼ੰਕਾਮਈ ਹੈ ਕਿ 1911 ਦੀ ਜਨਗਣਨਾ ਵੇਲੇ ਅਛੂਤਾਂ ਦੀ ਜਿਹੜੀ ਜਨਸੰਖਿਆ ਲੱਗਭੱਗ 28 ਲੱਖ ਸੀ ਉਹ 1931 ਵਿੱਚ ਘਟਕੇ ਲੱਗਭੱਗ 13 ਲੱਖ ਕਿਵੇਂ ਰਹਿ ਗਈ ਸੀ।




ਆਦ ਧਰਮ ਲਹਿਰ ਨੇ ਪੰਜਾਬ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਦੇ ਮਿਸ਼ਨ ਲਈ ਮਹੱਤਵਪੂਰਨ ਕੰਮ ਕੀਤਾ ਸੀ। ਸਾਇਮਨ ਕਮਿਸ਼ਨ ਦੀਆਂ ਰਿਪੋਰਟਾਂ ਦੇ ਅਧਾਰ ਤੇ ਸਾਲ 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਕਾਂਗਰਸੀ ਆਗੂ ਗਾਂਧੀ ਨੇ ਕਿਹਾ ਕਿ ਅਛੂਤਾਂ ਦਾ ਵੀ ਉਹ ਹੀ ਲੀਡਰ ਹੈ ਅਤੇ ਡਾਕਟਰ ਅੰਬੇਡਕਰ ਨੂੰ ਇਸਤੋਂ ਬਾਹਰ ਭੇਜਿਆ ਜਾਵੇ। ਆਦ ਧਰਮ ਆਗੂਆਂ ਨੇ ਇਹ ਸਾਬਤ ਕਰਨ ਲਈ ਕਿ ਅਛੂਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਪੰਜਾਬ ਅਤੇ ਹੋਰ ਸੂਬਿਆਂ ਤੋਂ ਡਾਕਟਰ ਅੰਬੇਡਕਰ ਦੇ ਹੱਕ ਵਿੱਚ ਵੱਡੀ ਗਿਣਤੀ ਵਿੱਚ ਤਾਰਾਂ ਲੰਡਨ ਭੇਜੀਆਂ ਜਿਸ ਕਾਰਨ ਡਾਕਟਰ ਅੰਬੇਡਕਰ ਨੂੰ ਇਨ੍ਹਾਂ ਕਾਨਫਰੰਸਾਂ ਵਿੱਚ ਪ੍ਰਤੀਨਿਧਤਾ ਕਰਨ ਦਾ ਅਧਿਕਾਰ ਮਿਲਿਆ। ਇਸਤੋਂ ਬਾਦ ਇੰਗਲੇਂਡ ਸਰਕਾਰ ਨੇ ਲੋਥੀਅਨ ਕਮੇਟੀ ਨੂੰ ਭਾਰਤ ਭੇਜਿਆ ਜਿਸ ਵਿੱਚ ਡਾਕਟਰ ਅੰਬੇਡਕਰ ਅਛੂਤਾਂ ਦਾ ਨੁਮਾਂਇਦਾ ਬਣਕੇ ਨਾਲ ਆਇਆ ਸੀ। ਇਹ ਕਮੇਟੀ ਜਦੋਂ ਲਹੌਰ ਆਈ ਤਾਂ ਆਦ ਧਰਮ ਮੰਡਲ ਦੇ ਆਗੂ ਲੱਗਭੱਗ 10 ਹਜਾਰ ਦੀ ਗਿਣਤੀ ਵਿੱਚ ਪਹੁੰਚੇ ਅਤੇ ਅਪਣੀਆਂ ਮੰਗਾਂ ਕਮੇਟੀ ਅੱਗੇ ਰੱਖੀਆਂ। ਇਸ ਮੌਕੇ ਕੁੱਝ ਆਗੂਆਂ ਨੇ ਕੁੱਝ ਅਛੂਤ ਗਦਾਰਾਂ ਦੀ ਮੱਦਦ ਨਾਲ ਆਦ ਧਰਮ ਮੰਡਲ ਦੀਆਂ ਮੰਗਾਂ ਦਾ ਵਿਰੋਧ ਕੀਤਾ ਪਰੰਤੂ ਮੀਟਿੰਗ ਹਾਲ ਤੋਂ ਬਾਹਰ ਬੈਠੇ ਹਜ਼ਾਰਾਂ ਦੀ ਗਿਣਤੀ ਵਿੱਚ ਆਦ ਧਰਮੀਆਂ ਨੇ ਜਦੋਂ ਇੱਕਸੁਰ ਵਿੱਚ ਨਾਹਰੇ ਲਗਾਏ ਤਾਂ ਇਨ੍ਹਾਂ ਆਰਿਆ ਸਮਾਜੀ ਆਗੂਆਂ ਨੂੰ ਭਾਰੀ ਨਾਮੋਸ਼ੀ ਦਾ ਸਾਹਮਣਾ ਕਰਨਾ ਪਿਆ। ਆਦ ਧਰਮ ਮੰਡਲ ਆਗੂਆਂ ਨੇ ਮੰਗ ਰੱਖੀ ਕਿ ਸਾਡੀ ਗਿਣਤੀ ਅਤੇ ਵਸੋਂ ਦੇ ਹਿਸਾਬ ਨਾਲ ਸਾਡੇ ਲਈ ਅਲੱਗ ਰਾਜਨੀਤਿਕ ਵਿਵਸਥਾ ਦਾ ਰਾਖਵਾਂਕਰਣ ਕੀਤਾ ਜਾਵੇ। ਲਾਰਡ ਲੋਥੀਅਨ ਦੀ ਰਿਪੋਰਟ ਤੋਂ ਬਾਦ ਇੰਗਲੈਂਡ ਦੀ ਸਰਕਾਰ ਨੇ ਅਛੂਤਾਂ ਲਈ ਅਲੱਗ ਚੌਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ ਜੋਕਿ 17 ਅਗੱਸਤ 1932 ਨੂੰ ਛਾਪਿਆ ਗਿਆ। ਇਸ ਫੈਸਲੇ ਅਨੁਸਾਰ ਪਹਿਲੀ ਵਾਰ ਅਛੂਤਾਂ ਨੂੰ ਹਿੰਦੂਆਂ ਤੋਂ ਵੱਖਰੇ ਮੰਨਕੇ ਅਲੱਗ ਹੱਕ ਦਿੱਤੇ ਗਏ, ਅਛੂਤਾਂ ਨੂੰ ਰਾਖਵਾਂਕਰਣ ਦਿਤਾ ਗਿਆ, ਦੋਹਰੀ ਵੋਟ ਦਾ ਹੱਕ ਦਿਤਾ ਗਿਆ, ਦੇਸ਼ ਦੀ ਕੌਂਸਲ ਵਿੱਚ 73 ਸੀਟਾਂ ਹਿੰਦੂਆਂ ਤੋਂ ਅਲੱਗ ਅਛੂਤਾਂ ਨੂੰ ਦਿਤੀਆਂ ਗਈਆਂ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਗਾਂਧੀ ਨੇ ਯਰਵਦਾ ਜੇਲ ਪੂਨਾ ਮਹਾਂਰਾਸਟਰ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ। ਗਾਂਧੀ ਦੇ ਇਸ ਵਰਤ ਦੇ ਵਿਰੋਧ ਵਿੱਚ ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਆਦ ਧਰਮ ਮੰਡਲ ਆਗੂਆਂ ਨੇ ਵੀ ਮਰਨ ਵਰਤ ਰੱਖ ਲਿਆ। 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਗਾਂਧੀ ਵਿਚਕਾਰ ਸਮਝੋਤਾ ਹੋ ਗਿਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਅਛੂਤਾਂ ਨੂੰ ਹਿੰਦੂਆਂ ਦਾ ਇੱਕ ਹਿੱਸਾ ਮੰਨਿਆ ਗਿਆ, 26 ਸਤੰਬਰ ਨੂੰ ਇਸ ਸਬੰਧੀ ਕਨੂੰਨ ਬਣਨ ਤੋਂ ਬਾਦ ਗਾਂਧੀ ਨੇ ਅਪਣਾ ਮਰਨ ਵਰਤ ਖਤਮ ਕਰ ਦਿਤਾ ਪਰੰਤੂ ਬਾਬੂ ਮੰਗੂ ਰਾਮ ਅਤੇ ਹੋਰ ਆਦ ਧਰਮ ਆਗੂਆਂ ਨੇ ਅਪਣਾ ਮਰਨ ਵਰਤ ਲਗਾਤਾਰ ਜਾਰੀ ਰੱਖਿਆ ਅਤੇ 12ਵੇਂ ਦਿਨ ਸੰਤ ਸਰਵਣ ਦਾਸ ਬੱਲਾਂ ਵਾਲਿਆਂ ਅਤੇ ਸੇਠ ਕਿਸ਼ਨ ਦਾਸ ਦੇ ਹੱਥੋਂ ਜੂਸ ਪੀਕੇ ਇਹ ਮਰਨ ਵਰਤ ਖਤਮ ਕੀਤਾ।

24 ਸਤੰਬਰ 1932 ਨੂੰ ਹੋਏ ਸਮਝੌਤੇ ਪੂਨਾ ਪੈਕਟ ਅਨੁਸਾਰ ਪੂਰੇ ਦੇਸ਼ ਵਿੱਚ ਐਮ ਐਲ ਏ ਦੀਆਂ ਕੁੱਲ 1585 ਸੀਟਾਂ ਵਿੱਚੋਂ 151 ਸੀਟਾਂ ਅਤੇ ਪੰਜਾਬ ਦੀਆਂ 175 ਵਿੱਚੋਂ 08 ਸੀਟਾਂ ਅਛੂਤਾਂ ਲਈ ਰਾਖਵੀਆਂ ਰੱਖੀਆਂ ਗਈਆਂ। ਸਾਲ 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਯੂਨੀਅਨਿਸਟ ਪਾਰਟੀ ਨਾਲ ਰਲਕੇ ਚੋਣ ਲੜ੍ਹੀ ਅਤੇ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ ਅਤੇ 8ਵੀਂ ਸੀਟ ਜੋਕਿ ਸਿਰਫ 07 ਵੋਟਾਂ ਨਾਲ ਹਾਰੀ ਸੀ ਜਿੱਤਣ ਵਾਲਾ ਮੂਲਾ ਸਿੰਘ ਬਲਾਚੌਰ ਵੀ ਬਾਦ ਵਿੱਚ ਆਦ ਧਰਮ ਮੰਡਲ ਵਿੱਚ ਸ਼ਾਮਿਲ ਹੋ ਗਿਆ ਸੀ। ਸਾਲ 1942 ਵਿੱਚ ਦੂਜੀ ਸੰਸਾਰਿਕ ਜੰਗ ਹੋਣ ਕਾਰਨ ਚੋਣਾਂ ਨਹੀਂ ਹੋਈਆਂ।

ਸਾਲ 1946 ਵਿੱਚ ਹੋਈਆਂ ਚੋਣਾਂ ਵਿੱਚ ਬਾਬੂ ਮੰਗੂ ਰਾਮ ਆਪਣੇ 04 ਹੋਰ ਸਾਥੀਆਂ ਨਾਲ ਵਿਧਾਇਕ ਬਣੇ। ਸਾਲ 1947 ਵਿੱਚ ਭਾਰਤ ਦੀ ਵੰਡ ਤੋਂ ਪਹਿਲਾਂ ਮਿਸਟਰ ਮੁਹੰਮਦ ਅਲੀ ਜਿਨਾਹ ਦਾ ਸਕੱਤਰ ਅਪਣੇ ਨਾਲ ਚੌਧੀਰ ਸੁੰਦਰ ਦਾਸ, ਮਾਸਟਰ ਗੁਰਬੰਤਾ ਸਿੰਘ ਅਤੇ ਕਈ ਹੋਰ ਅਫਸਰਾਂ ਨੂੰ ਨਾਲ ਲੈਕੇ ਪਿੰਡ ਮੂਗੋਵਾਲ ਪਹੁੰਚਿਆ ਅਤੇ ਮੰਗ ਰੱਖੀ ਕਿ ਜੇਕਰ ਆਦ ਧਰਮ ਮੰਡਲ ਦੇ ਆਗੂ ਮੁਸਲਿਮ ਲੀਗ ਦੀ ਗੱਲ ਮੰਨਕੇ ਪਾਕਿਸਤਾਨ ਨਾਲ ਮਿਲ ਜਾਣ ਤਾਂ 50 ਮੁਰੱਬੇ ਜਮੀਨ ਅਤੇ 50 ਹਜਾਰ ਰੁਪਏ ਦੇਣਗੇ ਜਿਸਨੂੰ ਬਾਬੂ ਮੰਗੂ ਰਾਮ ਅਤੇ ਹੋਰ ਸਾਥੀਆਂ ਨੇ ਠੁਕਰਾ ਦਿਤਾ। ਦੇਸ਼ ਅਜਾਦ ਹੋਣ ਤੋਂ ਬਾਦ ਭਾਰਤ ਦਾ ਅਪਣਾ ਸੰਵਿਧਾਨ ਬਣਾਕੇ ਲਾਗੂ ਕੀਤਾ ਗਿਆ। ਅਜਾਦੀ ਤੋਂ ਬਾਦ 1951 ਵਿੱਚ ਹੋਈ ਜਨਗਣਨਾ ਵਿੱਚ ਆਦ ਧਰਮ ਦਾ ਖਾਨਾ ਖਤਮ ਕਰ ਦਿਤਾ ਗਿਆ। ਅਜਾਦ ਭਾਰਤ ਵਿੱਚ ਵੀ ਬਾਬੂ ਮੰਗੂ ਰਾਮ ਨੇ ਆਦ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। ਸਾਲ 1977 ਵਿੱਚ ਆਦ ਧਰਮ ਮੁਹਿੰਮ ਦੀ ਮੁੜ੍ਹ ਸਥਾਪਨਾ ਤੋਂ ਬਾਦ ਬਾਬੂ ਮੰਗੂ ਰਾਮ ਦੇ ਸਹਿਯੋਗੀਆਂ ਨੇ ਇਸ ਲਹਿਰ ਨੂੰ ਅੱਗੇ ਵਧਾਉਣ ਲਈ ਆਪ ਨੂੰ ਬਰਤਾਨੀਆ ਦੇ ਦੌਰੇ ਤੇ ਭੇਜਿਆ। 22 ਅਪ੍ਰੈਲ 1980 ਨੂੰ ਇਸ ਲਹਿਰ ਨੂੰ ਸਥਾਪਿਤ ਕਰਨ ਵਾਲੇ ਬਾਬੂ ਮੰਗੂ ਰਾਮ ਦੀ ਮੌਤ ਹੋ ਗਈ ਅਤੇ ਇਸ ਅੰਦੋਲਨ ਵਿੱਚ ਖੜ੍ਹੋਤ ਆ ਗਈ।

ਪਿਛਲੇ ਕਈ ਸਾਲਾਂ ਤੋਂ ਆਦ ਧਰਮ ਆਗੂ ਇਸਦੀ ਮੁੜ੍ਹ ਬਹਾਲੀ ਲਈ ਮੁਹਿੰਮ ਚਲਾ ਰਹੇ ਹਨ। ਸਾਲ 2001 ਵਿੱਚ ਆਦ ਧਰਮ ਦੀ ਸਥਾਪਨਾ ਦੇ 75 ਸਾਲ ਮੁਕੰਮਲ ਹੋਣ ਮੌਕੇ ਬਹੁਜਨ ਸਮਾਜ ਪਾਰਟੀ ਵਲੋਂ ਹੁਸ਼ਿਆਰਪੁਰ ਵਿੱਚ ਇੱਕ ਵਿਸ਼ਾਲ ਰੈਲੀ ਕੀਤੀ ਗਈ। ਸਾਬਕਾ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋਂ ਵਲੋਂ ਪਿੰਡ ਮੂਗੋਵਾਲ ਵਿੱਚ ਆਦ ਧਰਮ ਮੰਡਲ ਦੇ ਪ੍ਰਧਾਨ ਸਵਰਗੀ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਬੁੱਤ ਲਗਾਇਆ ਗਿਆ ਹੈ। ਵੱਖ ਵੱਖ ਆਗੂਆਂ ਅਤੇ ਸੰਸਥਾਵਾਂ ਵਲੋਂ ਆਦ ਧਰਮ ਅੰਦੋਲਨ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ।

ਹਰ ਸਾਲ ਵਾਂਗ 11-12 ਜੂਨ ਨੂੰ ਆਦ ਧਰਮ ਦੇ ਸਥਾਪਨਾ ਦਿਵਸ ਸਬੰਧੀ ਵੱਖ ਵੱਖ ਸੰਸਥਾਵਾਂ ਵਲੋਂ ਵਿਸੇਸ਼ ਪ੍ਰੋਗਰਾਮ ਕਰਵਾਏ ਜਾ ਰਹੇ ਹਨ ਜਿਨ੍ਹਾਂ ਵਿੱਚ ਵਿੱਚ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਬੁੱਧੀਜੀਵੀ ਆਦ ਧਰਮ ਸਬੰਧੀ ਵਿਚਾਰ ਚਰਚਾ ਕਰਨਗੇ।

## ਉਂਗ.ਲੀ ਲਾਉਣ ਵਾ.ਲਾ ਭੁੱਲ ਗਿਆ?

ਬੜੀ ਪੁਰਾਣੀ ਕਹਾਣੀ ਹੈ ਇੱਕ ਹੱਟੀ ਦੀ ਕੰਧ ਉੱਤੇ ਸੀਰੇ ਦੀ ਉਂਗ.ਲੀ ਲਾਉਣ ਵਾ.ਲੇ ਭਦਰ ਪੁਰਸ਼ ਦੀ!ਉਹ ਵਿਹਲੜ ਤੁਰਦਾ ਫਿਰਦਾ ਐਵੇਂ ਪਿੰਡ ਦੀ ਹੱਟੀ 'ਚ ਜਾ ਵੜਿਆ ਤੇ ਉੱਥੇ ਪਏ ਸੀਰੇ ਵਾਲੇ ਪੀਪੇ ਵਿਚ ਉਂਗ.ਲੀ ਲਬੇੜ ਕੇ 'ਆਹ ਕਿਆ ਐ ?' ਕਹਿੰਦਿਆਂ ਹੋਇਆਂ ਲਿੱਬੜੀ ਉਂਗ.ਲ ਕੰਧ ਨਾਲ ਪੂੰਝ ਦਿੱਤੀ...। ਕੰਧ 'ਤੇ ਲੱਗੇ ਸੀਰੇ ਉੱਤੇ ਮੱਖੀਆਂ ਬਹਿ ਗਈਆਂ।

ਮੱਖੀਆਂ ਖਾਣ ਇਕ ਕਿਰਲੀ ਆ ਗਈ...। ਕਿਰਲੀ ਨੂੰ ਪੈ ਨਿੱਕ.ਲੀ ਹੱਟੀ ਵਾ.ਲੇ ਦੀ ਪਾ.ਲਤੂ ਬਿੱਲੀ...। ਬਿੱਲੀ 'ਤੇ ਟੁੱਟ ਕੇ ਪੈ ਗਿਆ ਹੱਟੀ ਉੱਤੇ ਅਚਾਨਕ ਆਇਆ ਇਕ ਗਾਹਕ ਦਾ ਕੁੱਤਾ!

ਖਿਝੀ ਹੋਈ ਬਿੱਲੀ ਜਦ ਲੱਗੀ ਕੁੱਤੇ ਦੀਆਂ ਅੱਖਾਂ 'ਤੇ ਆਪਣੇ ਤਿੱਖੇ ਨੌਹਾਂ ਦੀ ਝਪਟ ਮਾਰਨ ਤਾਂ ਕੁੱਤੇ ਵਾ.ਲੇ ਗਾਹਕ ਨੇ ਬਿੱਲੀ ਦੇ ਸੋਟਾ ਮਾਰਿਆ। ਸਿਰ 'ਚ ਸੱਟ ਵੱਜਣ ਕਰਕੇ ਬਿੱਲੀ ਮਰ ਗਈ!

ਪਾ.ਲਤੂ ਬਿੱਲੀ ਮਰੀ ਦੇਖ ਕੇ ਹੱਟੀ ਵਾ.ਲਾ ਉੱਠ ਕੇ ਕੁੱਤੇ ਵਾ.ਲੇ ਗਾਹਕ ਦੇ ਗ.ਲ ਪੈ ਗਿਆ ! ਉਹ ਦੋਏ ਜਣੇ ਲੜਦੇ ਝਗੜਦੇ ਗੁੱਥਮ-ਗੁੱਥਾ ਹੋਈ ਗਏ!

ਪਰ ਉਂਗ.ਲੀ ਲਾਉਣ ਵਾ.ਲਾ 'ਸ੍ਰੀ ਮਾਨ' ਅਰਾਮ ਨਾਲ ਆਪਦੇ ਘਰੇ ਜਾ ਬੈਠਾ!!

ਐਨ੍ਹ ਇਹੋ ਕੁੱਝ ਅਜ ਕਲ ਪੰਥਕ ਕੇਂਦਰ ਵਿਚ ਹੋ ਰਿਹਾ ਐ...! ਢੱਡਰੀਆਂ-ਗੜਗੱਜ-ਧੁੰਮਾਂ-ਧਾਮੀ ਹੁਣਾ ਦੀ ਆਪਸ 'ਚ ਖਹਿਬਾਜੀ ਚੱਲ ਰਹੀ ਹੈ ਪਰ ਇਸ ਸਾਰੇ ਪੁਆੜੇ ਦੀ ਜੜ੍ਹ 'ਭਰਦਾਨ' ਆਪਦੇ ਘਰੇ ਬੈਠਾ ਅਰਾਮ ਫੁਰਮਾ ਰਿਹਾ ਐ!!



ਸੋਸ਼ਲ ਮੀਡ੍ਹੀਏ 'ਤੇ ਨਜ਼ਰ ਮਾਰ ਲਉ ਹੁਣ ਬਹੁਤੇ ਸਿੱਖ-ਦਰਸ਼ਕਾਂ ਨੂੰ ਵੀ 'ਧੁੰਮਾਂ-ਧਾਮੀ-ਗੜਗੱਜ-ਢੱਡਰੀਆਂ' ਹੀ ਦਿਖਾਈ ਦਿੰਦੇ ਹਨ 'ਉਂਗ.ਲੀ ਲਾਉਣ ਵਾ.ਲਾ' ਦਿਸਦਾ ਨਹੀਂ ਜਾਪਦਾ!! ਸਿੰਘ ਜੀ ਕਿਤੇ ਸੇਹ ਦੇ ਤੱਕ.ਲੇ ਨੂੰ ਭੁੱਲ ਨਾ ਜਾਇਉ

**ਪੇਸ਼ਕਸ਼-ਤਰਲੋਚਨ ਸਿੰਘ ਦੁਪਾਲ ਪੁਰ**
**78146-92724**

## ਯੁੱਗ ਬਦਲ ਗਿਆ !

ਕੋਈ ਫੋਟੋ ਖਿਚਾਵੇ ਕੋਈ ਲਵੇ 'ਸੈਲਫੀ'
'ਡੀਪੀ' ਲਾਉਣ ਲਈ ਸਜਦੇ ਫੱਬਦੇ ਨੇ।

'ਐਕਟਰ' ਬਣਨ ਦੀ ਲੱਗੀ ਏ ਹੋੜ ਦੇਖੋ
ਸਾਰੇ 'ਰੀਲ੍ਹਾਂ' ਬਣਾਉਣ ਲਈ ਭੱਜਦੇ ਨੇ।

ਨਵਾਂ ਪੋਚ ਮੋਬਾਈਲਾਂ ਵਿਗਾੜਿਆ ਏ
ਪੈ ਗਏ ਭੋਗ ਹੁਣ 'ਸੰਗਾਂ ਤੇ ਲੱਜ' ਦੇ ਨੇ।

ਫਿਕਰ ਪਿਆ ਭਵਿੱਖ ਦਾ ਮਾਪਿਆਂ ਨੂੰ
ਕਰਦੇ ਦੁਖੀ ਵਰਤਾਰੇ ਹੀ 'ਅੱਜ ਦੇ' ਨੇ।

ਪੱਤਰਕਾਰਾਂ ਵੀ ਲਿਖਣ ਦੀ ਕਾਰ ਛੱਡੀ
ਹੁਣ ਉਹ ਚੈਨਲਾਂ ਉੱਤੇ ਹੀ 'ਗੱਜਦੇ' ਨੇ।

ਕਲਮਾਂ ਗਾਇਬ ਤੇ ਪੈੱਨ ਵੀ 'ਲੋਪ ਹੋਏ
'ਕੀਅ-ਬੋਰਡ' 'ਤੇ ਠੂੰਗੇ ਹੁਣ ਵੱਜਦੇ ਨੇ !

**-ਤਰਲੋਚਨ ਸਿੰਘ ਦੁਪਾਲ ਪੁਰ**
**78146-92724**

# ਸੁਰਾਂ ਦੀ ਸ਼ਹਿਜ਼ਾਦੀ, ਲਤਾ ਮੰਗੇਸ਼ਕਰ



ਅਵਤਾਰ ਸਿੰਘ ਰਾਏਸਰ, ਬਰਨਾਲਾ
91-98143-21087

ਸ਼ਾਸਤਰੀ ਸੰਗੀਤ ਦੀ ਦੁਨੀਆਂ ਵਿੱਚ, ਲਤਾ ਮੰਗੇਸ਼ਕਰ ਦਾ ਨਾਂ ਅਦਬ ਸਹਿਤ ਲਿਆ ਜਾਂਦਾ ਹੈ। ਸੰਗੀਤ ਨੂੰ ਪਿਆਰ ਕਰਨ ਵਾਲੇ ਉਹਨਾਂ ਨੂੰ, "ਪੰਜ ਪੀੜੀਆਂ ਦੀ ਗਾਇਕਾ, ਨਾਲ ਵੀ ਚੇਤੇ ਕਰਦੇ ਹਨ ਜਦਕਿ ਉਹ ਧਰਤੀ ਤੋਂ ਅਸਮਾਨ ਤੱਕ ਫੈਲੀ ਹੋਈ ਅਜਿਹੀ ਅਜ਼ੀਮ ਸ਼ਖ਼ਸੀਅਤ ਹੈ ਜਿਸ ਦਾ ਕੋਈ ਆਰ ਪਾਰ ਹੈ ਹੀ ਨਹੀਂ। ਇੰਦੌਰ ਸ਼ਹਿਰ ਦੇ ਸੰਗੀਤਕ ਘਰਾਣੇ ਵਿੱਚ 28 ਸਤੰਬਰ 1929 ਨੂੰ ਦੀਨਾ ਨਾਥ ਜੀ ਦੇ ਘਰ ਲਤਾ ਮੰਗੇਸ਼ਕਰ ਦਾ ਜਨਮ ਹੋਇਆ। ਤਿੰਨ ਛੋਟੀਆਂ ਭੈਣਾਂ, ਮੀਨਾ, ਊਸ਼ਾ, ਆਸ਼ਾ ਅਤੇ ਹਿਰਦੇ ਨਾਥ ਮੰਗੇਸ਼ਕਰ ਭਾਈ, ਸਭਨਾਂ ਤੋਂ ਵੱਡੀ ਭੈਣ ਸੀ ਲਤਾ ਮੰਗੇਸ਼ਕਰ। ਸਕੂਲੀ ਸਿੱਖਿਆ ਵੱਲੋਂ ਬਿਲਕੁਲ ਬੇਲਾਗ, ਪਰ ਕਿਸਮਤ ਦੀ ਐਨੀ ਧਨੀ ਲਤਾ ਮੰਗੇਸ਼ਕਰ ਕਿ 6 ਵੱਡੀਆਂ ਯੂਨੀਵਰਸਿਟੀਆਂ ਵੱਲੋਂ ਡਾਕਟਰੇਟ ਦੀ ਡਿਗਰੀ ਹਾਸਲ ਕੀਤੀਆਂ। 6 ਫਰਵਰੀ 2022 ਐਂਤਵਾਰ ਨੂੰ ਹਮੇਸ਼ਾ ਲਈ ਅਲਵਿਦਾ ਆਖ ਜਾਣ ਵਾਲੀ ਇਸ ਮਹਾਨ ਸ਼ਖ਼ਸੀਅਤ ਦੀ ਅਵਾਜ਼ ਵਿਚ 30,000 ਦੇ ਕਰੀਬ ਗੀਤ ਵੱਖ ਵੱਖ ਭਾਸ਼ਾਵਾਂ ਵਿਚ ਰਿਕਾਰਡ ਹੋਏ, ਜਿੰਨਾ ਦੀ ਬਦੌਲਤ ਲਤਾ ਮੰਗੇਸ਼ਕਰ ਨੂੰ ਫਿਲਮ ਫੇਅਰ ਐਵਾਰਡ, ਰਾਸ਼ਟਰੀ ਸਨਮਾਨ, ਪਦਮ ਭੂਸ਼ਨ, ਪਦਮਸ਼੍ਰੀ ਵਿਭੂਸ਼ਨ ਅਤੇ 2001 ਵਿੱਚ ਭਾਰਤ ਸਰਕਾਰ ਵੱਲੋਂ ਸਰਵ ਉੱਚ ਸਨਮਾਨ,"ਭਾਰਤ ਰਤਨ" ਨਾਲ ਨਿਵਾਜਿਆ ਗਿਆ। 1942 ਵਿੱਚ 13 ਸਾਲ ਦੀ ਬਾਲੜੀ ਉਮਰ ਵਿਚ ਹੀ ਪਿਤਾ ਦਾ ਛਾਇਆ ਸਿਰ ਤੋਂ ਉੱਠਣ ਬਾਦ ਲਤਾ ਮੰਗੇਸ਼ਕਰ ਨੂੰ ਪਹਿਲੀ ਵਾਰ ਉਸਨੂੰ ਉਸਦੇ ਪਿਤਾ ਜੀ ਦੇ ਦੋਸਤ ਸ੍ਰੀਪਤ ਜੋਸ਼ੀ ਨੇ ਮਾਸਟਰ ਵਿਨਾਇਕ ਨੂੰ ਕਹਿ ਕਿ ਇੱਕ ਮਰਾਠੀ ਫਿਲਮ ਵਿਚ ਕੰਮ ਦਿਵਾਇਆ। ਥੋੜੇ ਪੈਸੇ ਵੀ ਮਿਲੇ ਪਰ ਲਤਾ ਘਰ ਆਕੇ ਉਸ ਨੇ ਮਾਂ ਨੂੰ ਕਹਿ ਦਿੱਤਾ ਕਿ, "ਮੈਥੋਂ ਨਹੀਂ ਇਹ ਬਨਾਉਟੀ ਪਨ ਹੁੰਦਾ, ਮੈਂ ਤਾਂ ਸਿਰਫ ਗਾਉਣਾ ਹੀ ਹੈ।" ਪਹਿਲੀ ਵਾਰ ਉਸਨੂੰ, ਆਪ ਕੀ ਸੇਵਾ ਮੇਂ ਫਿਲਮ ਵਿਚ ਗਾਉਣ ਦਾ ਮੌਕਾ ਮਿਲਿਆ ਪਰ 1948 ਵਿੱਚ ਆਈ ਮਜਬੂਰ ਫਿਲਮ ਵਿਚ ਗਾਉਣ ਨਾਲ ਉਹਨਾਂ ਨੂੰ ਪਛਾਣ ਮਿਲਣੀ ਸ਼ੁਰੂ ਹੋ ਗਈ। ਉਹਨਾਂ ਦੇ ਉਸਤਾਦ ਗ਼ੁਲਾਮ ਹੈਦਰ ਸਾਹਿਬ ਨੇ ਉਨ੍ਹਾਂ ਦੀ ਪ੍ਰਤਿਭਾ ਨੂੰ ਪਛਾਣਿਆ ਅਤੇ ਯਕੀਨ ਦਿਵਾਇਆ ਕਿ ਇੱਕ ਦਿਨ ਇਹੀ ਲੋਕ ਤੇਰੇ ਅੱਗੇ ਪਿੱਛੇ ਮਿੰਨਤਾਂ ਕਰਦੇ ਫਿਰਨਗੇ। ਹੈਦਰ ਸਾਹਿਬ ਦੇ ਬੋਲ ਉਦੋਂ ਸੱਚ ਸਾਬਤ ਹੋਣ ਲੱਗੇ ਜਦ 1949 ਵਿੱਚ, ਲਤਾ ਮੰਗੇਸ਼ਕਰ ਦੀ ਅਵਾਜ਼ ਵਿਚ ਰਿਕਾਰਡ ਗੀਤ, ਆਏਗਾ ਆਨੇ ਵਾਲਾ ਆਏਗਾ" ਹਿੱਟ ਹੋ ਗਿਆ । ਮਹਿਲ ਫਿਲਮ ਦੇ ਗੀਤ ਤੋਂ ਬਾਅਦ ਸੱਚ ਮੁੱਚ ਨਾਮਵਰ ਪ੍ਰੋਡਿਊਸਰ ਅਤੇ ਸੰਗੀਤ ਡਾਇਰੈਕਟਰ ਗੀਤ ਗੁਵਾਉਣ ਲਈ ਉਸ ਦੇ ਘਰ ਆਉਣ ਲੱਗ ਪਏ।ਨੌਸ਼ਾਦ ਸਾਹਿਬ, ਮਦਨ ਮੋਹਨ,ਸ਼ੰਕਰ ਜੈ ਕਿਸਨ, ਸਚਿਨ ਬਰਮਨ, ਆਨੰਦ ਜੀ ਕਲਿਆਣ ਜੀ ,ਸਲਿਲ ਚੌਧਰੀ ਤੇ ਲਕਸ਼ਮੀ ਕਾਂਤ ਪਿਆਰੇ ਲਾਲ ਵਰਗੇ ਵੱਡੇ ਸੰਗੀਤਕਾਰ ਉਸ ਦੀ ਆਵਾਜ਼ ਨੂੰ ਸਲਾਮ ਕਰਨ ਲੱਗ ਪਏ। ਸੰਗੀਤਕ ਖੇਤਰ ਵਿੱਚ ਲਤਾ ਮੰਗੇਸ਼ਕਰ ਨੇ ਜੁਅਰਤ ਨਾਲ ਰਾਇਲਟੀ ਦੀ ਮੰਗ ਉਠਾਈ ਸੀ ਕਿਉਂਕਿ ਉਹਨਾਂ ਦਾ ਤਰਕ ਸੀ ਕਿ ਸਾਨੂੰ ਸਿਰਫ ਰਿਕਾਰਡਿੰਗ ਦੇ ਪੈਸੇ ਹੀ ਮਿਲਦੇ ਹਨ ਜਦਕਿ ਉਹੀ ਗੀਤ ਨੂੰ ਬਹੁਤ ਸਾਰੇ ਥਾਵਾਂ ਤੇ ਵਰਤਿਆ ਜਾਂਦਾ ਹੈ, ਤੇ ਕਮਾਈ ਕੀਤੀ ਜਾਂਦੀ ਹੈ। ਮੁਹੰਮਦ ਰਫ਼ੀ ਸਾਹਿਬ ਨੇ ਲਤਾ ਮੰਗੇਸ਼ਕਰ ਜੀ ਦੀ ਇਸ ਮੰਗ ਦਾ ਵਿਰੋਧ ਕੀਤਾ ਜਦਕਿ ਬਾਕੀ ਵੱਡੇ ਗਾਇਕ ਲਤਾ ਜੀ ਨਾਲ ਖੜ੍ਹੇ ਰਹੇ।ਫਿਲਮੀ ਪ੍ਰੋਡਿਊਸਰਾਂ ਨੇ ਵੀ ਉਹਨਾਂ ਦਾ ਡਟਕੇ ਵਿਰੋਧ ਕੀਤਾ ਰਾਜ ਕਪੂਰ ਸਾਹਿਬ ਨੇ ਤਾਂ ਸਪਸ਼ਟ ਹੀ ਕਹਿ ਦਿੱਤਾ ਕਿ ਮੈਂ ਇਹ ਨਹੀਂ ਦੇ ਸਕਦਾ, ਮੈਂ ਇੱਥੇ ਵਪਾਰ ਕਰਨ ਆਇਆ ਹਾਂ। ਤਾਂ ਲਤਾ ਜੀ ਨੇ ਬੜੀ ਆਜੀਜਗੀ ਨਾਲ ਦੱਸਿਆ ਕਿ ਮੈਂ ਵੀ ਇੱਥੇ ਰਾਣੀ ਬਾਗ਼ ਵਿਚ ਘੁੰਮਣ ਲਈ ਨਹੀਂ ਆਈ। ਆਖਿਰ ਜਿੱਤ ਲਤਾ ਜੀ ਦੀ ਹੱਕੀ ਮੰਗਾਂ ਦੀ ਹੋਈ।




ਬੜੇ ਗੁਲਾਮ ਅਲੀ ਸਾਹਿਬ, ਨੁਸਰਤ ਫ਼ਤਹਿ ਅਲੀ ਖ਼ਾਨ ਸਾਹਿਬ, ਮੁਹੰਮਦ ਰਫ਼ੀ ਸਾਹਿਬ, ਕੇ ਐਲ ਸਹਿਗਲ, ਕਿਸ਼ੋਰ ਕੁਮਾਰ, ਸ਼ਬੀਰ ਕੁਮਾਰ, ਤੇ ਕੁਮਾਰ ਸਾਨੂੰ ਵਰਗੇ ਨਵੇਂ ਗਾਇਕਾਂ ਤੱਕ ਗਾਇਆ। ਉਹ ਅਜਿਹੀ ਗਾਇਕਾ ਸੀ ਸੋ ਸਾਰਾ ਗੀਤ ਸੁਣ ਕੇ ਹੀ ਰਿਕਾਰਡ ਕਰਾਉਣ ਦਾ ਫੈਸਲਾ ਲੈਂਦੀ ਸੀ। ਲਤਾ ਨੇ ਜੋ ਵੀ ਗਾਇਆ, ਗ਼ਜ਼ਲ, ਗੀਤ, ਰੁਮਾਂਟਿਕ, ਉਦਾਸ ਗੀਤ, ਭਜਨ, ਸ਼ਾਸਤਰੀ ਸੰਗੀਤ, ਸੰਗੀਤ ਦੇ ਹਰ ਰੰਗ ਨੂੰ ਖੁਭ ਕੇ ਅਤੇ ਸ਼ਬਦਾਂ ਦੀ ਭਾਵਨਾ ਵਿੱਚ ਡੁੱਬ ਕੇ ਗਾਇਆ। ਲਤਾ ਮੰਗੇਸ਼ਕਰ ਵੱਲੋਂ ਗਾਇਆ ਅਮਰ ਗੀਤ, ਐ ਮੇਰੇ ਵਤਨ ਕੇ ਲੋਗੋ, ਜ਼ਰਾ ਆਂਖ ਮੇਂ ਭਰਲੋ ਪਾਣੀ, ਨੂੰ ਸੁਣਕੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੀਆਂ ਅੱਖਾਂ ਵਿਚ ਸੱਚ ਮੁੱਚ ਪਾਣੀ ਆ ਗਿਆ ਸੀ।ਦੇਵ ਆਨੰਦ, ਦਲੀਪ ਕੁਮਾਰ,ਰਾਜ ਕੁਮਾਰ ਤੋਂ ਲੈਕੇ ਧਰਮਿੰਦਰ, ਰਾਜੇਸ਼ ਖੰਨਾ, ਸੁਨੀਲ ਦੱਤ, ਅਮਿਤਾਭ ਬੱਚਨ, ਜਤਿੰਦਰ, ਮਿਥੁਨ ਚੱਕਰਵਰਤੀ, ਸੰਜੇ ਦੱਤ, ਸਲਮਾਨ ਖਾਨ ਆਮਿਰ ਖਾਨ, ਸੰਨੀ ਦਿਓਲ ਤੋਂ ਬਾਬੀ ਦਿਓਲ ਤੱਕ ਦੇ ਹੀਰੋ ਹੀਰੋਇਨਾਂ ਦੇ ਗੀਤਾਂ ਨੂੰ ਆਵਾਜ਼ ਦੇਕੇ ਫਿਲਮ ਸਰੋਤਿਆਂ ਨੂੰ ਆਪਣੀ ਆਵਾਜ਼ ਦੇ ਜਾਦੂ ਨਾਲ ਸਿਨੇਮਾ ਘਰਾਂ ਨਾਲ ਜੋੜਿਆ। ਵੀਹਵੀਂ ਸਦੀ ਦੇ ਫਿਲਮ ਸੁਪਰ ਸਟਾਰ ਅਮਿਤਾਭ ਬੱਚਨ ਨੇ ਲਤਾ ਮੰਗੇਸ਼ਕਰ ਨੂੰ ਆਤਮਾ ਤੇ ਪਰਮਾਤਮਾ ਵਿਚਾਕਰਲੇ ਪੁਲ ਦੇ ਨਿਆਂਈ ਦੱਸਦਿਆਂ ਕਿਹਾ ਸੀ ਕਿ ਉਹਨਾਂ ਦੇ ਨਾਂ ਨਾਲ ਸੰਗੀਤ ਸ਼ੁਰੂ ਹੋ ਕੇ ਉਹਨਾਂ ਦੇ ਨਾਂ ਨਾਲ ਹੀ ਖਤਮ ਹੋ ਜਾਂਦਾ ਹੈ। ਉਸਦੀ ਆਵਾਜ਼ ਵਿਚ, ਪਿਆਰ ਝੁਕਤਾ ਨਹੀਂ ਅਤੇ ਬੇਤਾਬ ਦੇ ਗੀਤਾਂ ਨੇ ਨਵੇਂ ਦਿਸਹੱਦੇ ਸਿਰਜੇ। 70 ਸਾਲ ਦੀ ਉਮਰ ਵਿਚ ਵੀ ਉਸਦੀ ਆਵਾਜ਼ ਵਿੱਚ ਰਿਕਾਰਡ ਗੀਤ, ਜਬ ਹਮ ਜ਼ੁਬਾਂ ਹੋਗੇ" ਸੋਲਾਂ ਸਤਾਰਾਂ ਸਾਲ ਦੀ ਉਮਰ ਦੀ ਕੁੜੀ ਦੀ ਆਵਾਜ਼ ਦਾ ਭੁਲੇਖਾ ਪਾਉਂਦੀ ਹੈ। ਲਤਾ ਮੰਗੇਸ਼ਕਰ ਉਸ ਸਮੇਂ ਦੇ ਸੁਪਰ ਸਟਾਰ ਗਾਇਕ ਕੇ ਐਲ ਸਹਿਗਲ ਦੀ ਪੂਰੀ ਮੁਰੀਦ ਸੀ ਆਪਣੇ ਮਾਪਿਆਂ ਨੂੰ ਸਹਿਗਲ ਨਾਲ ਵਿਆਹ ਕਰਵਾਉਣ ਲਈ ਵੀ ਕਹਿ ਦਿੱਤਾ, ਤਾਂ ਪਿਤਾ ਨੇ ਸਮਝਾਇਆ ਕਿ ਉਹ ਉਦੋਂ ਤੱਕ 80 ਸਾਲ ਦਾ ਬੁੱਢਾ ਹੋ ਜਾਵੇਗਾ। ਉਹ ਬੜਾ ਘੱਟ ਬੋਲਣ ਵਾਲੇ, ਸਾਦਗੀ ਪਸੰਦ, ਨਿਮਰਤਾਵਾਨ, ਆਪਣੇ ਤੋ ਛੋਟਿਆਂ ਨੂੰ ਪਿਆਰ ਸਹਿਯੋਗ ਦੇਣ ਵਾਲੀ ਉਦਾਰ ਚਿੱਤ ਕਲਾਕਾਰ ਸੀ।ਉਸ ਨੇ ਬਹੁਤ ਸਾਰੇ ਸੰਘਰਸ਼ ਕਰਨ ਵਾਲੇ ਗਰੀਬ ਪ੍ਰੋਡਿਊਸਰਾਂ ਲਈ ਘੱਟ ਪੈਸੇ ਲੈਕੇ ਜਾਂ ਮੁਫਤ ਵੀ ਗਾਇਆ। ਆਪਣੇ ਗੀਤਾਂ ਵਾਰੇ ਉਹ ਦਾ ਮੰਨਣਾ ਸੀ ਕਿ, ਮੈਂ ਆਪਣੇ ਗੀਤ ਸੁਣਨ ਤੋਂ ਬਹੁਤ ਡਰਦੀ ਹਾਂ ਕਿਉਂਕਿ ਮੈਂ ਗਾਉਣ ਵਿੱਚ ਬਹੁਤ ਕਮੀਆਂ ਛੱਡ ਆਈ ਹਾਂ, ਮੈਂ ਇਸ ਤੋਂ ਬਿਹਤਰ ਵੀ ਗਾ ਸਕਦੀ ਸੀ।

ਲਤਾ ਮੰਗੇਸ਼ਕਰ ਹਵਾਈਂ ਸਫ਼ਰ ਤੋਂ ਬਹੁਤ ਜ਼ਿਆਦਾ ਡਰਦੇ ਸਨ ਇਸ ਲਈ ਫਰਾਂਸ ਸਰਕਾਰ ਵੱਲੋਂ ਆਪਣਾ ਸਰਵ ਉੱਚ ਸਨਮਾਨ ਉਨ੍ਹਾਂ ਨੂੰ ਬੰਬਈ ਵਿਖੇ ਹੀ ਪ੍ਰਦਾਨ ਕੀਤਾ ਗਿਆ। ਲਤਾ ਜੀ ਦੇ ਗੀਤਾਂ ਦੀ ਆਖਰੀ ਐਲਬਮ ਫਿਲਮ, ਵੀਰ ਜਾਰਾ ਦੀ ਸੀ ਜੋ 2004 ਵਿੱਚ ਰਿਲੀਜ਼ ਕੀਤੀ ਗਈ ਸੀ। ਜਦਕਿ ਉਹਨਾਂ ਦਾ ਆਖਰੀ ਰਿਕਾਰਡ ਗੀਤ, ਸੌਗੰਧ ਮੁਝੇ ਇਸ ਮਿੱਟੀ ਕੀ 30 ਮਾਰਚ 2019 ਨੂੰ ਰਿਲੀਜ਼ ਹੋਇਆ। ਆਖਰੀ ਸਮੇਂ ਜਦ ਉਹ ਇੱਕ ਮਹੀਨੇ ਤੋਂ ਲਗਾਤਾਰ ਬਿਮਾਰ ਚੱਲ ਰਹੇ ਸਨ। ਉਹਨਾਂ ਨੂੰ ਬੰਬਈ ਦੇ ਮਧੁਰ ਹਸਪਤਾਲ ਬੀਚ ਕੈਂਡੀ ਵਿਚ ਦਾਖਲ ਕਰਵਾਇਆ ਗਿਆ ਸੀ। ਉਹਨਾਂ ਨੂੰ ਸਾਹ ਲੈਣ ਵਿੱਚ ਮੁਸ਼ਕਲ ਆਉਂਦੀ ਸੀ। ਫਿਰ ਉਹੀ ਨਵੀਂ ਤਾਜੀ ਬਿਮਾਰੀ ਕਰੋਨਾ ਕਾਰਣ ਉਹ ਮਨਹੂਸ ਖ਼ਬਰ,ਜੋ ਕੋਈ ਵੀ ਨਹੀਂ ਸੁਣਨਾ ਚਾਹੁੰਦਾ ਸੀ, ਲਤਾ ਜੀ ਦੀ ਮੌਤ ਦੀ ਆਈ।ਛੇ ਫਰਵਰੀ 2022 ਨੂੰ ਉਹ ਆਪਣੀ ਸੰਗੀਤਕ ਦੁਨੀਆ ਭਰ ਦੇ ਪਿਆਰਿਆਂ ਤੋਂ ਹਮੇਸ਼ਾ ਲਈ ਰੁਖਸਤ ਹੋ ਗਈ।

# ਪ੍ਰਵਾਸੀ ਭਾਰਤੀ ਅਮਰਜੀਤ ਚੀਮਾ ਦੀ ਸ਼ਾਹਕਾਰ ਕਿਰਤ, "ਮੇਰੀਆਂ ਜ਼ਖ਼ਮੀ ਮੁਹੱਬਤਾਂ ਅਤੇ ਮੇਰੇ ਜ਼ਖ਼ਮੀ ਪ੍ਰਦੇਸ਼ਨਾਮੇ" ਦੇ ਨਾਲ ਨਾਲ ਤੁਰਦਿਆਂ

ਪੰਜਾਬੀ ਸਾਹਿਤ ਨਾਲ ਗੂੜ੍ਹਾ ਪਿਆਰ ਹੋਣ ਕਰਕੇ ਮੈਨੂੰ ਜਦ ਵੀ ਕੋਈ ਵਧੀਆ ਪੁਸਤਕ ਹੱਥ ਲੱਗ ਜਾਵੇ ਤਾਂ ਮੈਂ ਪੜ੍ਹ ਕੇ ਹੀ ਦਮ ਲੈਂਦਾ ਹਾਂ। ਕਹਿ ਸਕਦੇ ਹਾਂ ਕਿ ਕੋਈ ਕੋਈ ਪੁਸਤਕ ਹੀ ਐਨੀ ਜ਼ਿਆਦਾ ਰੌਚਕ ਹੁੰਦੀ ਹੈ ਕਿ ਪਾਠਕ ਨੂੰ ਲਗਦਾ ਜਿਵੇਂ ਇਹ ਉਸਦੀ ਆਪਣੀ ਜ਼ਿੰਦਗੀ ਦਾ ਹਿੱਸਾ ਹੋਵੇ, ਤੇ ਉਹ ਪੁਸਤਕ ਦੇ ਅੰਤ ਤੱਕ ਜੁੜਿਆ ਰਹਿੰਦਾ ਹੈ ਅਤੇ ਪੁਸਤਕ ਦੇ ਬਹੁਤੇ ਸੀਨ ਉਸ ਨੂੰ ਹੱਡਬੀਤੀ ਦਾਸਤਾਨ ਲੱਗਦੇ ਹਨ। ਇਸ ਤਰ੍ਹਾਂ ਪੰਜਾਬੀ ਬੋਲੀ ਅੰਦਰ ਬਹੁਤ ਸਾਰੇ ਵੱਡੇ ਵੱਡੇ ਲੇਖਕ, ਨਾਵਲਕਾਰ ਪੈਦਾ ਹੋਏ ਜਿਨ੍ਹਾਂ ਨੂੰ ਪੜ੍ਹ ਕੇ ਹੀ ਪਾਠਕਾਂ ਦੇ ਮਨਾਂ ਵਿੱਚ ਅਤੇ ਸਾਹਿਤਕ ਖੇਤਰ ਵਿੱਚ ਉਹ ਆਦਮ ਕੱਦ ਲੇਖਕਾਂ ਵਜੋਂ ਸਥਾਪਿਤ ਹੋਏ। ਇਸ ਤਰ੍ਹਾਂ ਹੀ ਇੱਕ ਵਾਰ ਮੇਰੇ ਹੱਥ ਇੱਕ ਪੁਸਤਕ," ਮੇਰੀਆਂ ਜ਼ਖ਼ਮੀ ਮੁਹੱਬਤਾਂ ਅਤੇ ਮੇਰੇ ਜ਼ਖ਼ਮੀ ਪ੍ਰਦੇਸ਼ਨਾਮੇ' ਲੱਗੀ ਜਿਸਦੇ ਲੇਖਕ ਅਮਰਜੀਤ ਚੀਮਾ ਨੇ ਇਹ ਪੁਸਤਕ ਸੁਤੇ ਸਿੱਧ ਹੀ ਪਾਠਕਾਂ ਨੂੰ ਅਰਪਣ ਕਰ ਦਿੱਤੀ। ਇਸ ਤੋਂ ਪਹਿਲਾਂ ਅਮਰਜੀਤ ਚੀਮਾ ਦੇ ਲਿਖੇ ਗੀਤ ਪੰਜਾਬ ਦੇ ਮੁੱਖ ਕਲਾਕਾਰਾਂ ਦੀ ਅਵਾਜ਼ ਵਿਚ ਰਿਕਾਰਡ ਹੋਏ ਤੇ ਹਿੱਟ ਹੋ ਕੇ ਫਿਜ਼ਾਵਾਂ ਵਿੱਚ ਮਹਿਕਾਂ ਬਿਖੇਰ ਰਹੇ ਹਨ।



ਖ਼ੈਰ! ਅੱਜ ਗੱਲ ਕਰਦੇ ਹਾਂ ਅਮਰਜੀਤ ਚੀਮਾ ਦੀ ਸਵੈਜੀਵਨੀ ਵਰਗੀ ਨਾਵਲ ਟਾਇਪ ਪੁਸਤਕ, ਮੇਰੀਆਂ ਜ਼ਖ਼ਮੀ ਮੁਹੱਬਤਾਂ ਅਤੇ ਮੇਰੇ ਜ਼ਖ਼ਮੀ ਪ੍ਰਦੇਸ਼ਨਾਮੇ' ਵਾਰੇ। ਨਵਰੰਗ ਪਬਲੀਕੇਸ਼ਨਜ਼ ਸਮਾਣਾ ਵੱਲੋਂ ਛਾਪੀ ਗਈ ਇਸ ਪੁਸਤਕ ਵਾਰੇ ਲੇਖਕ ਦੇ ਆਪਣੇ ਵਿਚਾਰ ਇਸ ਤਰ੍ਹਾਂ ਹਨ," ਮੈਂ ਜਾਣੀ ਅਮਰਜੀਤ ਚੀਮਾ, ਮੇਰਾ ਜਨਮ ਪਿਤਾ ਸ੍ਰ ਰੇਸ਼ਮ ਸਿੰਘ ਤੇ ਮਾਤਾ ਗੁਰਬਚਨ ਕੌਰ ਜੀ ਦੀ ਕੁੱਖੋਂ 6 ਜੂਨ, 1960 ਨੂੰ ਪਿੰਡ ਚੀਮਾ ਨੇੜੇ ਕਰਤਾਰਪੁਰ ਵਿਖੇ ਹੋਇਆ।" ਮੇਰੀਆਂ ਜ਼ਖ਼ਮੀ ਮੁਹੱਬਤਾਂ ਅਤੇ ਮੇਰੇ ਜ਼ਖ਼ਮੀ ਪ੍ਰਦੇਸ਼ਨਾਮੇ' ਮੇਰੀ ਹੱਡਬੀਤੀ ਕਹਾਣੀ ਤੇ ਆਧਾਰਿਤ ਹੈ। ਮੇਰਾ ਮਕਸਦ ਹੈ ਉਹਨਾਂ ਬੱਚਿਆਂ ਨੂੰ ਸਿੱਖਿਆ ਦੇਣ ਦਾ ਜੋ 17,18 ਸਾਲ ਦੀ ਉਮਰ ਵਿਚ ਪਿਆਰ ਦੇ ਚੱਕਰਾਂ ਵਿਚ ਪੈ ਕੇ ਆਪਣੀ ਜ਼ਿੰਦਗੀ ਬਰਬਾਦ ਕਰ ਲੈਂਦੇ ਹਨ। ਮੈਂ ਆਪਣੇ ਸਮਾਜ ਨੂੰ ਵੀ ਸੇਧ ਦੇਣ ਦੀ ਕੋਸ਼ਿਸ਼ ਕੀਤੀ ਹੈ, ਪੰਡਿਤਾਂ, ਭਾਈਆਂ ਤੇ ਹੋਰ ਝੂਠੇ ਵਹਿਮਾਂ ਭਰਮਾਂ,ਰੀਤੀ ਰਿਵਾਜਾਂ ਵਿਰੁੱਧ ਅਵਾਜ਼ ਬੁਲੰਦ ਕੀਤੀ ਹੈ। ਝੂਠੀ ਵਾਹ ਵਾਹ ਖੱਟਣ ਲਈ ਕੁਝ ਵੀ ਤੋੜ ਮਰੋੜ ਕੇ ਪੇਸ਼ ਨਹੀਂ ਕੀਤਾ। ਜੋ ਮੇਰੇ ਨਾਲ ਬੀਤਿਆ, ਅੱਖੀਂ ਦੇਖਿਆ ਉਹੀ ਕੁਝ ਸੱਚ ਲਿਖਣ ਦੀ ਕੋਸ਼ਿਸ਼ ਕੀਤੀ ਹੈ।" ਨਾਲ ਲੱਗਦੀ ਗੱਲ ਇਹ ਹੈ ਕਿ ਜਿੱਥੇ ਅਮਰਜੀਤ ਚੀਮਾ ਨੇ ਆਪਣੇ ਬੱਚਿਆਂ ਨੂੰ ਆਪਣੀ ਜ਼ਿੰਦਗੀ ਦੇ ਸੰਘਰਸ਼ਮਈ ਸਫ਼ਰ ਅਤੇ ਕੌੜੇ ਯਥਾਰਥ ਦੇ ਰੂਬਰੂ ਕਰਵਾਉਂਣ ਦੀ ਲੋੜ ਮਹਿਸੂਸ ਕੀਤੀ ਹੈ, ਉੱਥੇ ਹੀ ਸੱਤ ਸਮੁੰਦਰੋ ਪਾਰ ਅਮਰੀਕਾ ਦੇ ਜੰਮਪਲ ਇਹ ਬੱਚੇ ਪੰਜਾਬੀ ਪੜਨ ਤੋਂ ਅਸਮਰਥ ਹੋਣ ਕਰਕੇ ਆਪਣੇ ਕਲਚਰ ਵਿਚ ਹੀ ਰਚੇ ਮਿਚੇ ਹੋਏ ਹਨ।

ਤਿੰਨ ਸੌ ਰੁਪਏ ਦੀ ਕੀਮਤ ਵਾਲੀ 168 ਪੰਨਿਆਂ ਵਿੱਚ ਮੁਕੰਮਲ ਇਹ ਪੁਸਤਕ ਦਸ ਕਾਂਡਾਂ ਵਿਚ ਵੰਡੀ ਹੋਈ ਹੈ। ਇਹ ਪੁਸਤਕ ਉਨ੍ਹਾਂ ਨੇ ਆਪਣੇ ਮਾਤਾ ਪਿਤਾ, ਆਪਣੀ ਧਰਮ ਪਤਨੀ ਕਸ਼ਮੀਰ ਕੌਰ, ਛੋਟੇ ਵੀਰ ਸੋਢੀ ਸੁਲਤਾਨ ਸਿੰਘ, ਭਾਣਜੇ ਭਿੰਦਾ ਖੋਸਾ, ਰਾਜਾ ਖੋਸਾ ਭਾਣਜੀਆ ਨਰਿੰਦਰ ਖੋਸਾ ਸਿੰਮੀ ਖੋਸਾ ਤੇ ਭਤੀਜੇ ਮੇਸ਼ੀ ਨਵਾਂ ਸ਼ਹਿਰੀਆਂ ਨੂੰ ਸਮਰਪਿਤ ਕੀਤੀ ਹੈ। ਪੁਸਤਕ ਦੇ ਪਹਿਲੇ ਦੋ ਭਾਗਾਂ ਵਿੱਚ ਥੋੜ੍ਹਾ ਹਾਸਾ ਠੱਠਾ ਹੈ ਜਦ ਉਹ ਆਪਣੇ ਬਚਪਨ ਤੋਂ ਜਵਾਨੀ ਵਿੱਚ ਪੈਰ ਰੱਖਦਾ ਹੈ। ਚੜ੍ਹਦੀ ਜਵਾਨੀ ਵਿੱਚ ਇਸ਼ਕ ਦੇ ਚੱਕਰਾਂ ਵਿਚ ਸ਼ੁਰੂ ਹੋਇਆ ਇਹ ਨਾਵਲ ਵਰਗੀ ਹੱਡਬੀਤੀ ਦਾਸਤਾਨ, ਸਫ਼ਰ ਕਿਸੇ ਫ਼ਿਲਮ ਦੀ ਕਹਾਣੀ ਵਾਂਗ ਕਦੇ ਹਸਾਉਂਦਾ ਤੇ ਕਦੇ ਰਵਾਉਂਦਾ ਹੈ। ਗੁਰਸ਼ਰਨ ਨਾਂ ਦੀ ਇਕ ਕੁੜੀ ਉਸਦੀ ਜ਼ਿੰਦਗੀ ਵਿਚ ਥੋੜੇ ਸਮੇਂ ਲਈ ਆਕੇ ਚਲੀ ਜਾਂਦੀ ਹੈ ਤੇ ਉਹ ਸ਼ਰਾਬ ਪੀਣ ਲੱਗ ਪਿਆ ਤੇ ਇਸ ਦੁਨੀਆਂ ਤੋਂ ਦੂਰ ਕਿਤੇ ਉੱਡ ਜਾਣ ਲਈ ਕਾਹਲਾ ਪੈ ਗਿਆ। ਫਿਰ ਕਿਸੇ ਏਜੰਟ ਰਾਹੀਂ ਦਿੱਲੀਓਂ ਜਹਾਜ਼ ਫੜ ਠੰਡੇ ਮੁਲਕਾਂ ਰੂਸ, ਮਿਸਰ, ਤੁਰਕੀ, ਸਾਉਦੀ ਅਰਬ ਵਰਗੇ ਮੁਲਕਾਂ ਵਿੱਚ ਹਕੀਕਤ ਨਾਲ ਦੋ ਹੱਥ ਕਰਦਾ ਹੈ। ਮੇਰੀਆਂ ਜ਼ਖ਼ਮੀ ਮੁਹੱਬਤਾਂ ਅਤੇ ਮੇਰੇ ਜ਼ਖ਼ਮੀ ਪ੍ਰਦੇਸ਼ਨਾਮੇ ਪੜ੍ਹ ਕੇ ਪਤਾ ਲੱਗਦਾ ਹੈ ਕਿ ਕਿਵੇਂ ਧੋਖੇਬਾਜ਼ ਏਜੰਟਾਂ ਦੇ ਝਾਂਸੇ ਵਿੱਚ ਕੁੜੀਆਂ ਦਾ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਹੈ। ਕਿਵੇਂ ਐਧਰਲੇ ਵਿਹਲੜ ਕਿਸਮ ਦੇ ਲੋਕ ਉੱਧਰ ਵੀ ਹਰਾਮ ਦੀਆਂ ਖਾਣ ਗਿੱਝ ਜਾਂਦੇ ਹਨ। ਕਿਵੇਂ ਅਮਰੀਕ ਵਰਗੇ ਧੋਖਾ ਕਰਕੇ ਮਿਹਨਤਕਸ਼ ਕਾਮਿਆਂ ਨਾਲ ਠੱਗੀਆਂ ਮਾਰਦੇ ਹਨ।

ਸੀਰੀਆ, ਲਿਬਨਾਨ ਵਰਗੇ ਮੁਲਕਾਂ ਵਿੱਚ ਧੱਕੇ ਖਾਣ ਉਪਰੰਤ ਇੱਕ ਦਿਨ ਆਪਣੇ ਭਰਾ ਦੀ ਸਹਾਇਤਾ ਨਾਲ ਅਮਰੀਕਾ ਪਹੁੰਚ ਗਏ ਲੇਖਕ ਦੀ ਜ਼ਿੰਦਗੀ ਵਿਚ ਫਿਰ ਇੱਕ ਵੱਡਾ ਹਾਦਸਾ ਵਾਪਰਿਆ ਜਦ ਉਸ ਦੀ ਜ਼ਿੰਦਗੀ ਵਿਚ ਇਕ ਹੋਰ ਔਰਤ ਆਉਂਦੀ ਹੈ ਤੇ ਲੱਖਾਂ ਡਾਲਰਾਂ ਦੇ ਖਰਚੇ ਬਾਅਦ ਅਮਰੀਕਾ ਦੇ ਏਅਰਪੋਰਟ ਤੋਂ ਹੀ ਕਿਸੇ ਹੋਰ ਨਾਲ ਚਲੀ ਜਾਂਦੀ ਹੈ। ਇਸ ਤਰ੍ਹਾਂ ਇਹ ਪੁਸਤਕ ਸੱਚ ਮੁੱਚ ਹੀ ਜ਼ਖ਼ਮੀ ਮੁਹੱਬਤਾਂ ਅਤੇ ਜ਼ਖ਼ਮੀ ਪ੍ਰਦੇਸ਼ਨਾਮੇ ਦੀ ਬਾਤ ਪਾਉਂਦੀ ਹੈ। ਚੀਮਾ ਲਿਖਦਾ ਹੈ ਕਿ ਆਪਣੇ ਪੰਜਾਬੀ ਜਾਨ ਤੇ ਖੇਡਕੇ ਏਨੀਆਂ ਮੁਸੀਬਤਾਂ ਝੱਲ ਕੇ ਤਾਂ ਪੱਕੇ ਹੁੰਦੇ ਨੇ ਤੇ ਇੰਡੀਆ ਆ ਕੇ ਵਿਆਹ ਕਰਵਾ ਕੇ ਕਿਸੇ ਕੁੜੀ ਨੂੰ ਸਿੱਧਿਆਂ ਜਹਾਜ਼ ਬਿਠਾ ਕੇ ਇੱਥੇ ਲਿਆਉਂਦੇ ਹਨ ਤੇ ਉਦੋਂ ਬੜਾ ਦੁੱਖ ਆਉਂਦਾ ਹੈ ਜਦੋਂ ਉਹ ਇੱਥੇ ਆਕੇ ਆਪਣੇ ਆਦਮੀ ਨੂੰ ਅੱਖਾਂ ਦਿਖਾਉਣ ਲੱਗ ਜਾਂਦੀਆਂ ਹਨ ਅਤੇ ਆਪਣੇ ਖਸਮ ਦੀ ਕੁਰਬਾਨੀ ਨੂੰ ਭੁੱਲ ਜਾਂਦੀਆਂ ਹਨ। ਦੁੱਖਾਂ ਦੀ ਦਾਸਤਾਨ ਸਾਂਝੀ ਕਰਦਿਆਂ ਚੀਮਾ ਅੱਗੇ ਲਿਖਦਾ ਹੈ ਕਿ ਜਿੰਨੇ ਵੀ ਯਾਰ ਦੋਸਤ, ਰਿਸ਼ਤੇਦਾਰ ਮਿਲੇ, ਬੱਸ ਸਾਰਿਆਂ ਨੇ ਹੀ ਰੱਜ ਰੱਜ ਲੁੱਟਿਆ। ਆਪ ਵੀ ਲੁੱਟਿਆ ਤੇ ਦੂਜਿਆਂ ਨੂੰ ਵੀ ਕਹਿਣਾ ਕਿ ਇਸ ਨੂੰ ਲੁੱਟ ਲਓ ਜਿੰਨਾ ਲੁੱਟ ਹੁੰਦੇ। ਇਸ ਤਰ੍ਹਾਂ ਇਸ ਦਰਦ ਭਰੇ ਪਲਾਂ ਹੋਰ ਵੀ ਭਾਰੀ ਹੋ ਜਾਂਦੇ ਹਨ ਜਦ ਉਹ ਆਪਣੇ ਮਾਂ ਬਾਪ ਨੂੰ ਵੀ ਖੋਹ ਬੈਠਦਾ ਹੈ। ਉੱਪਰੋਂ ਉਸਦੇ ਕਾਰੋਬਾਰੀ ਹਿੱਸੇਦਾਰ ਐਡ ਵੀ ਉਸ ਨਾਲ ਭਲੀ ਨਹੀਂ ਗੁਜ਼ਾਰਦਾ। ਇਸ ਵਾਰੇ ਚੀਮੇ ਦਾ ਮੰਨਣਾ ਹੈ ਕਿ ਧੋਖਾ ਦੇਣ ਵਾਲਾ ਆਪਣੇ ਆਪ ਨੂੰ ਬੜਾ ਚਲਾਕ ਸਮਝਦਾ ਹੈ। ਪਰ ਹੁੰਦਾ ਉਹ ਸਭ ਤੋਂ ਵੱਡਾ ਬੇਈਮਾਨ ਹੀ ਹੈ। ਬੰਦਾ ਬੰਦੇ ਤੋਂ ਚੋਰੀ ਕਰ ਸਕਦਾ ਹੈ ਪਰ ਇੱਕ ਨਾ ਇੱਕ ਦਿਨ ਬੁਰੇ ਦਾ ਬੁਰਾ ਹੀ ਹੁੰਦਾ ਹੈ।ਜਦ ਤੱਕ ਬੁਰਾ ਬੰਦੇ ਨੂੰ ਸਮਝ ਆਉਂਦੀ ਹੈ ਉਦੋਂ ਤੱਕ ਦੇਰੀ ਹੋ ਗਈ ਹੁੰਦੀ ਹੈ।

ਪਰਵਾਸ ਦਾ ਸਭ ਤੋਂ ਵੱਡਾ ਦੁੱਖ ਹੁੰਦਾ ਹੈ ਆਪਣੇ ਦੁੱਖ ਸੁੱਖ ਵਿੱਚ ਵੀ ਨਾ ਪਹੁੰਚ ਸਕਣਾ। ਮਾਂ ਦੀ ਬਿਮਾਰੀ ਦਾ ਪਤਾ ਲੈਣ ਦਸ ਸਾਲ ਬਾਅਦ ਦੇਸ਼ ਆਉਣ ਤੇ ਵੀ ਸਮੱਸਿਆਵਾਂ ਅਮਰਜੀਤ ਚੀਮੇ ਦਾ ਪਿੱਛਾ ਨਹੀਂ ਛੱਡਦੀਆਂ। ਏਧਰ ਆਕੇ ਉਹ ਜਾਣਦਾ ਹੈ ਕਿ ਇਸ ਦੇਸ਼ ਵਿੱਚ ਸ਼ਰਾਬ ਪੀਕੇ ਵੀ ਡਰਾਈਵਰ ਗੱਡੀ ਚਲਾ ਸਕਦਾ ਹੈ। ਕਿਵੇਂ ਇੱਥੇ ਸਰਕਾਰੀ ਮੁਲਾਜ਼ਮ ਆਪਣੇ ਹੀ ਮਹਿਕਮੇ ਨੂੰ ਘਾਟੇ ਵਿੱਚ ਲਿਜਾਂਦੇ ਹਨ, ਕਿਵੇਂ ਕੁੱਤੀ ਚੋਰਾਂ ਨਾਲ ਰਲੀ ਹੋਈ ਹੈ? "ਘਰ ਵਿੱਚ ਪਹੁੰਚ ਕੇ ਜਦ ਉਸਦੇ ਕੰਨ ਸੁਣਦੇ ਹਨ," ਬਸ ਦੋ ਘੰਟੇ ਹੀ ਹੋਏ ਹਨ ਮਾਂ ਦੀ ਮੌਤ ਹੋ ਗਈ, ਜੇਕਰ ਥੋੜਾ ਚਿਰ ਪਹਿਲਾਂ ਆਇਆ ਹੁੰਦਾ ਤਾਂ ਮਾਂ ਨੂੰ ਮਿਲ ਲੈਂਦਾ।" ਪੁਸਤਕ ਵਿਚ ਹੱਡਬੀਤੀ ਦਾਸਤਾਨ ਕਰਦਿਆਂ ਉਹ ਬੜੀ ਬੇਬਾਕੀ ਨਾਲ ਹਰੇਕ ਗੱਲ ਕਹਿੰਦਾ ਹੈ। ਕਦੇ ਕਦੇ ਮੈਨੂੰ ਹੈਰਾਨੀ ਹੁੰਦੀ ਹੈ ਸਾਡੇ ਪੰਜਾਬੀ ਮਾਂ ਬੋਲੀ ਦੇ ਪਹਿਰੇਦਾਰ ਬਣੇ, ਭਾਸ਼ਾ ਵਿਭਾਗ, ਸਾਹਿਤਕ ਅਕਾਡਮੀ ਤੇ ਹੋਰ ਪ੍ਰਮੁੱਖ ਸੰਸਥਾਵਾਂ ਤੇ, ਕਿ ਕਿਸੇ ਦੀ ਨਜ਼ਰ ਇਸ ਪੁਸਤਕ ਤੇ ਕਿਉਂ ਨਹੀਂ ਪੈਂਦੀ। ਪਰ ਉਹ ਤਾਂ ਆਪ ਪਹਿਲਾਂ ਹੀ ਰੁੱਝੇ ਹੋਏ ਨੇ ਕਿਸੇ ਨੂੰ ਆਪਣਾ, ਕਿਸੇ ਨੂੰ ਭਾਈ ਭਤੀਜੇ ਦਾ ਤੇ ਕਿਸੇ ਨੂੰ ਦੋਸਤ ਦਾ ਆਖਿਰ ਦੁਨੀਆਂਦਾਰ ਜੋ ਹੋਏ। ਇੱਕ ਵਾਰ ਮੈ ਕਿਤੇ ਪੜਿਆ ਸੀ ਕਿ ਪਾਏਦਾਰ ਸਾਹਿਤਕ ਕਿਰਤ ਆਪਣਾ ਮੁੱਲ ਪੁਆ ਹੀ ਲੈਂਦੀ ਹੈ। ਵੱਡੀ ਗੱਲ ਲੇਖਕ ਅਮਰਜੀਤ ਚੀਮਾ ਸਾਹਿਤਕ ਜੁਗਾੜਬੰਦੀ ਤੋਂ ਵੀ ਬੇਲਾਗ ਹੈ ਜਾਂ ਉਸ ਦੀ ਜ਼ਮੀਰ ਨੇ ਉਸ ਨੂੰ ਇਹਨਾਂ ਜੁਗਲਬੰਦੀਆਂ ਤੋਂ ਬਚਾਈ ਰੱਖਿਆ ਹੈ। ਵਤਨੋਂ ਹਜ਼ਾਰਾਂ ਕਿਲੋਮੀਟਰ ਦੂਰ ਬੈਠੇ ਹੋਣ ਕਰਕੇ ਵੀ ਉਸ ਲਈ ਅਜਿਹਾ ਕੁਝ ਸੰਭਵ ਨਹੀਂ। ਨਹੀਂ ਤਾਂ ਮਾਤੜ ਵਰਗੇ ਦੀ ਕਿਤਾਬ ਨੂੰ ਵੱਡੇ ਵੱਡੇ ਇਨਾਮ ਦਿੱਤੇ ਜਾਂਦੇ ਹਨ। ਇਹ ਸਾਡੇ ਮੁਲਕ ਦੀ ਵਿਲੱਖਣਤਾ ਹੈ ਦੂਜੇ ਮੁਲਕਾਂ ਦੇ ਮੁਕਾਬਲੇ। ਖ਼ੈਰ, ਸਮਾਪਤੀ ਵੱਲ ਆਈਏ। ਆਪਣੇ ਮੁਲਕ ਭਾਰਤ ਵਿਚ ਥਾਂ ਥਾਂ ਤੇ ਰਿਸ਼ਵਤ ਲੈਣ ਵਾਲਿਆਂ ਦੀ ਵੀ ਘਾਟ ਨਹੀਂ। ਉਹਨਾਂ ਵਾਰੇ ਉਹ ਆਪਣੇ ਗੀਤ ਦੀ ਲਾਈਨ ਗੁਣਗੁਣਾਉਂਦਾ ਹੈ,"ਆ ਕੇ ਜਵਾਨੀ ਲੰਘ ਗਈ, ਤੈਨੂੰ ਭੋਲਿਆ ਅਕਲ ਨਾ ਆਈ। ਇਸ ਤਰ੍ਹਾਂ ਉਹ ਪੰਜਾਬ ਆਉਂਦਾ ਹੈ ਤਾਂ ਉਸ ਲਈ ਫਿਰ ਰਿਸ਼ਤੇ ਦੀ ਗੱਲ ਹੁੰਦੀ ਹੈ, ਇਹ ਰਿਸ਼ਤਾ ਉਸ ਲਈ ਪੂਰ ਚੜਨ ਵਾਲਾ, ਜ਼ਿੰਦਗੀ ਭਰ ਦੇ ਸਾਥ ਵਾਲਾ ਹੋ ਨਿੱਬੜਿਆ। ਕਸ਼ਮੀਰ ਕੌਰ ਦੀ ਕੁੜੀ ਨਾਲ ਵਿਆਹ ਕਰਵਾਉਣ ਉਪਰੰਤ ਅਮਰਜੀਤ ਚੀਮਾ ਤਿੰਨ ਬੱਚੇ,ਦੋ ਬੇਟੇ ਇੱਕ ਬੇਟੀ ਦਾ ਬਾਪ ਬਣਕੇ ਦੁਨੀਆਂ ਦੇ ਕਬੀਲਦਾਰਾਂ ਵਿਚ ਸ਼ੁਮਾਰ ਹੋ ਗਿਆ।




ਆਪਣੇ ਤੇ ਬੱਚਿਆਂ ਦੀ ਜ਼ਿੰਦਗੀ ਵਿੱਚ ਬਣੇ ਹੋਏ ਬਦਲਾਅ ਵਾਰੇ ਸੰਖੇਪ ਵਿੱਚ ਲਿਖਿਆ ਹੈ, ਮੈਨੂੰ ਹਮੇਸ਼ਾ ਯਾਦ ਰਿਹਾ ਕਿ ਮੈਨੂੰ ਮੇਰੇ ਡੈਡੀ ਨੇ ਕਾਲਜ ਜਾਣ ਵੇਲੇ ਇੱਕ ਬਾਜ਼ੀਗਰ ਕੋਲੋਂ 67 ਰੁਪਏ ਦਾ ਸਾਇਕਲ ਲੈਕੇ ਦਿੱਤਾ, ਟਾਇਰ ਉਹ ਦੇ ਗਲੇ ਹੋਇਏ, ਹੈਂਡ ਪੰਪ ਹਰ ਵੇਲੇ ਕੋਲ, ਜਿੱਥੇ ਹਵਾ ਨਿੱਕਲ ਗਈ, ਭਰਲੀ। ਪਰ ਅੱਜ ਕੱਲ੍ਹ ਦੇ ਜਵਾਕਾਂ ਤੇ ਕੋਈ ਅਸਰ ਨਹੀਂ, ਕੁਝ ਕਹੋ ਤਾਂ ਕੋਲੋਂ ਉੱਠ ਕੇ ਆਪਣੇ ਰੂਮ ਵਿੱਚ ਚਲੇ ਜਾਂਦੇ ਹਨ। ਫਿਰ ਮੈਂ ਕਿਹਾ ਪੁੱਤਰੋ ਇਹ ਵੱਖਰੇ ਰੂਮ ਵੀ ਡੈਡੀ ਕਰਕੇ ਹੀ ਹਨ। ਅਖੀਰ ਗੱਲ ਮੁੱਕਦੀ ਹੈ ਕਿ ਕਿਵੇਂ ਇੱਕ ਲੰਮੀ ਉਡੀਕ ਬਾਅਦ ਆਪਣੇ ਪਰਿਵਾਰ ਨੂੰ ਆਪਣੇ ਕੋਲ ਅਮਰੀਕਾ ਬੁਲਾਇਆ ਜਾਂਦਾ ਹੈ। ਮੇਰੀਆਂ ਜ਼ਖ਼ਮੀ ਮੁਹੱਬਤਾਂ ਅਤੇ ਮੇਰੇ ਜ਼ਖ਼ਮੀ ਪ੍ਰਦੇਸ਼ਨਾਮੇ ਦੀ ਸ਼ੁਰੂਆਤ ਆਪਣੇ ਲਿਖੇ ਰਿਕਾਰਡ ਗੀਤ ਤੋਂ ਕਰਦਾ ਹੈ ਅਮਰਜੀਤ ਚੀਮਾ।

ਤੇਰੇ ਤੇ ਹੱਕ ਜਤਾ ਬੈਠੇ, ਹਰ ਸ਼ੈ ਤੋਂ ਵੱਧ ਕੇ ਚਾਅ ਬੈਠੇ
ਇਹੋ ਗਲਤੀ ਸਾਡੀ ਜ਼ਿੰਦਗੀ ਸਾਰੀ ਲੈ ਬੈਠੀ
ਜਾ ਨੀ ਝੂਠੀਏ ਸਾਨੂੰ ਤੇਰੀ ਯਾਰੀ ਲੈ ਬੈਠੀ।

- ਅਵਤਾਰ ਸਿੰਘ ਰਾਏਸਰ ਬਰਨਾਲਾ
91-98143-21087

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਵਿਸ਼ਵ ਬਾਲ ਮਜ਼ਦੂਰੀ ਵਿਰੁੱਧ ਦਿਵਸ 12 ਜੂਨ 2025 'ਤੇ ਵਿਸ਼ੇਸ



ਡਾ. ਸੰਦੀਪ ਘੰਡ

ਹਰ ਸਾਲ 12 ਜੂਨ ਨੂੰ ਮਨਾਇਆ ਜਾਣ ਵਾਲਾ ਅੰਤਰ-ਰਾਸ਼ਟਰੀ ਬਾਲ ਮਜ਼ਦੂਰੀ ਵਿਰੋਧੀ ਦਿਵਸ, ਬਾਲ ਮਜ਼ਦੂਰੀ ਵਿਰੁੱਧ ਵਿਸ਼ਵਵਿਆਪੀ ਲਹਿਰ ਨੂੰ ਉਤਸ਼ਾਹਿਤ ਕਰਨ ਲਈ ਮਨਾਇਆ ਜਾਂਦਾ ਹੈ।ਬਾਲ ਮਜ਼ਦੂਰੀ ਵਿਰੁੱਧ ਮਨਾਏ ਜਾਣ ਵਾਲੇ ਵਿਸ਼ਵ ਪੱਧਰੀ ਦਿਵਸ ਦੀ ਸ਼ੁਰੂਆਤ ਅੰਤਰਰਾਸ਼ਟਰੀ ਕਿਰਤ ਸੰਗਠਨ ਵੱਲੋਂ ਪਹਿਲੀ ਵਾਰ 2002 ਵਿੱਚ ਸ਼ੁਰੂ ਕੀਤੀ ਗਈ। ਇਸ ਦਾ ਮਕਸਦ ਅੰਤਰ-ਰਾਸ਼ਟਰੀ ਪੱਧਰ ਤੇ ਬਾਲ ਮਜ਼ਦੂਰੀ ਨੂੰ ਰੋਕਣ ਅਤੇ ਤੇਜੀ ਨਾਲ ਇਸ ਸਬੰਧੀ ਲੋਕਾਂ ਨੂੰ ਜਾਗਰੂਕ ਕਰਨਾ ਹੈ। ਰੁਜ਼ਗਾਰ ਲਈ ਘੱਟੋ-ਘੱਟ ਉਮਰ ਅਤੇ ਬਾਲ ਮਜ਼ਦੂਰੀ ਦੇ ਸਭ ਤੋਂ ਭੈੜੇ ਰੂਪਾਂ 'ਤੇ ਪ੍ਰਵਾਨਗੀ ਦੁਆਰਾ ਪ੍ਰੇਰਿਤ ਹੋਇਆ ਸੀ।ਪਰ ਫੇਰ ਵੀ ਅੱਜ ਅਸੀ ਦੇਖਦੇ ਹਾਂ ਕਿ ਬੱਚੇ ਹੋਟਲਾਂ ਤੇ ਕੰਮ ਕਰ ਰਹੇ ਹਨ। ਸੜਕਾਂ ਤੇ ਲਾਈਟਾਂ ਤੇ ਭੀਖ ਮੰਗ ਰਹੇ ਹਨ ਨਸ਼ੇ ਕਰਨ ਲੱਗਦੇ ਹਨ।

ਸੰਯੁਕਤ ਰਾਸ਼ਟਰ ਮਹਾਸਭਾ ਨੇ ਬਾਲ ਮਜ਼ਦੂਰੀ ਦੀ ਵਿਸ਼ਾਲਤਾ ਨੂੰ ਸਵੀਕਾਰ ਕਰਦੇ ਹੋਏ, ਸਰਬਸੰਮਤੀ ਨਾਲ 2025 ਨੂੰ ਬਾਲ ਮਜ਼ਦੂਰੀ ਦੇ ਖਾਤਮੇ ਲਈ ਅੰਤਰਰਾਸ਼ਟਰੀ ਸਾਲ ਵਜੋਂ ਘੋਸ਼ਿਤ ਕਰਨ ਵਾਲਾ ਮਤਾ ਪਾਸ ਕੀਤਾ ਅਤੇ ਅੰਤਰ-ਰਾਸ਼ਟਰੀ ਕਿਰਤ ਸਗੰਠਨ ਨੂੰ ਇਸ ਨੂੰ ਲਾਗੂ ਕਰਨ ਵਿੱਚ ਅਗਵਾਈ ਕਰਨ ਲਈ ਕਿਹਾ। ਇਹ ਦਿਨ ਸਰਕਾਰਾਂ, ਸਥਾਨਕ ਅਧਿਕਾਰੀਆਂ, ਸਿਵਲ ਸਮਾਜ ਅਤੇ ਅੰਤਰਰਾਸ਼ਟਰੀ, ਕਾਮਿਆਂ ਅਤੇ ਮਾਲਕਾਂ ਦੇ ਸੰਗਠਨਾਂ ਨੂੰ ਬਾਲ ਮਜ਼ਦੂਰੀ ਸਮੱਸਿਆ ਵੱਲ ਇਸ਼ਾਰਾ ਕਰਨ ਅਤੇ ਬਾਲ ਮਜ਼ਦੂਰਾਂ ਦੀ ਮਦਦ ਲਈ ਦਿਸ਼ਾ-ਨਿਰਦੇਸ਼ਾਂ ਨੂੰ ਪਰਿਭਾਸ਼ਿਤ ਕਰਨ ਲਈ ਇਕੱਠੇ ਕਰਦਾ ਹੈ।

ILO ਦੇ ਅੰਕੜਿਆਂ ਅਨੁਸਾਰ, ਦੁਨੀਆ ਭਰ ਵਿੱਚ ਕਰੋੜਾਂ ਬੱਚੇ (ਲੜਕੇ/ਲੜਕੀਆਂ) ਅਜਿਹੇ ਕੰਮ ਵਿੱਚ ਸ਼ਾਮਲ ਹਨ ਜੋ ਉਹਨਾਂ ਨੂੰ ਨਾ-ਕੇਵਲ ਲੋੜੀਂਦੀ ਸਿੱਖਿਆ , ਸਿਹਤ, ਮਨੋਰੰਜਨ ਅਤੇ ਬੁਨਿਆਦੀ ਅਜ਼ਾਦੀਆਂ ਪ੍ਰਾਪਤ ਕਰਨ ਤੋਂ ਵਾਂਝਾ ਰੱਖਦੇ ਹਨ, ਇਹ ਇੱਕ ਤਰ੍ਹਾਂ ਨਾਲ ਉਹਨਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਦੇ ਹਨ। ਇਹਨਾਂ ਬੱਚਿਆਂ ਵਿੱਚੋਂ, ਅੱਧੇ ਤੋਂ ਵੱਧ ਬਾਲ ਮਜ਼ਦੂਰੀ ਦੇ ਸਭ ਤੋਂ ਭੈੜੇ ਰੂਪਾਂ ਦਾ ਸਾਹਮਣਾ ਕਰ ਰਹੇ ਹਨ। ਬਾਲ ਮਜ਼ਦੂਰੀ ਦੇ ਇਹਨਾਂ ਸਭ ਤੋਂ ਭੈੜੇ ਰੂਪਾਂ ਵਿੱਚ ਖਤਰਨਾਕ ਵਾਤਾਵਰਣ ਵਿੱਚ ਕੰਮ, ਗੁਲਾਮੀ, ਜਾਂ ਜ਼ਬਰਦਸਤੀ ਮਜ਼ਦੂਰੀ ਦੇ ਹੋਰ ਰੂਪ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਵੇਸਵਾਗਮਨੀ ਵਰਗੀਆਂ ਗੈਰ-ਕਾਨੂੰਨੀ ਗਤੀਵਿਧੀਆਂ ਅਤੇ ਨਾਲ ਹੀ ਹਥਿਆਰਬੰਦ ਸੰਘਰਸ਼ ਵਿੱਚ ਸ਼ਾਮਲ ਹੋਣਾ ਸ਼ਾਮਲ ਹੈ।2025 ਦਾ ਵਿਸ਼ਵ ਬਾਲ ਮਜਦੂਰ ਦਿਵਸ ਇੱਕ ਮਹੱਤਵਪੂਰਨ ਮੀਲ ਪੱਥਰ 'ਤੇ ਕੇਂਦ੍ਰਿਤ ਹੋਵੇਗਾ।

2025 ਦੇ ਵਿਸ਼ਵਵਿਆਪੀ ਅਨੁਮਾਨਾਂ ਅਤੇ ਬਾਲ ਮਜ਼ਦੂਰੀ ਦੇ ਰੁਝਾਨਾਂ ਦਾ ਜਾਰੀ ਹੋਣਾ।

ਅੰਤਰਰਾਸ਼ਟਰੀ ਕਿਰਤ ਸੰਗਠਨ ਅਤੇ ਯੂਨੀਸੈਫ ਦੀ ਸਾਂਝੀ ਰਿਪੋਰਟ ਬਾਲ ਮਜ਼ਦੂਰੀ ਨੂੰ ਖਤਮ ਕਰਨ ਲਈ ਸਾਡੀਆਂ ਵਿਸ਼ਵਵਿਆਪੀ ਵਚਨਬੱਧਤਾਵਾਂ ਵਿੱਚ ਅਸੀਂ ਕਿੱਥੇ ਖੜ੍ਹੇ ਹਾਂ, ਇਸ ਬਾਰੇ ਇੱਕ ਵਿਆਪਕ ਸੰਖੇਪ ਜਾਣਕਾਰੀ ਪ੍ਰਦਾਨ ਕਰੇਗੀ। ਹਾਲਾਂਕਿ ਵਿਸਤ੍ਰਿਤ ਡੇਟਾ ਅਜੇ ਉਪਲਬਧ ਨਹੀਂ ਹੈ, ਪਰ ਪਛਾਣੇ ਗਏ ਅਨੁਮਾਨ ਅਤੇ ਰੁਝਾਨ ਨੀਤੀਗਤ ਬਹਿਸਾਂ ਨੂੰ ਸੇਧ ਦੇਣਗੇ ਅਤੇ ਨਵੀਂ ਵਚਨਬੱਧਤਾ ਅਤੇ ਨਿਵੇਸ਼ ਦੀ ਮੰਗ ਕਰਨਗੇ।ਇਸ ਵਿਸ਼ਵ ਦਿਵਸ 'ਤੇ, ਅਸੀਂ ਘੱਟੋ-ਘੱਟ ਉਮਰ 'ਤੇ ਅੰਤਰ-ਰਾਸ਼ਟਰੀ ਕਿਰਤ ਸਗੰਠਨ ਕਨਵੈਨਸ਼ਨ ਦੀ ਪੂਰੀ ਪੁਸ਼ਟੀ ਅਤੇ ਬਾਲ ਮਜ਼ਦੂਰੀ ਦੇ ਸਭ ਤੋਂ ਭੈੜੇ ਰੂਪਾਂ 'ਤੇ ਕਨਵੈਨਸ਼ਨ ਦੇ ਫੈਸਲੇ ਨੂੰ ਲਾਗੂ ਕਰਨ ਦੀ ਮੰਗ ਕਰਨਗੇ।

ਹੁਣ ਸਮਾਂ ਆ ਗਿਆ ਹੈ ਕਿ ਬਾਲ ਮਜ਼ਦੂਰੀ ਦੇ ਖਾਤਮੇ ਨੂੰ ਹਕੀਕਤ ਬਣਾਇਆ ਜਾਵੇ।.ਲੋੌ ਸਰਕਾਰਾਂ, ਮਾਲਕਾਂ ਅਤੇ ਕਾਮਿਆਂ ਦੇ ਸੰਗਠਨਾਂ, ਸਿਵਲ ਸੁਸਾਇਟੀ ਅਤੇ ਅੰਤਰ-ਰਾਸ਼ਟਰੀ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਦਾ ਹੈ ਤਾਂ ਜੋ ਬਾਲ ਮਜ਼ਦੂਰੀ ਦੇ ਮੂਲ ਕਾਰਨਾਂ ਨੂੰ ਸੰਬੋਧਿਤ ਕਰਨ ਵਾਲੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦਾ ਸਮਰਥਨ ਕੀਤਾ ਜਾ ਸਕੇ - ਬਾਲ ਸੰਯੁਕਤ ਰਾਸ਼ਟਰ ਦੀਆਂ ਏਜੰਸੀਆਂ ਅਤੇ ਬਾਲ ਮਜ਼ਦੂਰੀ ਤੋਂ ਮੁਕਤ ਦੁਨੀਆ ਬਣਾਉਣ ਲਈ ਵਚਨਬੱਧ ਵਿਅਕਤੀਆਂ ਦੇ ਨਾਲ ਸਮਾਜਿਕ ਸੁਰੱਖਿਆ, ਸਿੱਖਿਆ ਪ੍ਰਣਾਲੀਆਂ ਅਤੇ ਬਾਲਗਾਂ ਅਤੇ ਨੌਜਵਾਨਾਂ ਲਈ ਵਧੀਆ ਕੰਮ ਦੇ ਮੌਕੇ ਮਜ਼ਬੂਤ ਕਰਨੇ। ਮਜ਼ਦੂਰੀ ਵਿਰੁੱਧ ਵਿਸ਼ਵ ਦਿਵਸ ਨੂੰ ਇਹਨਾਂ ਅਦਾਕਾਰਾਂ ਦੁਆਰਾ ਵਿਆਪਕ ਤੌਰ 'ਤੇ ਸਮਰਥਨ ਦਿੱਤਾ ਜਾਂਦਾ ਹੈ, ਹਰ ਕਿਸੇ ਦੀ ਭੂਮਿਕਾ ਹੈ: ਅਸੀਂ ਤੁਹਾਨੂੰ ਅਤੇ ਤੁਹਾਡੀ ਸੰਸਥਾ ਨੂੰ ਸਾਡੇ ਨਾਲ ਜੁੜਨ ਅਤੇ ਬਾਲ ਮਜ਼ਦੂਰੀ ਵਿਰੁੱਧ ਵਿਸ਼ਵਵਿਆਪੀ ਅੰਦੋਲਨ ਵਿੱਚ ਆਪਣੀ ਆਵਾਜ਼ ਜੋੜਨ ਲਈ ਸੱਦਾ ਦਿੰਦੇ ਹਾਂ।



ਆ ਹਰ ਜਗ੍ਹਾ ਬਾਲ ਮਜ਼ਦੂਰੀ ਨੂੰ ਖਤਮ ਕਰਨ ਦੇ ਯਤਨਾਂ ਨੂੰ ਤੇਜ਼ ਕਰੀਏ!

ਬੱਚਿਆਂ ਦੁਆਰਾ ਕੀਤੇ ਗਏ ਸਾਰੇ ਕੰਮ ਨੂੰ ਬਾਲ ਮਜ਼ਦੂਰੀ ਵਜੋਂ ਸ਼੍ਰੇਣੀਬੱਧ ਨਹੀਂ ਕੀਤਾ ਜਾਣਾ ਚਾਹੀਦਾ ਜਿਸਨੂੰ ਖਤਮ ਕਰਨ ਲਈ ਨਿਸ਼ਾਨਾ ਬਣਾਇਆ ਜਾਣਾ ਚਾਹੀਦਾ ਹੈ। ਘੱਟੋ-ਘੱਟ ਉਮਰ ਤੋਂ ਵੱਧ ਉਮਰ ਦੇ ਬੱਚਿਆਂ ਜਾਂ ਕਿਸ਼ੋਰਾਂ ਦੀ ਰੁਜ਼ਗਾਰ ਵਿੱਚ ਦਾਖਲੇ ਲਈ ਭਾਗੀਦਾਰੀ ਜੋ ਉਨ੍ਹਾਂ ਦੀ ਸਿਹਤ ਅਤੇ ਨਿੱਜੀ ਵਿਕਾਸ ਨੂੰ ਪ੍ਰਭਾਵਤ ਨਹੀਂ ਕਰਦੀ ਜਾਂ ਉਨ੍ਹਾਂ ਦੀ ਸਕੂਲੀ ਪੜ੍ਹਾਈ ਵਿੱਚ ਵਿਘਨ ਨਹੀਂ ਪਾਉਂਦੀ, ਨੂੰ ਆਮ ਤੌਰ 'ਤੇ ਕੁਝ ਸਕਾਰਾਤਮਕ ਮੰਨਿਆ ਜਾਂਦਾ ਹੈ। ਇਸ ਵਿੱਚ ਪਰਿਵਾਰਕ ਕਾਰੋਬਾਰ ਵਿੱਚ ਸਹਾਇਤਾ ਕਰਨਾ ਜਾਂ ਸਕੂਲ ਦੇ ਸਮੇਂ ਤੋਂ ਬਾਹਰ ਅਤੇ ਸਕੂਲ ਦੀਆਂ ਛੁੱਟੀਆਂ ਦੌਰਾਨ ਜੇਬ ਖਰਚ ਕਮਾਉਣਾ ਵਰਗੀਆਂ ਗਤੀਵਿਧੀਆਂ ਸ਼ਾਮਲ ਹਨ। ਇਸ ਤਰ੍ਹਾਂ ਦੀਆਂ ਗਤੀਵਿਧੀਆਂ ਬੱਚਿਆਂ ਦੇ ਵਿਕਾਸ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਵਿੱਚ ਯੋਗਦਾਨ ਪਾਉਂਦੀਆਂ ਹਨ; ਉਹ ਉਨ੍ਹਾਂ ਨੂੰ ਹੁਨਰ ਅਤੇ ਤਜਰਬਾ ਪ੍ਰਦਾਨ ਕਰਦੀਆਂ ਹਨ, ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਬਾਲਗ ਜੀਵਨ ਦੌਰਾਨ ਸਮਾਜ ਦੇ ਉਤਪਾਦਕ ਮੈਂਬਰ ਬਣਨ ਲਈ ਤਿਆਰ ਕਰਨ ਵਿੱਚ ਮਦਦ ਕਰਦੀਆਂ ਹਨ।

ਬਾਲ ਮਜ਼ਦੂਰੀ ਸ਼ਬਦ ਨੂੰ ਅਕਸਰ ਉਸ ਕੰਮ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ ਬੱਚਿਆਂ ਨੂੰ ਉਨ੍ਹਾਂ ਦੇ ਬਚਪਨ, ਉਨ੍ਹਾਂ ਦੀ ਸਮਰੱਥਾ ਅਤੇ ਉਨ੍ਹਾਂ ਦੇ ਮਾਣ ਤੋਂ ਵਾਂਝਾ ਕਰਦਾ ਹੈ, ਅਤੇ ਜੋ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਨੁਕਸਾਨਦੇਹ ਹੁੰਦਾ ਹੈ।ਇਹ ਉਸ ਕੰਮ ਦਾ ਹਵਾਲਾ ਦਿੰਦਾ ਹੈ ਜੋ ਮਾਨਸਿਕ, ਸਰੀਰਕ, ਸਮਾਜਿਕ ਜਾਂ ਨੈਤਿਕ ਤੌਰ 'ਤੇ ਖ਼ਤਰਨਾਕ ਅਤੇ ਬੱਚਿਆਂ ਲਈ ਨੁਕਸਾਨਦੇਹ ਹੈ; ਅਤੇ/ਜਾਂ ਉਹਨਾਂ ਦੀ ਸਕੂਲੀ ਪੜ੍ਹਾਈ ਵਿੱਚ ਵਿਘਨ ਪਾਉਂਦਾ ਹੈ: ਉਹਨਾਂ ਨੂੰ ਸਕੂਲ ਜਾਣ ਦੇ ਮੌਕੇ ਤੋਂ ਵਾਂਝਾ ਕਰਕੇ; ਉਹਨਾਂ ਨੂੰ ਸਮੇਂ ਤੋਂ ਪਹਿਲਾਂ ਸਕੂਲ ਛੱਡਣ ਲਈ ਮਜਬੂਰ ਕਰਕੇ; ਜਾਂ ਉਹਨਾਂ ਨੂੰ ਸਕੂਲੀ ਹਾਜ਼ਰੀ ਨੂੰ ਬਹੁਤ ਜ਼ਿਆਦਾ ਲੰਬੇ ਅਤੇ ਭਾਰੀ ਕੰਮ ਨਾਲ ਜੋੜਨ ਦੀ ਕੋਸ਼ਿਸ਼ ਕਰਨ ਲਈ ਮਜਬੂਰ ਕਰਕੇ।

### ਬਾਲ ਮਜ਼ਦੂਰੀ ਦੇ ਸਭ ਤੋਂ ਭੈੜੇ ਰੂਪ

ਬਾਲ ਮਜ਼ਦੂਰੀ ਦੇ ਸਭ ਤੋਂ ਭੈੜੇ ਰੂਪਾਂ ਵਿੱਚ ਅਕਸਰ ਬਹੁਤ ਛੋਟੀ ਉਮਰ ਵਿੱਚ ਬੱਚਿਆਂ ਨੂੰ ਗੁਲਾਮ ਬਣਾਇਆ ਜਾਣਾ, ਉਨ੍ਹਾਂ ਦੇ ਪਰਿਵਾਰਾਂ ਤੋਂ ਵੱਖ ਕਰਨਾ, ਗੰਭੀਰ ਖ਼ਤਰਿਆਂ ਅਤੇ ਬਿਮਾਰੀਆਂ ਦਾ ਸਾਹਮਣਾ ਕਰਨਾ ਅਤੇ/ਜਾਂ ਵੱਡੇ ਸ਼ਹਿਰਾਂ ਦੀਆਂ ਸੜਕਾਂ 'ਤੇ ਆਪਣੇ ਆਪ ਨੂੰ ਸੰਭਾਲਣ ਲਈ ਛੱਡ ਦੇਣਾ ਸ਼ਾਮਲ ਹੈ।

(ੳ) ਗੁਲਾਮੀ ਦੇ ਸਾਰੇ ਰੂਪ ਜਾਂ ਗੁਲਾਮੀ ਦੇ ਸਮਾਨ ਅਭਿਆਸ, ਜਿਵੇਂ ਕਿ ਬੱਚਿਆਂ ਦੀ ਵਿਕਰੀ ਅਤੇ ਤਸਕਰੀ, ਕਰਜ਼ੇ ਦੀ ਬੰਧਨ ਅਤੇ ਗੁਲਾਮੀ ਅਤੇ ਜ਼ਬਰਦਸਤੀ ਜਾਂ ਲਾਜ਼ਮੀ ਮਜ਼ਦੂਰੀ, ਜਿਸ ਵਿੱਚ ਹਥਿਆਰਬੰਦ ਸੰਘਰਸ਼ ਵਿੱਚ ਵਰਤੋਂ ਲਈ ਬੱਚਿਆਂ ਦੀ ਜ਼ਬਰਦਸਤੀ ਜਾਂ ਲਾਜ਼ਮੀ ਭਰਤੀ ਸ਼ਾਮਲ ਹੈ;

(ਅ) ਵੇਸਵਾਗਮਨੀ, ਪੋਰਨੋਗ੍ਰਾਫੀ ਦੇ ਉਤਪਾਦਨ ਜਾਂ ਪੋਰਨੋਗ੍ਰਾਫੀ ਪ੍ਰਦਰਸ਼ਨ ਲਈ ਬੱਚੇ ਦੀ ਵਰਤੋਂ, ਪ੍ਰਾਪਤੀ ਜਾਂ ਪੇਸ਼ਕਸ਼;

(ੲ) ਕਿਸੇ ਬੱਚੇ ਦੀ ਵਰਤੋਂ, ਪ੍ਰਾਪਤੀ ਜਾਂ ਪੇਸ਼ਕਸ਼ ਗੈਰ-ਕਾਨੂੰਨੀ ਗਤੀਵਿਧੀਆਂ ਲਈ, ਖਾਸ ਕਰਕੇ ਸੰਬੰਧਿਤ ਅੰਤਰਰਾਸ਼ਟਰੀ ਸੰਧੀਆਂ ਵਿੱਚ ਪਰਿਭਾਸ਼ਿਤ ਨਸ਼ੀਲੇ ਪਦਾਰਥਾਂ ਦੇ ਉਤਪਾਦਨ ਅਤੇ ਤਸਕਰੀ ਲਈ;

(ਸ) ਅਜਿਹਾ ਕੰਮ ਜੋ, ਆਪਣੀ ਪ੍ਰਕਿਰਤੀ ਜਾਂ ਹਾਲਾਤਾਂ ਅਨੁਸਾਰ, ਬੱਚਿਆਂ ਦੀ ਸਿਹਤ, ਸੁਰੱਖਿਆ ਜਾਂ ਨੈਤਿਕਤਾ ਨੂੰ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਰੱਖਦਾ ਹੈ (ਖਤਰਨਾਕ ਬਾਲ ਮਜ਼ਦੂਰੀ ਜਾਂ ਖਤਰਨਾਕ ਕੰਮ)।

### ਬਾਲ ਮਜ਼ਦੂਰੀ ਦੇ ਸਭ ਤੋਂ ਖ਼ਤਰਨਾਕ ਭੈੜੇ ਰੂਪਾਂ ਵਿੱਚੋਂ ਇੱਕ

ਖਾਸ ਤੌਰ 'ਤੇ, ਖ਼ਤਰਨਾਕ ਬਾਲ ਮਜ਼ਦੂਰੀ ਖ਼ਤਰਨਾਕ ਜਾਂ ਗੈਰ-ਸਿਹਤਮੰਦ ਹਾਲਤਾਂ ਵਿੱਚ ਕੰਮ ਹੈ ਜਿਸ ਦੇ ਨਤੀਜੇ ਵਜੋਂ ਬੱਚੇ ਦੀ ਮੌਤ ਹੋ ਸਕਦੀ ਹੈ, ਜਾਂ ਜ਼ਖਮੀ ਹੋ ਸਕਦੀ ਹੈ ਜਾਂ ਮਾੜੀ ਸੁਰੱਖਿਆ ਅਤੇ ਸਿਹਤ ਮਿਆਰਾਂ ਅਤੇ ਕੰਮ ਕਰਨ ਦੇ ਪ੍ਰਬੰਧਾਂ ਦੇ ਨਤੀਜੇ ਵਜੋਂ ਬਿਮਾਰ ਹੋ ਸਕਦੀ ਹੈ। ਇਸ ਦੇ ਨਤੀਜੇ ਵਜੋਂ ਸਥਾਈ ਅਪੰਗਤਾ, ਮਾੜੀ ਸਿਹਤ ਅਤੇ ਮਨੋਵਿਗਿਆਨਕ ਨੁਕਸਾਨ ਹੋ ਸਕਦਾ ਹੈ।

### ਖ਼ਤਰਨਾਕ ਬਾਲ ਮਜ਼ਦੂਰੀ

ਬਾਲ ਮਜ਼ਦੂਰੀ ਦੇ ਸਭ ਤੋਂ ਭੈੜੇ ਰੂਪਾਂ ਦੀ ਸਭ ਤੋਂ ਵੱਡੀ ਸ਼੍ਰੇਣੀ ਹੈ, ਜਿਸ ਵਿੱਚ ਅੰਦਾਜ਼ਨ 79 ਮਿਲੀਅਨ ਬੱਚੇ, ਜਿਨ੍ਹਾਂ ਦੀ ਉਮਰ 5-17 ਸਾਲ ਹੈ, ਖੇਤੀਬਾੜੀ, ਖਣਨ, ਉਸਾਰੀ, ਨਿਰਮਾਣ, ਦੇ ਨਾਲ-ਨਾਲ ਹੋਟਲਾਂ, ਬਾਰਾਂ, ਰੈਸਟੋਰੈਂਟਾਂ, ਬਾਜ਼ਾਰਾਂ ਅਤੇ ਘਰੇਲੂ ਸੇਵਾ ਸਮੇਤ ਵੱਖ-ਵੱਖ ਖੇਤਰਾਂ ਵਿੱਚ ਖਤਰਨਾਕ ਹਾਲਤਾਂ ਵਿੱਚ ਕੰਮ ਕਰਦੇ ਹਨ।

ਖ਼ਤਰਨਾਕ ਮਸ਼ੀਨਰੀ, ਉਪਕਰਣਾਂ ਅਤੇ ਔਜ਼ਾਰਾਂ ਨਾਲ ਕੰਮ ਕਰਨਾ, ਜਾਂ ਜਿਸ ਵਿੱਚ ਭਾਰੀ ਭਾਰ ਦੀ ਹੱਥੀਂ ਸੰਭਾਲ ਜਾਂ ਢੋਆ-ਢੁਆਈ ਸ਼ਾਮਲ ਹੋਵੇ; ਖਾਸ ਤੌਰ 'ਤੇ ਮੁਸ਼ਕਲ ਹਾਲਤਾਂ ਵਿੱਚ ਕੰਮ ਕਰਨਾ ਜਿਵੇਂ ਕਿ ਲੰਬੇ ਸਮੇਂ ਤੱਕ ਜਾਂ ਰਾਤ ਨੂੰ ਕੰਮ ਕਰਨਾ ਜਾਂ ਉਹ ਕੰਮ ਜਿੱਥੇ ਬੱਚੇ ਨੂੰ ਮਾਲਕ ਦੇ ਅਹਾਤੇ ਤੱਕ ਗੈਰ-ਵਾਜਬ ਤੌਰ 'ਤੇ ਸੀਮਤ ਰੱਖਿਆ ਜਾਂਦਾ ਹੈ।

ਬਾਲ ਮਜ਼ਦੂਰੀ ਦੀ ਗੱਲ ਕਰਦੇ ਸਮੇਂ, ਬਾਲਗ ਕਾਮਿਆਂ 'ਤੇ ਲਾਗੂ ਹੋਣ ਵਾਲੇ ਕਾਰਜ ਸਥਾਨ ਦੇ ਖ਼ਤਰੇ ਅਤੇ ਜੋਖਮ ਦੇ ਸੰਕਲਪਾਂ ਤੋਂ ਪਰੇ ਜਾਣਾ ਅਤੇ ਬਚਪਨ ਦੇ ਵਿਕਾਸ ਦੇ ਪਹਿਲੂਆਂ ਨੂੰ ਸ਼ਾਮਲ ਕਰਨ ਲਈ ਉਹਨਾਂ ਦਾ ਵਿਸਤਾਰ ਕਰਨਾ ਮਹੱਤਵਪੂਰਨ ਹੈ।

ਬੱਚਿਆਂ ਦੀਆਂ ਵਿਸ਼ੇਸ਼ ਵਿਸ਼ੇਸ਼ਤਾਵਾਂ ਅਤੇ ਜ਼ਰੂਰਤਾਂ ਹੁੰਦੀਆਂ ਹਨ। ਕੰਮ ਵਾਲੀ ਥਾਂ 'ਤੇ ਹੋਣ ਵਾਲੇ ਖਤਰਿਆਂ ਨੂੰ ਨਿਰਧਾਰਤ ਕਰਦੇ ਸਮੇਂ, ਬੱਚਿਆਂ ਦੇ ਸਰੀਰਕ, ਬੋਧਾਤਮਕ (ਵਿਚਾਰ/ਸਿਖਲਾਈ) ਅਤੇ ਵਿਵਹਾਰਕ ਵਿਕਾਸ ਅਤੇ ਭਾਵਨਾਤਮਕ ਵਿਕਾਸ 'ਤੇ ਉਨ੍ਹਾਂ ਦੇ ਪ੍ਰਭਾਵ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

ਅੰਤਰਰਾਸ਼ਟਰੀ ਕਿਰਤ ਸੰਗਠਨ/ਯੂਨੀਸੇਫ ਦੀ ਇੱਕ ਨਵੀਂ ਰਿਪੋਰਟ ਦੇ ਅਨੁਸਾਰ, ਦੁਨੀਆ ਭਰ ਵਿੱਚ ਬਾਲ ਮਜ਼ਦੂਰੀ ਵਿੱਚ ਬੱਚਿਆਂ ਦੀ ਗਿਣਤੀ 160 ਮਿਲੀਅਨ ਹੋ ਗਈ ਹੈ - ਪਿਛਲੇ ਚਾਰ ਸਾਲਾਂ ਵਿੱਚ 8।4 ਮਿਲੀਅਨ ਬੱਚਿਆਂ ਦਾ ਵਾਧਾ - ਕੋਵਿਡ-19 ਦੇ ਪ੍ਰਭਾਵਾਂ ਕਾਰਨ ਲੱਖਾਂ ਹੋਰ ਬੱਚਿਆਂ ਦੇ ਜੋਖਮ ਵਿੱਚ ਹਨ।ਭਾਰਤ ।.ਲੋੌ ਦਾ ਸੰਸਥਾਪਕ ਮੈਂਬਰ ਹੈ ਅਤੇ 1922 ਤੋਂ ।.ਲੋੌ ਗਵਰਨਿੰਗ ਬਾਡੀ ਦਾ ਸਥਾਈ ਮੈਂਬਰ ਰਿਹਾ ਹੈ। ਭਾਰਤ ਵਿੱਚ ਪਹਿਲਾ ।.ਲੋੌ ਦਫ਼ਤਰ 1928 ਵਿੱਚ ਖੋਲ੍ਹਿਆ ਗਿਆ ਸੀ।

ਬਾਲ ਮਜ਼ਦੂਰੀ ਵਿਰੁੱਧ ਵਿਸ਼ਵ ਦਿਵਸ ਦਾ ਮਹੱਤਵ ਬਾਲ ਮਜ਼ਦੂਰੀ ਦੀ ਸਮੱਸਿਆ ਵੱਲ ਧਿਆਨ ਦੇਣਾ ਅਤੇ ਇਸਨੂੰ ਖਤਮ ਕਰਨ ਦੇ ਤਰੀਕੇ ਲੱਭਣਾ ਹੈ।

ਇਸ ਦਿਨ ਦੀ ਵਰਤੋਂ ਦੁਨੀਆ ਭਰ ਵਿੱਚ ਬਾਲ ਮਜ਼ਦੂਰੀ ਲਈ ਮਜਬੂਰ ਬੱਚਿਆਂ ਦੁਆਰਾ ਦਰਪੇਸ਼ ਨੁਕਸਾਨਦੇਹ ਮਾਨਸਿਕ ਅਤੇ ਸਰੀਰਕ ਸਮੱਸਿਆਵਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਕੀਤੀ ਜਾਂਦੀ ਹੈ।

********


# ਰਾਜਸ਼ਾਹੀ ਇਤਿਹਾਸਕ ਸਬੰਧ, ਰਾਸ਼ਟਰੀ ਏਕਤਾ ਅਤੇ ਮਾਨ ਸਨਮਾਨ ਦਾ ਪ੍ਰਤੀਕ ਹੈ 'ਕਿੰਗ'ਜ਼ ਬਰਥ ਡੇਅ'

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**-ਨਿਊਜ਼ੀਲੈਂਡ ਵਿੱਚ, ਹਰ ਸਾਲ ਜੂਨ ਦੇ ਪਹਿਲੇ ਸੋਮਵਾਰ ਨੂੰ ਮਹਾਰਾਣੀ ਦਾ ਜਨਮ ਦਿਨ (ਹੁਣ ਕਿੰਗ ਦਾ ਜਨਮਦਿਨ) ਮਨਾਇਆ ਜਾਂਦਾ ਹੈ। ਸਾਲ 2024 ਵਿੱਚ, ਇਹ ਤਾਰੀਖ 3 ਜੂਨ ਸੀ। ਭਾਵੇਂ ਕਿ ਕਿੰਗ ਚਾਰਲਸ ਤੀਜੇ ਦਾ ਅਸਲ ਜਨਮਦਿਨ 14 ਨਵੰਬਰ (ਜਨਮ ਸੰਨ 1948) ਨੂੰ ਹੁੰਦਾ ਹੈ, ਨਿਊਜ਼ੀਲੈਂਡ ਵਿੱਚ ਇੱਕ ਵੱਖਰੀ ਤਾਰੀਖ ਨੂੰ ਜਨਤਕ ਛੁੱਟੀ ਵਜੋਂ ਉਨ੍ਹਾਂ ਦਾ ਜਨਮ ਦਿਨ ਮਨਾਉਣ ਦੀ ਇੱਕ ਲੰਮੀ ਪਰੰਪਰਾ ਹੈ।

ਸੋ ਨਿਊਜ਼ੀਲੈਂਡ ਕੱਲ੍ਹ 2 ਜੂਨ ਨੂੰ ਕਿੰਗ ਚਾਰਲਸ ਤੀਜੇ ਦਾ ਜਨਮਦਿਨ ਮਨਾ ਰਿਹਾ ਹੈ। ਜਨਤਕ ਛੁੱਟੀ ਹੈ। ਇਸ ਦੇ ਕਈ ਕਾਰਨ ਹਨ:

ਮੌਸਮ: ਨਿਊਜ਼ੀਲੈਂਡ ਦੱਖਣੀ ਅਰਧ ਗੋਲੇ (ਹੇਮਿਸਫੀਰ) ਵਿੱਚ ਸਥਿਤ ਹੈ, ਜਿਸ ਕਰਕੇ ਨਵੰਬਰ ਵਿੱਚ ਗਰਮੀ ਦਾ ਮੌਸਮ ਹੁੰਦਾ ਹੈ। ਜੂਨ ਵਿੱਚ, ਮੌਸਮ ਜ਼ਿਆਦਾਤਰ ਠੰਡਾ ਹੁੰਦਾ ਹੈ, ਪਰ ਇਹ ਅਕਸਰ ਇੱਕ ਅਜਿਹਾ ਸਮਾਂ ਹੁੰਦਾ ਹੈ ਜਦੋਂ ਲੋਕ ਲੰਬੇ ਵੀਕੈਂਡ ਦਾ ਆਨੰਦ ਲੈ ਸਕਦੇ ਹਨ ਅਤੇ ਬਾਹਰੀ ਗਤੀਵਿਧੀਆਂ ਵਿੱਚ ਸ਼ਾਮਿਲ ਹੋ ਸਕਦੇ ਹਨ, ਉਹ ਵੀ ਬਿਨਾਂ ਜ਼ਿਆਦਾ ਗਰਮੀ ਦੀ ਚਿੰਤਾ ਕੀਤੇ। ਇਤਿਹਾਸਕ ਤੌਰ 'ਤੇ, ਮਹਾਰਾਣੀ ਦੇ ਜਨਮ ਦਿਨ ਦੀਆਂ ਪਰੇਡਾਂ ਅਤੇ ਹੋਰ ਜਨਤਕ ਸਮਾਗਮ ਆਯੋਜਿਤ ਕੀਤੇ ਜਾਂਦੇ ਸਨ, ਜਿਨ੍ਹਾਂ ਲਈ ਜੂਨ ਦਾ ਮੌਸਮ ਵਧੇਰੇ ਅਨੁਕੂਲ ਹੁੰਦਾ ਸੀ।

ਪਰੰਪਰਾ: ਨਿਊਜ਼ੀਲੈਂਡ ਵਿੱਚ ਸ਼ਾਹੀ ਜਨਮਦਿਨ ਨੂੰ ਇੱਕ ਜਨਤਕ ਛੁੱਟੀ ਵਜੋਂ ਮਨਾਉਣ ਦੀ ਪਰੰਪਰਾ ਲੰਬੇ ਸਮੇਂ ਤੋਂ ਚੱਲੀ ਆ ਰਹੀ ਹੈ। ਭਾਵੇਂ ਕਿ ਹੁਣ ਰਾਣੀ ਦੀ ਥਾਂ ਰਾਜਾ ਸਾਹਿਬ ਆ ਗਏ ਹਨ, ਇਸ ਪਰੰਪਰਾ ਨੂੰ ਜਾਰੀ ਰੱਖਿਆ ਗਿਆ ਹੈ। ਇਹ ਨਿਊਜ਼ੀਲੈਂਡ ਦੇ ਸੰਵਿਧਾਨਕ ਢਾਂਚੇ ਅਤੇ ਰਾਜਸ਼ਾਹੀ ਨਾਲ ਇਸਦੇ ਇਤਿਹਾਸਕ ਸਬੰਧਾਂ ਨੂੰ ਦਰਸਾਉਂਦਾ ਹੈ।




### ਅਸਲ ਮਤਲਬ:

ਕਿੰਗ ਦੇ ਜਨਮਦਿਨ ਨੂੰ ਨਿਊਜ਼ੀਲੈਂਡ ਵਿੱਚ ਮਨਾਉਣ ਦਾ ਅਸਲ ਮਤਲਬ ਸਿਰਫ਼ ਇੱਕ ਜਨਤਕ ਛੁੱਟੀ ਮਾਣਨਾ ਹੀ ਨਹੀਂ ਹੈ, ਸਗੋਂ ਇਹ ਹੇਠ ਲਿਖੇ ਗੱਲਾਂ ਨੂੰ ਵੀ ਦਰਸਾਉਂਦਾ ਹੈ:

ਰਾਜਸ਼ਾਹੀ ਨਾਲ ਸਬੰਧ: ਇਹ ਨਿਊਜ਼ੀਲੈਂਡ ਦੇ ਸੰਵਿਧਾਨਕ ਰਾਜਸ਼ਾਹੀ ਹੋਣ ਦੀ ਪੁਸ਼ਟੀ ਕਰਦਾ ਹੈ, ਜਿਸ ਵਿੱਚ ਬ੍ਰਿਟਿਸ਼ ਰਾਜਾ ਰਾਜ ਦਾ ਮੁਖੀ ਹੁੰਦਾ ਹੈ।

ਇਤਿਹਾਸਕ ਸਬੰਧ: ਇਹ ਯੂਨਾਈਟਿਡ ਕਿੰਗਡਮ ਨਾਲ ਨਿਊਜ਼ੀਲੈਂਡ ਦੇ ਇਤਿਹਾਸਕ ਅਤੇ ਸੱਭਿਆਚਾਰਕ ਸਬੰਧਾਂ ਨੂੰ ਸਲਾਮੀ ਦਿੰਦਾ ਹੈ।

ਰਾਸ਼ਟਰੀ ਏਕਤਾ: ਜਨਤਕ ਛੁੱਟੀ ਵਜੋਂ ਮਨਾਇਆ ਜਾਣਾ ਲੋਕਾਂ ਨੂੰ ਇਕੱਠੇ ਆਉਣ ਅਤੇ ਛੁੱਟੀਆਂ ਦਾ ਆਨੰਦ ਲੈਣ ਦਾ ਮੌਕਾ ਪ੍ਰਦਾਨ ਕਰਦਾ ਹੈ, ਜੋ ਰਾਸ਼ਟਰੀ ਏਕਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਦਾ ਹੈ।

ਮਾਨ ਸਨਮਾਨ: ਇਹ ਰਾਜੇ ਨੂੰ ਅਤੇ ਉਨ੍ਹਾਂ ਸੰਸਥਾਵਾਂ ਨੂੰ ਮਾਨ ਸਨਮਾਨ ਦੇਣ ਦਾ ਇੱਕ ਤਰੀਕਾ ਹੈ ਜੋ ਉਹ ਪ੍ਰਤੀਨਿਧ ਕਰਦੇ ਹਨ। ਉਨ੍ਹਾਂ ਦੇ ਜਨਮ ਦਿਨਮ ਮੌਕੇ ਸਨਮਾਨਿਤ ਹੋਣ ਵਾਲਿਆਂ ਦੀ ਸੂਚੀ ਕੱਲ੍ਹ ਜਾਰੀ ਕੀਤੀ ਜਾ ਰਹੀ ਹੈ।

# ਕਦੋਂ ਆਏਗਾ ਬਦਲਾਅ?




ਗੁਰਮੀਤ ਪਲਾਹੀ
91-98158-02070

ਵਿਕਸਿਤ ਦੇਸ਼ਾਂ ਦੇ ਹੁਕਮਰਾਨ ਇਹ ਜਾਣਦੇ ਹਨ ਕਿ ਜਦ ਤੱਕ ਆਮ ਲੋਕਾਂ ਨੂੰ ਸਿਹਤ ਅਤੇ ਸਿੱਖਿਆ ਸਹੂਲਤਾਂ ਦੇਣ ਦਾ ਕੰਮ ਇਮਾਨਦਾਰੀ ਨਾਲ ਪੂਰਾ ਨਹੀਂ ਹੁੰਦਾ, ਬਾਕੀ ਸੇਵਾਵਾਂ ਦਾ ਕੋਈ ਅਰਥ ਹੀ ਨਹੀਂ।

ਸਾਡੇ ਦੇਸ਼ 'ਚ ਹਵਾਈ ਅੱਡੇ, ਬੰਦਰਗਾਹਾਂ, ਹਾਈਵੇ ਤੇਜ਼ੀ ਨਾਲ ਆਧੁਨਿਕ ਬਣਾਏ ਜਾ ਰਹੇ ਹਨ ਪਰ ਆਮ ਲੋਕਾਂ ਨੂੰ ਉਸਦਾ ਕੀ ਫਾਇਦਾ ਹੈ? ਉਹਨਾ ਹਾਲਾਤਾਂ ਵਿੱਚ ਜਦੋਂ ਕਿ ਦੇਸ਼ 'ਚ ਬੁਨਿਆਦੀ ਸਹੂਲਤਾਂ ਦਾ ਬੁਰਾ ਹਾਲ ਰਹਿੰਦਾ ਹੈ! ਜਦੋਂ ਅਸੀਂ ਆਜ਼ਾਦੀ ਦਾ "ਅਮ੍ਰਿਤਕਾਲ" ਮਨਾ ਰਹੇ ਹਾਂ, 75 ਵਰ੍ਹੇ ਪੂਰੇ ਕਰਕੇ, ਪਰ ਆਮ ਲੋਕ ਪਾਣੀ ਲਈ ਵੀ ਤਰਸਦੇ ਹਨ।

ਪਿੱਛੇ ਜਿਹੇ ਕਰੋਨਾ ਕਾਲ 'ਚ ਆਮ ਲੋਕਾਂ ਨੇ ਜੋ ਭੁਗਤਿਆ, ਦਵਾਈਆਂ ਖੁਣੋਂ ਤਾਂ ਮਰੇ ਹੀ, ਮਰਨ ਉਪਰੰਤ ਲਾਸ਼ਾਂ ਜਲਾਉਣ ਦੀ ਥਾਂ, ਦਰਿਆ ਬੁਰਦ ਕਰਨੀਆਂ ਪਈਆਂ। ਆਮ ਲੋਕਾਂ ਨੂੰ ਹਸਪਤਾਲਾਂ 'ਚ ਆਕਸੀਜਨ ਨਹੀਂ ਮਿਲੀ। ਕੀ ਇਹ ਸ਼ਰਮਨਾਕ ਨਹੀਂ ਸੀ?

ਹੁਣੇ ਜਿਹੇ ਇੱਕ ਘਟਨਾ ਬਿਹਾਰ 'ਚ ਵਾਪਰੀ ਹੈ। ਪਟਨਾ ਦੇ ਸਰਕਾਰੀ ਹਸਪਤਾਲ ਦੇ ਬਾਹਰ ਬੁਰੀ ਤਰ੍ਹਾਂ ਜ਼ਖ਼ਮੀ ਇੱਕ 10 ਵਰ੍ਹਿਆਂ ਦੀ ਲੜਕੀ ਪੁੱਜੀ, ਉਹ ਹਸਪਤਾਲ ਦੇ ਬਾਹਰ ਘੰਟਿਆਂ ਬੱਧੀ ਪਈ ਰਹੀ, ਕਿਉਂਕਿ ਹਸਪਤਾਲ ਅੰਦਰ ਕੋਈ ਖਾਲੀ ਬਿਸਤਰਾ ਨਹੀਂ ਸੀ। ਬੱਚੀ ਨਾਲ ਬਲਾਤਕਾਰ ਹੋਇਆ ਸੀ। ਕਿਸੇ ਦਰਿੰਦੇ ਨੇ ਬਲਾਤਕਾਰ ਉਪਰੰਤ ਉਸਦਾ ਗਲ ਕੱਟਣ ਦੀ ਕੋਸ਼ਿਸ਼ ਕੀਤੀ ਸੀ। ਪਟਨਾ ਸਰਕਾਰੀ ਹਸਪਤਾਲ ਵਾਲਿਆਂ ਉਸਦਾ ਇਲਾਜ ਐਮਰਜੰਸੀ 'ਚ ਨਹੀਂ ਕੀਤਾ। ਉਹ ਮੁਜ਼ੱਫਰਪੁਰ ਤੋਂ ਰੈਫਰ ਕੀਤੀ ਗਈ ਸੀ। ਬੱਚੀ ਦੇ ਇਲਾਜ ਤੋਂ ਪਹਿਲਾਂ ਹੀ ਉਸਦੇ ਹਾਲਾਤ ਨਾਜ਼ੁਕ ਹੋ ਚੁੱਕੇ ਸਨ। ਬਿਹਾਰ ਦਾ ਇਹ ਪਟਨਾ ਸਰਕਾਰੀ ਹਸਪਤਾਲ, ਇਸ ਸੂਬੇ ਦਾ ਸਭ ਤੋਂ



ਵੱਡਾ ਹਸਪਤਾਲ ਹੈ। ਇਸ ਹਸਪਤਾਲ ਬਾਰੇ "ਕੈਗ" ਦੀ ਰਿਪੋਰਟ ਬਿਹਾਰ ਵਿਧਾਨ ਸਭਾ 'ਚ ਪੇਸ਼ ਹੋਈ, ਜਿਸ 'ਚ ਦੱਸਿਆ ਗਿਆ ਕਿ 100 ਸਾਲ ਪੁਰਾਣੇ ਇਸ ਹਸਪਤਾਲ 'ਚ ਅੱਧੀਆਂ ਤੋਂ ਜ਼ਿਆਦਾ ਆਕਸੀਜਨ ਮਸ਼ੀਨਾਂ ਕੰਮ ਨਹੀਂ ਕਰ ਰਹੀਆਂ। ਹਸਪਤਾਲ ਦੀਆਂ 94 ਫ਼ੀਸਦੀ ਤੋਂ ਜ਼ਿਆਦਾ ਸੁਵਿਧਾਵਾਂ ਖਸਤਾ ਹਾਲ ਹਨ। ਡਾਕਟਰਾਂ, ਨਰਸਾਂ ਦੀ 36 ਫ਼ੀਸਦੀ ਘਾਟ ਹੈ।

ਇਹੋ ਜਿਹੇ ਬਿਹਾਰ ਦੇ ਇੱਕ ਹੋਰ ਮੁੱਜ਼ਫਰਪੁਰ ਹਸਪਤਾਲ ਵਿੱਚ 2019 'ਚ 150 ਤੋਂ ਜ਼ਿਆਦਾ ਬੱਚੇ ਮਰ ਗਏ ਸਨ, ਇੰਸੇਫੇਲਾਈਟਿਸ ਨਾਲ, ਸਿਰਫ਼ ਇਸ ਲਈ ਕਿ ਹਸਪਤਾਲ 'ਚ ਨਾ ਦਵਾਈ ਸੀ ਨਾ ਹੀ ਡਾਕਟਰ।

ਇਹੋ ਜਿਹੇ ਹਾਲਾਤ ਸਿਹਤ ਸਹੂਲਤਾਂ ਪੱਖੋਂ ਦੇਸ਼ ਦੇ ਸੂਬੇ ਬਿਹਾਰ ਦੇ ਹੀ ਨਹੀਂ ਹਨ, ਸਗੋਂ ਸਿਹਤ ਸਹੂਲਤਾਂ ਦੀ ਬੇਹੱਦ ਕਮੀ ਹੈ ਪੂਰੇ ਦੇਸ਼ ਵਿੱਚ। ਲੱਖਾਂ ਲੋਕ ਇਲਾਜ ਖੁਣੋਂ ਹਰ ਰੋਜ਼ ਮਰਦੇ ਹਨ। ਇਕਨਾਮਿਕ ਟਾਈਮਜ਼ ਦੀ ਇੱਕ ਰਿਪੋਰਟ ਅਨੁਸਾਰ ਭਾਰਤੀ ਪਿੰਡਾਂ ਦੀਆਂ ਕਮਿਊਨਿਟੀ ਹੈਲਥ ਸੈਂਟਰ 'ਚ 82 ਫ਼ੀਸਦੀ ਮਾਹਰ ਡਾਕਟਰਾਂ ਦੀ ਘਾਟ ਹੈ। ਨੈਸ਼ਨਲ ਮੈਡੀਕਲ ਜਨਰਲ ਆਫ਼ ਇੰਡੀਆ ਦੀ ਰਿਪੋਰਟ ਅਨੁਸਾਰ 10 ਫੀਸਦੀ ਕਮਿਊਨਿਟੀ ਸੈਂਟਰਾਂ 'ਚ ਡਾਕਟਰ ਹੀ ਨਹੀਂ ਹਨ।

ਦੂਜੇ ਪਾਸੇ 'ਕੈਂਸਰ' ਦੇ ਪਸਾਰੇ ਨੇ ਦੇਸ਼ ਨੂੰ ਪੂਰੀ ਤਰ੍ਹਾਂ ਡਰਾਇਆ ਹੋਇਆ ਹੈ। ਕੈਂਸਰ ਪੀੜਤਾਂ ਦੀ ਗਿਣਤੀ ਨਿੱਤ-ਪ੍ਰਤੀ ਵਧਦੀ ਜਾ ਰਹੀ ਹੈ, ਜਿਸ ਦਾ ਇਲਾਜ ਗਰੀਬ ਆਦਮੀ ਦੇ ਬੱਸ ਦੀ ਗੱਲ ਹੀ ਨਹੀਂ। ਸਰਕਾਰ ਦੀਆਂ ਆਯੂਸ਼ਮਾਨ ਅਤੇ ਹੋਰ ਸਕੀਮਾਂ ਆਮ ਆਦਮੀ ਲਈ ਬੇਬਸ ਦਿਖਦੀਆਂ ਹਨ, ਕਿਉਂਕਿ ਪਹਿਲੀ ਗੱਲ ਤਾਂ ਇਹ ਹੈ ਕਿ ਆਮ ਆਦਮੀ ਦੀ ਇਹਨਾ ਸਕੀਮਾਂ ਤੱਕ ਪਹੁੰਚ ਹੀ ਨਹੀਂ ਹੈ, ਪਰ ਜੇਕਰ ਕੋਈ ਸਧਾਰਨ ਵਿਅਕਤੀ ਇਹਨਾ ਸਕੀਮਾਂ ਦਾ ਲਾਹਾ ਲੈਣ ਦਾ ਯਤਨ ਕਰਦਾ ਵੀ ਹੈ ਤਾਂ ਪ੍ਰਾਈਵੇਟ ਹਸਪਤਾਲਾਂ 'ਚ ਇਸਦੀ ਲਗਾਤਾਰ ਦੁਰਵਰਤੋਂ ਦੀਆਂ ਖ਼ਬਰਾਂ ਹਨ।

ਗਰੀਬੀ-ਅਮੀਰੀ ਨੇ ਸਿਹਤ ਸਹੂਲਤਾਂ 'ਚ ਪਾੜਾ ਵੱਡਾ ਕੀਤਾ ਹੋਇਆ ਹੈ। ਫਾਈਵ ਸਟਾਰ ਹਸਪਤਾਲਾਂ 'ਚ ਮਹਿੰਗੇ ਇਲਾਜ, ਪੈਸੇ ਪੱਖੋਂ ਸਮਰੱਥ ਵਿਅਕਤੀ ਦੇ ਪਹੁੰਚ ਵਿੱਚ ਹਨ, ਪਰ ਸਧਾਰਨ ਵਿਅਕਤੀ ਦੀ ਪਹੁੰਚ 'ਚ ਸਰਕਾਰੀ ਹਸਪਤਾਲਾਂ 'ਚ ਪ੍ਰਾਪਤ ਘੱਟੋ-ਘੱਟ ਸਹੂਲਤਾਂ ਤੱਕ ਵੀ ਨਹੀਂ ਹੈ।

ਇਹੋ ਹਾਲ ਸਿੱਖਿਆ ਦੇ ਖੇਤਰ 'ਚ ਹੈ। ਦੇਸ਼ ਦਾ ਆਮ ਨਾਗਰਿਕ ਸੰਵਿਧਾਨਿਕ ਤੌਰ 'ਤੇ ਹਰ ਇੱਕ ਲਈ ਸਿੱਖਿਆ ਦਾ ਅਧਿਕਾਰ ਰੱਖਦਾ ਹੈ, ਪਰ ਸਭ ਲਈ ਬਰਾਬਰ ਦੀ ਸਿੱਖਿਆ ਕਿਥੇ ਗਾਇਬ ਹੈ, ਜੋ ਉਸਦੀ ਪਹੁੰਚ ਤੋਂ ਬਾਹਰੀ ਹੈ। ਫਾਈਵ ਸਟਾਰ ਪਬਲਿਕ ਸਕੂਲ, ਮਹਿੰਗੀਆਂ ਵੱਡੀਆਂ ਪ੍ਰੋਫੈਸ਼ਨਲ ਯੂਨੀਵਰਸਿਟੀਆਂ 'ਚ ਆਮ ਆਦਮੀ ਦਾ ਬੱਚਾ ਸਿੱਖਿਆ ਪ੍ਰਾਪਤ ਨਹੀਂ ਕਰ ਸਕਦਾ। ਸਰਕਾਰੀ ਸਕੂਲ ਅਧਿਆਪਕਾਂ, ਵਿਸ਼ਾ ਅਧਿਆਪਕਾਂ ਅਤੇ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਹਨ ਸਰਕਾਰੀ ਸਿੱਖਿਆ ਅਦਾਰੇ। ਕਿਥੇ ਪ੍ਰਾਪਤ ਕਰਨਗੇ ਚੰਗੀ ਸਿੱਖਿਆ ਆਮ ਲੋਕਾਂ ਦੇ ਬੱਚੇ? ਕਿਵੇਂ ਮੁਕਾਬਲਾ ਕਰਨਗੇ ਵੱਡੇ ਪਬਲਿਕ ਸਕੂਲਾਂ ਦੇ ਬੱਚਿਆਂ ਦਾ? ਤਦੇ ਇੱਕ ਵੱਡਾ ਪਾੜਾ ਸਿੱਖਿਆ ਖੇਤਰ ਵਿੱਚ ਵੀ ਉਵੇਂ ਹੀ ਵੱਧ ਰਿਹਾ ਹੈ, ਜਿਵੇਂ ਆਰਥਿਕ ਪੱਖ ਤੋਂ ਦੇਸ਼ ਵਿੱਚ ਗਰੀਬ-ਅਮੀਰ ਦਾ ਪਾੜਾ ਵੱਧ ਗਿਆ ਹੈ।

ਦੇਸ਼ ਦੇ ਹਾਕਮ ਦੇਸ਼ ਭਾਰਤ ਨੂੰ ਵੱਡੀ ਆਰਥਿਕਤਾ ਬਨਾਉਣ ਵੱਲ ਸੇਧਤ ਹਨ। ਉਹ ਵਿਸ਼ਵ ਗੁਰੂ ਬਨਣ ਲਈ ਪੱਬਾਂ ਭਾਰ ਹਨ। ਪਰ ਕੀ ਹਾਕਮ ਦੇ ਇਹ ਧਿਆਨ ਵਿੱਚ ਹੈ ਕਿ ਆਮ ਆਦਮੀ ਦੀ ਦੇਸ਼ ਵਿੱਚ ਪ੍ਰਤੀ ਵਿਅਕਤੀ ਦੀ, ਵਿਸ਼ਵ ਬੈਂਕ ਅਨੁਸਾਰ, ਪ੍ਰਤੀ ਦਿਨ ਖ਼ਰਚ ਸੀਮਾ ਸਿਰਫ਼ ਤਿੰਨ ਡਾਲਰ ਹੈ। ਕੀ ਪ੍ਰਤੀ ਵਿਅਕਤੀ ਇਸ ਖ਼ਰਚ ਨਾਲ ਮਹਿੰਗਾਈ ਦੇ ਇਸ ਸਮੇਂ ;ਚ ਉਹ ਚੰਗੇਰੀਆਂ ਸਿੱਖਿਆ, ਸਿਹਤ ਸਹੂਲਤਾਂ, ਖਾਣ ਪਾਣ ਅਤੇ ਹੋਰ ਖ਼ਰਚੇ ਪੂਰੇ ਕਰ ਸਕਦਾ ਹੈ? ਕੀ ਚੰਗਾ ਜੀਵਨ ਜੀਊਣ ਦੇ ਸਮਰੱਥ ਹੈ?

ਵਿਸ਼ਵ ਬੈਂਕ ਨੇ ਭਾਰਤ ਹੇਠਲੇ-ਮੱਧ-ਵਰਗ ਆਮਦਨ ਵਾਲੇ ਲੋਕਾਂ ਦੀ ਖ਼ਰਚ ਸੀਮਾ ਪ੍ਰਤੀ ਵਿਅਕਤੀ 3.65 ਡਾਲਰ ਪ੍ਰਤੀ ਦਿਨ ਤਹਿ ਕੀਤੀ ਹੈ। ਕੀ ਇਸ ਥੋੜੇ ਜਿਹੇ ਖ਼ਰਚੇ-ਆਮਦਨ ਦੇ ਹਿਸਾਬ ਨਾਲ ਭਾਰਤ ਦੇਸ਼ ਵਿਕਸਤ ਬਣ ਸਕਦਾ ਹੈ ਅਤੇ ਕੀ ਸਿੱਖਿਆ, ਸਿਹਤ ਹਰ ਨਾਗਰਿਕ ਲਈ ਪ੍ਰਦਾਨ ਕੀਤੇ ਬਿਨ੍ਹਾਂ ਕੋਈ ਦੇਸ਼ ਵਿਕਸਤ ਕਹਾ ਸਕਦਾ ਹੈ?

ਸਿੱਖਿਆ ਦੇ ਪੱਧਰ ਦੇ ਹਿਸਾਬ ਨਾਲ 2022-23 ਵਿੱਚ ਬਿਨ੍ਹਾਂ ਕਿਸੇ ਸਕੂਲ ਸਿੱਖਿਆ ਦੇ 16 ਸਾਲ ਦੀ ਉਮਰ ਤੋਂ ਵੱਧ ਉਮਰ ਦੇ 35.1 ਫ਼ੀਸਦੀ ਲੋਕ ਗਰੀਬੀ ਰੇਖਾ ਤੋਂ ਹੇਠਲੇ ਪੱਧਰ 'ਤੇ ਸਨ। ਜਦਕਿ ਸਾਲ 2022-23 ਵਿੱਚ ਕੁਝ ਕੁ ਪੜ੍ਹੇ-ਲਿਖੇ ਹੇਠਲੇ ਮੱਧ ਵਰਗਾਂ 'ਚ ਗਰੀਬੀ 14.9 ਫ਼ੀਸਦੀ ਹੈ। ਪਰ ਅਸਲ ਤੱਥ ਉਸ ਵੇਲੇ ਸਾਹਮਣੇ ਆਉਂਦੇ ਹਨ, ਜਦੋਂ ਸਰਕਾਰੀ ਤੌਰ 'ਤੇ ਇਹ ਪ੍ਰਵਾਨ ਕੀਤਾ ਜਾਂਦਾ ਹੈ ਕਿ "ਸਭ ਲਈ ਭੋਜਨ" ਸਕੀਮ ਅਧੀਨ ਕੁਲ ਆਬਾਦੀ ਲਗਭਗ 140 ਕਰੋੜ ਵਿੱਚੋਂ 80 ਕਰੋੜ ਤੋਂ ਵੱਧ ਲੋਕਾਂ ਨੂੰ ਅਨਾਜ ਸਰਕਾਰ ਵੱਲੋਂ ਮੁਫ਼ਤ ਮੁਹੱਈਆ ਕੀਤਾ ਜਾਂਦਾ ਹੈ। ਇੱਕ ਹੋਰ ਅੰਦਾਜ਼ੇ ਅਨੁਸਾਰ 20 ਕਰੋੜ ਲੋਕਾਂ ਨੂੰ ਹਰ ਰੋਜ਼ ਮਸਾਂ ਇੱਕ ਡੰਗ ਭੋਜਨ ਮਿਲਦਾ ਹੈ। ਰੋਟੀ, ਕੱਪੜਾ ਅਤੇ ਮਕਾਨ ਸਭ ਦੀ ਪਹੁੰਚ ਤੋਂ ਬਾਹਰ ਹੈ, ਜੋ ਮਨੁੱਖ ਦੀ ਬੁਨਿਆਦੀ ਲੋੜ ਹੈ।

ਦੇਸ਼ 'ਚ ਲਗਾਤਾਰ ਤਰੱਕੀ ਅਤੇ ਬਦਲਾਅ ਦੀਆਂ ਗੱਲਾਂ ਹੁੰਦੀਆਂ ਹਨ। ਬਦਲਾਅ ਵਜੋਂ ਦੇਸ਼ 'ਚ ਸੜਕਾਂ ਦੇ ਨਿਰਮਾਣ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਵੇਖਿਆ, ਪਰਖਿਆ ਅਤੇ ਲਾਗੂ ਕੀਤਾ ਜਾਂਦਾ ਹੈ। ਪਰ ਬੁਨਿਆਦੀ ਤੌਰ 'ਤੇ ਮਨੁੱਖ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ, ਉਸ ਨੂੰ ਸੁੱਖ-ਸਹੂਲਤਾਂ ਦੇਣ ਲਈ ਕੀਤੇ ਯਤਨ ਊਣੇ-ਊਣੇ ਵਿਖਾਈ ਦਿੰਦੇ ਹਨ। ਦੇਸ਼ ਦੇ ਨਿਰਮਾਣ 'ਚ ਵੱਡਾ ਹਿੱਸਾ ਪਾਉਣ ਵਾਲੀਆਂ ਅੱਧੀ ਆਬਾਦੀ ਔਰਤਾਂ ਹਾਲੇ ਵੀ ਬੁਰੀ ਤਰ੍ਹਾਂ ਤ੍ਰਿਸਕਾਰਤ ਹਨ। ਉਹਨਾ ਨੂੰ ਬਣਦੇ ਹੱਕ ਤਾਂ ਕੀ ਮਿਲਣੇ ਹਨ, ਉਹ ਹਾਲੇ ਤੱਕ ਵੀ ਘਰੇਲੂ ਹਿੰਸਾ ਦਾ ਸ਼ਿਕਾਰ ਹਨ। ਘਰੇਲੂ ਔਰਤਾਂ ਚਾਰ-ਦੀਵਾਰੀ ਅੰਦਰ ਬੰਦ ਹਨ। ਰੂੜੀਵਾਦੀ ਸੋਚ ਅੱਜ ਵੀ ਦੇਸ਼ 'ਚ ਭਾਰੂ ਹੈ। ਧਰਮਾਂ ਦਾ ਵਖਰੇਵਾਂ ਅਤੇ ਜਾਤ-ਪਾਤ ਪ੍ਰਥਾ ਨੇ ਦੇਸ਼ ਦੇ ਲੋਕਾਂ ਦੀ ਸੋਚ ਨੂੰ ਜਕੜਿਆ ਹੋਇਆ ਹੈ।

ਨੀਤੀਵਾਨ, ਸਿਆਸਤਦਾਨ, ਜਿਹਨਾ ਨੂੰ ਸਮਾਜ 'ਚ ਬਦਲਾਅ ਲਿਆਉਣ ਦਾ ਧੁਰਾ ਮੰਨਿਆ ਜਾਂਦਾ ਹੈ, ਉਹ ਆਪਣੇ ਸਵਾਰਥੀ ਹਿੱਤਾਂ ਕਾਰਨ "ਬਦਲਾਅ" ਦੇ ਥਾਂ 'ਦਬਾਅ ' ਦੀ ਨੀਤੀ ਵਰਤ ਰਹੇ ਹਨ। ਬਦਲਾਅ ਲਈ ਲੋਕਾਂ ਦੀ ਸ਼ਮੂਲੀਅਤ ਬਿਨ੍ਹਾਂ ਸ਼ੱਕ ਜ਼ਰੂਰੀ ਹੈ, ਪਰ ਸਮਾਜ 'ਚ ਵੰਡੀਆਂ ਪਾਕੇ ਇਸ ਬਦਲਾਅ ਨੂੰ ਪੁੱਠਾ ਗੇੜਾ ਦੇ ਕੁ ਰੂੜੀਵਾਦੀ ਸੋਚ ਨੂੰ ਅੱਗੇ ਲਿਆਉਣਾ ਅੱਜ ਅਹਿਮ ਵਰਤਾਰਾ ਹੈ। ਧੱਕਾ, ਧੌਂਸ, ਧੰਨ ਮੁੱਖ ਕਾਰਕ ਬਣ ਗਏ ਹਨ। ਇਹ ਤਿੰਨੋਂ ਬਦਲਾਅ ਲਈ ਵੱਡਾ ਅੜਿੱਕਾ ਹਨ।

ਦੇਸ਼ ਦੇ ਹਾਕਮਾਂ 'ਚ ਬਦਲਾਅ ਬਿਨ੍ਹਾਂ ਸ਼ੱਕ ਲੋਕਤੰਤਰ ਵਿੱਚ ਵੋਟ ਪ੍ਰਣਾਲੀ ਨਾਲ ਹੋਣਾ ਹੈ, ਪਰ ਵੋਟ-ਪ੍ਰਣਾਲੀ ਜਿਵੇਂ ਦੂਸ਼ਿਤ ਹੋ ਚੁੱਕੀ ਹੈ। ਉਹ ਬਦਲਾਅ 'ਚ ਵੱਡਾ ਅੜਿੱਕਾ ਸਾਬਤ ਹੋ ਰਹੀ ਹੈ। ਸਿਆਸਤ ਦੇ ਨਾਲ ਸਮਾਜਿਕ ਬਦਲਾਅ ਲਈ ਵਿਸ਼ੇਸ਼ ਭੂਮਿਕਾ ਦੇਸ਼ ਜਾਂ ਖਿੱਤੇ ਦੇ ਬੁਨਿਆਦੀ ਸਿਆਣੇ ਲੋਕਾਂ ਕਾਰਨ ਸੰਭਵ ਹੁੰਦੀ ਹੈ, ਪਰ ਜਿਸ ਢੰਗ ਨਾਲ ਉਹ ਡਰ ਅਤੇ ਦਾਬਅ ਹੇਠ ਜ਼ਿੰਦਗੀ ਜੀਊ ਰਹੇ ਹਨ, ਉਸ ਨਾਲ ਉਹ ਬਦਲਾਅ ਲਈ ਅੱਗੇ ਕਿਵੇਂ ਆਉਣਗੇ? ਡਰ ਦਾ ਮਾਹੌਲ, ਵਿਚਾਰਾਂ ਉਤੇ ਬੰਦਸ਼ਾਂ, ਬਿਨ੍ਹਾਂ ਸ਼ੱਕ ਬਦਲਾਅ ਲਈ ਵੱਡੀ ਰੁਕਾਵਟ ਸਾਬਤ ਹੋ ਰਹੀਆਂ ਹਨ।

ਅਸਲ ਅਰਥਾਂ 'ਚ ਉਹੀ ਦੇਸ਼ ਵਿਕਸਤ ਹੋ ਸਕਦਾ ਹੈ, ਜੋ ਆਪਣੇ ਨਾਗਰਿਕਾਂ ਨੂੰ ਖੁਸ਼ਹਾਲ ਜੀਵਨ ਦੇ ਸਕਦਾ ਹੈ, ਜਿਹੜਾ ਸਿੱਖਿਆ, ਸਿਹਤ, ਵਾਤਾਵਰਨ, ਖੁਰਾਕੀ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰ ਸਕਦਾ ਹੈ। ਅੱਜ ਦੇਸ਼ 'ਚ ਨਾ ਸੰਪੂਰਨ ਖੇਤੀ ਹੈ, ਨਾ ਹੀ ਸੰਪੂਰਨ ਰੁਜ਼ਗਾਰ! ਅੱਜ ਦੇਸ਼ ਪੌਸ਼ਟਿਕ ਅਹਾਰ ਤੋਂ ਸੱਖਣਾ ਜ਼ਹਿਰ ਯੁਕਤ ਭੋਜਨ ਖਾਣ ਲਈ ਮਜ਼ਬੂਰ ਹੈ। ਦੇਸ਼ 'ਚ ਪ੍ਰਦੂਸ਼ਨ ਪਸਰਿਆ ਪਿਆ ਹੈ। ਗੰਦਗੀ ਦੇ ਢੇਰ ਹਨ। ਰਸਾਇਣਾਂ ਦੀ ਆਮ ਵਰਤੋਂ ਹੈ। ਇਹੋ ਜਿਹੀ ਸਥਿਤੀ 'ਚ ਬਦਲਾਅ "ਊਠ ਦੇ ਬੁੱਲ੍ਹ ਹੁਣ ਵੀ ਡਿਗਿਆ ਕਿ ਹੁਣ ਵੀ ਡਿਗਿਆ" ਵਾਂਗਰ ਦਿਸਦਾ ਹੈ।

ਲੋਕ ਬਦਲਾਅ ਭਾਲਦੇ ਹਨ। ਹਰ ਸਿਆਸੀ ਪਾਰਟੀ ਬਦਲਾਅ ਦਾ ਨਾਹਰਾ ਦੇ ਕੇ ਹਾਕਮ ਬਣਨ ਲਈ ਤਤਪਰ ਹੈ। ਸਿਆਸਤਦਾਨਾਂ ਵੱਲੋਂ ਪੇਸ਼ ਕੀਤੀਆਂ ਰਿਆਇਤਾਂ ਨਾਲ ਲੋਕ ਭਰਮ ਜਾਲ 'ਚ ਫਸਦੇ ਹਨ।

ਛੋਟੀਆਂ-ਛੋਟੀਆਂ ਰਿਆਇਤਾਂ ਉਹਨਾ ਨੂੰ ਕੁਝ ਸੰਤੁਸ਼ਟੀ ਜਾਂ ਮਾਨਸਿਕ ਆਰਾਮ ਤਾਂ ਦਿੰਦੀਆਂ ਹੋਣਗੀਆਂ, ਪਰ ਜਦੋਂ ਵਿਅਕਤੀ ਬੁਢਾਪੇ 'ਚ ਆਉਂਦਾ ਹੈ ਤਾਂ ਉਸਦੀ ਸਮਾਜਿਕ ਸੁਰੱਖਿਆ ਕਿੱਥੇ ਹੈ? ਆਬਾਦੀ ਦਾ ਕੁਝ ਹਿੱਸਾ ਸਰਕਾਰੀ ਪੈਨਸ਼ਨ ਪ੍ਰਾਪਤ ਕਰਦਾ ਹੈ, ਕੁਝ ਆਬਾਦੀ ਨੂੰ ਨਿਗੂਣੀ ਜਿਹੀ ਬੁਢਾਪਾ ਪੈਨਸ਼ਨ ਮਿਲਦੀ ਹੈ। (500 ਰੁਪਏ ਮਹੀਨਾਂ ਤੋਂ 2000 ਮਹੀਨਾ), ਪਰ ਵੱਡੀ ਆਬਾਦੀ ਇਹਨਾ ਸਹੂਲਤਾਂ ਤੋਂ ਵਿਰਵੀ ਹੈ।

ਮਨੁੱਖ ਦਾ ਜੀਵਨ ਮੌਜੂਦਾ ਦੌਰ 'ਚ ਗੁੰਝਲਦਾਰ ਬਣਦਾ ਜਾ ਰਿਹਾ ਹੈ। ਸਾਂਝੇ ਪਰਿਵਾਰ ਟੁੱਟ ਰਹੇ ਹਨ। ਟੈਕਨੋਲੌਜੀ ਨੇ ਸੰਸਾਰ ਨੂੰ ਇੱਕ ਪਲੇਟਫਾਰਮ 'ਤੇ ਲਿਆਉਣ ਦਾ ਯਤਨ ਤਾਂ ਕੀਤਾ ਹੈ, ਪਰ ਮਨੁੱਖੀ ਇਕੱਲਤਾ 'ਚ ਵਾਧਾ ਹੋਇਆ ਹੈ, ਮਨੁੱਖ ਇਹੋ ਜਿਹੇ ਬਦਲਾਅ ਦਾ ਨੇੜ-ਭਵਿੱਖ 'ਚ ਸ਼ਾਇਦ ਸਾਰਥੀ ਵੀ ਨਾ ਬਣ ਸਕੇ।

ਪਰ ਅਸਲ ਬਦਲਾਅ ਮਹਾਂਨਗਰਾਂ ਦੇ ਕੁਝ ਹਿੱਸੇ 'ਚ ਬਣੀਆਂ ਗਗਨ ਚੁੰਬੀ ਇਮਾਰਤਾਂ ਨਹੀਂ। ਨਾ ਹੀ ਹਰ ਹੱਥ 'ਚ ਮੋਬਾਇਲ ਨੂੰ ਬਦਲਾਅ ਕਹਿ ਸਕਦੇ ਹਾਂ। ਅਸਲ ਬਦਲਾਅ ਤਾਂ ਮਨੁੱਖੀ ਜ਼ਿੰਦਗੀ ਸਾਵੀਂ ਪੱਧਰੀ ਬਨਾਉਣ 'ਚ ਹੈ। ਇਸ 'ਚ ਵੱਡਾ ਰੋਲ ਸਰਕਾਰਾਂ ਦਾ ਹੈ। ਸਰਕਾਰਾਂ ਇਸ ਪ੍ਰਤੀ ਅਵੇਸਲੀਆਂ ਹਨ। ਦੇਸ਼ ਭਾਰਤ 'ਚ ਸਰਕਾਰਾਂ ਚਲਾਉਣ ਵਾਲੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਦੇ ਤੌਰ ਤਰੀਕਿਆਂ 'ਚ ਬਦਲਾਅ ਨਹੀਂ ਹੈ। ਉਹ ਏ।ਸੀ। ਦਫ਼ਤਰਾਂ 'ਚ ਬੈਠ ਸਕੀਮਾਂ ਘੜਦੇ ਹਨ, ਆਪਣੇ "ਆਕਾ" ਕਾਰਪਰੇਟਾਂ ਨੂੰ ਖੁਸ਼ ਕਰਦੇ ਹਨ, ਵੱਡੇ-ਵੱਡੇ ਨਾਹਰੇ ਵਿਕਸਤ ਕਰਦੇ ਹਨ। ਸਵੇਰ-ਸ਼ਾਮ ਇਹਨਾ ਦਾ ਪ੍ਰਚਾਰ ਕਰਵਾਉਂਦੇ ਹਨ ਅਤੇ ਲੋਕ ਇਸ ਪ੍ਰਚਾਰ ਨਾਲ ਠੱਗੇ ਜਾਂਦੇ ਹਨ।

ਦੇਸ਼ 'ਚ ਬਦਲਾਅ ਉਦੋਂ ਆਏਗਾ, ਜਦੋਂ 'ਦੇਸ਼ ਦਾ ਨੇਤਾ' ਲੋਕਾਂ ਪ੍ਰਤੀ ਇਮਾਨਦਾਰ ਹੋਏਗਾ। ਦੇਸ਼ 'ਚ ਸੁਸ਼ਾਸ਼ਨ ਹੋਏਗਾ। ਲੋਕਾਂ ਨੂੰ ਲੋੜੀਂਦੀਆਂ ਸੁੱਖ ਸਹੂਲਤਾਂ ਮਿਲਣਗੀਆਂ। ਹਰ ਇੱਕ ਲਈ ਬਰਾਬਰ ਦੀ ਸਿੱਖਿਆ ਹੋਏਗੀ ਅਤੇ ਹਰ ਇੱਕ ਲਈ ਰੁਜ਼ਗਾਰ ਹੋਏਗਾ। ਬੋਲਣ, ਪੜ੍ਹਨ, ਲਿਖਣ ਦੀ ਆਜ਼ਾਦੀ ਹੋਏਗੀ। ਸਵਰਾਜ ਹੋਏਗਾ।

## ਮਾਂ

ਰੱਬ ਦਾ ਰੂਪ ਹੁੰਦੀ ਏ ਮਾਂ
ਠੰਡੀ ਮਿੱਠੀ, ਗੂੜ੍ਹੀ ਛਾਂ
ਮਾਵਾਂ ਨਾਲ ਹੀ ਚੰਗੇ ਲੱਗਦੇ
ਘਰ, ਸ਼ਹਿਰ ਤੇ ਗਰਾਂ
ਭਾਵੇਂ ਰੁੱਖ ਹੋਵਣ ਲੱਖਾਂ
ਮਾਂ ਵਰਗੀ ਨਹੀਂ ਹੁੰਦੀ ਛਾਂ
ਰੱਬ ਦਾ ਰੂਪ ਹੁੰਦੀ ਏ ਮਾਂ
ਠੰਡੀ, ਮਿੱਠੀ, ਗੂੜ੍ਹੀ ਛਾਂ।

ਭੁੱਲ ਕੇ ਵੀ ਕਦੇ ਮਾਂ ਦੇ ਮਨ ਨੂੰ
ਐਵੇਂ ਤੂੰ ਦੁਖਾਈਂ ਨਾ
ਇਹਨੂੰ ਪਾਪ ਕਹਿੰਦੇ ਨੇ 'ਧਾਮੀ'
ਕਰ ਪਾਪ ਕਿਤੇ ਤੂੰ ਜਾਈਂ ਨਾ
ਯਾਦ ਰੱਖੀਂ ਰੋਂਦਿਆਂ ਨੂੰ ਇੱਥੇ
ਗ਼ਲ ਨਾਲ ਬੱਸ ਲਾਉਂਦੀ ਏ ਮਾਂ
ਰੱਬ ਦਾ ਰੂਪ ਹੁੰਦੀ ਏ ਮਾਂ
ਠੰਡੀ, ਮਿੱਠੀ, ਗੂੜ੍ਹੀ ਛਾਂ।

ਢਿੱਡ ਦੀਆਂ ਗੱਲਾਂ ਕਰ ਮਾਂ ਨਾਲ ਲਈਏ
ਦੁਖ ਸੁਖ ਸਾਂਝੇ ਵੀ ਕਰ ਲਈਏ
ਭੁੱਖਾ ਢਿੱਡ ਜਦ ਮੰਗੇ ਰੋਟੀ
ਮਾਂ ਦੇ ਚੌਂਕ ਵਿਚ ਜਾ ਬਹੀਏ
ਰੋਟੀ ਉਤੇ ਫੇ ਮੱਖਣ ਰੱਖ ਕੇ
ਦਹੀਂ ਨਾਲ ਟੁੱਟ ਖੁਆਉਂਦੀ ਮਾਂ
ਰੱਬ ਦਾ ਰੂਪ ਹੁੰਦੀ ਏ ਮਾਂ
ਠੰਡੀ, ਮਿੱਠੀ, ਗੂੜ੍ਹੀ ਛਾਂ।

ਕੰਨ ਤਰਸ ਜਾਂਦੇ ਨੇ ਇੱਥੇ
ਧੀ-ਪੁੱਤ ਕਹਿ ਕੇ ਨਹੀਂ ਕੋਈ ਬੁਲਾਉਂਦਾ
ਰੋਂਦਿਆਂ ਨੂੰ ਕੋਈ ਪੂੰਝ ਕੇ ਹੰਝੂ
ਵਾਂਗ ਮਾਵਾਂ ਨਹੀਂ ਕੋਈ ਵਰਾਉਂਦਾ
ਠੋਕਰ ਲੱਗ ਜਦ ਭੁੰਜੇ ਡਿੱਗੀਏ
ਭੱਜ ਕੇ ਚੁੱਕਣ ਆਉਂਦੀ ਮਾਂ
ਰੱਬ ਦਾ ਰੂਪ ਹੁੰਦੀ ਏ ਮਾਂ
ਠੰਡੀ, ਮਿੱਠੀ, ਗੂੜ੍ਹੀ ਛਾਂ।

ਮਾਂ ਦੀਆਂ ਸੀਸਾਂ ਅਨਮੋਲ 'ਜੁਗਿੰਦਰਾ'
ਕਰ ਲੈ ਸੇਵਾ ਖੱਟ ਲੈ ਸੀਸਾਂ
ਧੀਆਂ, ਪੁੱਤ ਜਦ ਘਰ ਨਹੀਂ ਆਉਂਦੇ
ਬੂਹੇ ਖੜ੍ਹ ਕਰਨ ਮਾਵਾਂ ਉਡੀਕਾਂ
ਬੱਚਿਆਂ ਦਾ ਦੁੱਖ ਦੇਖ ਨਹੀਂ ਸਕਦੀ
ਜਗ ਤੇ ਕਹਿੰਦੇ ਜੀਹਨੂੰ ਮਾਂ
ਰੱਬ ਦਾ ਰੂਪ ਹੁੰਦੀ ਏ ਮਾਂ
ਠੰਡੀ, ਮਿੱਠੀ, ਗੂੜ੍ਹੀ ਛਾਂ।

ਪਿੱਪਲਾਂਵਾਲੀਏ ਨੂੰ ਜਾ ਕੇ ਪੁੱਛ ਲੈ
ਜੀਹਦੇ ਸਿਰ ਤੇ ਨਹੀਓ ਮਾਂ
ਕਮਲਾ ਰੱਬ ਨੂੰ ਕਹਿ ਜਾਂਦਾ ਏ
ਰੱਬਾ ਮੋੜ ਦੇ ਮੇਰੀ ਮਾਂ
ਕਿਸੇ ਦੇ ਸਿਰੋਂ ਨਾ ਚੁੱਕੀ ਰੱਬਾ
ਠੰਡੀ, ਠੰਡੀ ਮਾਵਾਂ ਦੀ ਛਾਂ
ਰੱਬ ਦਾ ਰੂਪ ਹੁੰਦੀ ਏ ਮਾਂ
ਠੰਡੀ, ਮਿੱਠੀ, ਗੂੜ੍ਹੀ ਛਾਂ।

ਮਾਵਾਂ ਨਾਲ ਹੀ ਚੰਗੇ ਲੱਗਦੇ
ਘਰ, ਸ਼ਹਿਰ ਤੇ ਗਰਾਂ
ਭਾਵੇਂ ਰੁੱਖ ਹੋਵਣ ਲੱਖਾਂ
ਮਾਂ ਵਰਗੀ ਨਹੀਂ ਹੁੰਦੀ ਛਾਂ
ਰੱਬ ਦਾ ਰੂਪ ਹੁੰਦੀ ਏ ਮਾਂ
ਠੰਡੀ, ਮਿੱਠੀ, ਗੂੜ੍ਹੀ ਛਾਂ
ਰੱਬ ਦਾ ਰੂਪ ਹੁੰਦੀ ਏ ਮਾਂ
ਰੱਬ ਦਾ ਰੂਪ ਹੁੰਦੀ ਏ ਮਾਂ।

-ਜੁਗਿੰਦਰ ਧਾਮੀ
530-844-0987

## 'ਕਬੀਰ ਸਾਹਿਬ ਨੇ ਕੀਤਾ ਬਿਆਨ'

ਮਨੂੰਵਾਦ ਦੇ ਗੜ੍ਹ 'ਕਾਂਸ਼ੀ' ਅੰਦਰ
ਪੈਦਾ ਹੋਇਆ ਸਤਿਗੁਰ 'ਕਬੀਰ' ਲੋਕੋ।
ਲੋਕ ਸੁਣਕੇ ਸਾਰੇ ਹੈਰਾਨ ਹੋ ਗਏ,
ਐਸੀ ਕਰੀ ਉਹਨੇ ਤਕਰੀਰ ਲੋਕੋ।
ਵਰਣ ਵਿਵਸਥਾ ਦੇ ਜਨਮ ਦਾਤਿਆਂ ਨੂੰ,
ਉਹਨੇ ਸ਼ਰੇਆਮ ਲਲਕਾਰਿਆ ਸੀ।
ਪਾਇਆ ਸੱਚ ਤੇ ਪਰਦਾ ਪਖੰਡੀਆਂ ਦਾ,
ਲਾਹਕੇ ਸਾਹਮਣੇ ਉਹਨਾਂ ਦੇ ਪਾੜਿਆ ਸੀ।
ਮਾਰਨ ਲਈ ਹਾਥੀ ਮੂਹਰੇ ਗਿਆ ਸੁੱਟਿਆ
ਮਰਦ ਸੂਰਮਾ ਨਾ ਘਬਰਾਇਆ ਸੀ।
ਵਰਣ ਵਿਵਸਥਾ ਦਾ ਸਖ਼ਤ ਵਿਰੋਧ ਕੀਤਾ,
ਉਹਨੇ ਸ਼ਰੇਆਮ ਆਖ ਸੁਣਾਇਆ ਸੀ।
"ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥
ਹਮ ਕਤ ਲੋਹੂ ਤੁਮ ਕਤ ਦੂਧ ॥"
ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥
ਲੋਗਨ ਰਾਮੁ ਖਿਲਉਨਾ ਜਾਨਾਂ ॥
ਪੰਡਿਤ ਜਨ ਮਾਤੇ ਪੜ੍ਹਿ ਪੁਰਾਨ ॥"
ਕਬੀਰ ਸਾਹਿਬ ਨੇ ਕੀਤਾ ਬਿਆਨ।
ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥
ਸੁੱਚਮ ਵਾਰੇ ਲੋਕਾਂ ਨੂੰ ਜੋ ਭਰਮਾ ਵਿੱਚ ਪਾਇਆ।
ਕਬੀਰ ਸਾਹਿਬ ਸੁੱਚਮ ਵਾਰੇ ਸਭਨਾਂ ਨੂੰ ਸਮਝਾਇਆ।
"ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ॥
ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ ॥
ਕਹੁ ਪੰਡਿਤ ਸੂਚਾ ਕਵਨੁ ਠਾਉ ॥
ਜਹਾਂ ਬੈਸਿ ਹਉ ਭੋਜਨੁ ਖਾਉ ॥
ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ॥
ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ ॥
ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ॥
ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ॥
ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥
ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥"
"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤੁ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥"
ਕਬੀਰ ਸਾਹਿਬ ਮਰਦ ਦਲੇਰ ਨੇ ਖੋਲ੍ਹੇ ਸਾਰੇ ਭੇਤ।
ਮੇਜਰ 'ਸੋਨਾ' ਮਨੂੰਵਾਦ ਦਾ ਮਿਲਾ ਦਿੱਤਾ ਵਿੱਚ ਰੇਤ।

ਮੇਜਰ ਸਿੰਘ ਬੁਢਲਾਡਾ, 91-94176-42327

## ਸਤਿਗੁਰੂ ਕਬੀਰ ਦਾਸ ਜੀ ਦੇ ਪ੍ਰਕਾਸ਼ ਦਿਹਾੜੇ 'ਤੇ

# 'ਅਵਲਿ ਅਲਾਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ'



ਐਚ.ਐਲ.ਕਪੂਰ

ਸਤਿਗੁਰੂ ਕਬੀਰ ਦਾਸ ਜੀ ਇਕ ਅਜਿਹੀ ਮਹਾਨ ਸ਼ਖਸੀਅਤ ਸਨ, ਜਿਹਨਾਂ ਨੇ ਕਦੀ ਵੀ ਕੋਈ ਗਿਆਨ ਸ਼ਾਸਤਰ ਜਾਂ ਗ੍ਰੰਥ ਨਹੀਂ ਪੜ੍ਹਿਆ ਸੀ ਫਿਰ ਵੀ ਉਹ ਮਹਾਨ ਵਿਦਵਾਨਾਂ ਤੇ ਮਹਾਂ-ਗਿਆਨੀਆਂ ਦੀ ਸ਼੍ਰੇਣੀ ਵਿਚ ਆਉਂਦੇ ਹਨ। 'ਕਬੀਰ' ਇਕ ਅਜਿਹਾ ਨਾਮ ਹੈ ਜਿਸ ਨੂੰ ਤੁਸੀਂ ਇਕ ਮਹਾਨ ਫਕੀਰ ਵੀ ਕਹਿ ਸਕਦੇ ਹੋ ਅਤੇ ਇਕ ਮਹਾਨ ਸਮਾਜ ਸੁਧਾਰਕ ਵੀ।

ਪਿਆਰੇ ਦੋਸਤੋ ਕਬੀਰ ਭਲੇ ਹੀ ਇਕ ਛੋਟਾ ਨਾਮ ਲੱਗਦਾ ਹੈ ਪਰ ਭਾਰਤ ਵਰਸ਼ ਦੀ ਇਕ ਮਹਾਨ ਆਤਮਾ ਹੈ, ਜਿਸ ਨੇ ਰੂੜੀਵਾਦੀ ਵਿਚਾਰਾਂ ਤੇ ਕਰਮ ਕਾਂਡਾਂ ਤੋਂ ਮੁਕਤ ਭਾਰਤ ਦੀ ਰਚਨਾ ਕੀਤੀ। ਸਤਿਗੁਰੂ ਕਬੀਰ ਦਾਸ ਜੀ ਇਕ ਅਜਿਹੀ ਪਛਾਣ ਹਨ, ਜਿਹਨਾਂ ਨੇ ਜਾਤੀ ਵਰਗ ਦੀ ਦੀਵਾਰ ਤੋੜ ਕੇ ਇਕ ਸਮਾਜਿਕ-ਬਰਾਬਰੀ ਦੇ 'ਸੰਸਾਰਕ ਸਮਾਜ' ਦੀ ਸਿਰਜਣਾ ਕੀਤੀ।

ਮਾਨਵਵਾਦੀ ਵਿਵਹਾਰਿਕ ਧਰਮ ਨੂੰ ਸਿਰਜਣ ਵਾਲੇ ਤੇ ਇਸ ਦਾ ਪ੍ਰਚਾਰ ਕਰਨ ਵਾਲੇ ਸਤਿਗੁਰੂ ਕਬੀਰ ਦਾਸ ਜੀ ਦਾ ਇਸ ਦੁਨੀਆਂ ਵਿਚ ਪ੍ਰਵੇਸ਼ ਵੀ ਇਕ ਅਜੀਬੋ-ਗਰੀਬ ਪ੍ਰਸੰਗ ਨਾਲ ਹੋਇਆ। ਉਹਨਾਂ ਦੇ ਜਨਮ ਸਾਲ ਬਾਰੇ ਬੜੇ ਵਿਵਾਦਿਤ ਚਰਚੇ ਹਨ ਪਰ ਕੁਝ ਵਿਦਵਾਨਾਂ ਦੀ ਸੰਯੁਕਤ ਰਾਏ ਅਨੁਸਾਰ ਉਹਨਾਂ ਦਾ ਜਨਮ ਸੰਨ 1398 ਈਸਵੀ ਨੂੰ ਜੇਠ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ ਬਨਾਰਸ ਦੇ ਨਜ਼ਦੀਕ ਲਹਰਤਾਰਾ ਨਾਮਕ ਸਥਾਨ ਤੇ ਮੰਨਿਆ ਜਾਂਦਾ ਹੈ। ਉਸ ਦਿਨ ਨੀਮਾਂ, ਨੀਰੂ ਨਾਲ ਵਿਆਹ ਕਰਵਾ ਕੇ ਡੋਲੀ ਵਿਚ ਬਨਾਰਸ ਜਾ ਰਹੀ ਸੀ। ਬਨਾਰਸ ਦੇ ਕੋਲ ਇਕ ਸਰੋਵਰ ਦੇ ਨਜ਼ਦੀਕ ਉਹ ਕੁਝ ਦੇਰ ਆਰਾਮ ਕਰਨ ਲਈ ਰੁਕੇ। ਅਚਾਨਕ ਨੀਮਾਂ ਨੂੰ ਕਿਸੇ ਬੱਚੇ ਦੇ ਰੋਣ ਦੀ ਆਵਾਜ਼ ਸੁਣਾਈ ਦਿੱਤੀ ਤੇ ਉਹ, ਉਸ ਰੋਣ ਵਾਲੇ ਬੱਚੇ ਦੀ ਦਿਸ਼ਾ ਵਿਚ ਅੱਗੇ ਵਧੀ ਤੇ ਸਰੋਵਰ ਵਿਚ ਦੇਖਿਆ ਕਿ ਇਕ ਬੱਚਾ ਜੋ ਕੰਵਲ ਦੇ ਫੁੱਲਾਂ ਵਿਚ ਤੇ ਕੱਪੜੇ ਵਿਚ ਲਪੇਟਿਆ ਹੋਇਆ ਰੋ ਰਿਹਾ ਸੀ। ਨੀਮਾਂ ਨੇ ਜਿਉਂ ਹੀ ਬੱਚੇ ਨੂੰ ਉਠਾਇਆ ਤੇ ਆਪਣੀ ਗੋਦ ਵਿਚ ਲਿਆ ਤੇ ਉਹ ਬੱਚਾ ਚੁੱਪ ਕਰ ਗਿਆ। ਨੀਰੂ ਨੇ ਉਸ ਨੂੰ ਆਪਣੇ ਨਾਲ ਘਰ ਲਿਜਾਣ ਲਈ ਕਿਹਾ ਪਰ ਨੀਮਾਂ ਦੇ ਮਨ ਵਿਚੋਂ ਇਹ ਪ੍ਰਸ਼ਨ ਉਠਿਆ ਕਿ ਘਰ ਵਾਲਿਆਂ ਨੂੰ ਇਸ ਬੱਚੇ ਬਾਰੇ ਕੀ ਉਤਰ ਦਿਆਂਗੇ। ਇਸ ਬੱਚੇ ਨੂੰ ਆਪਣੀ ਗੋਦ ਵਿਚ ਲੈ ਲੈਣ ਨਾਲ ਉਸ ਅੰਦਰ ਮਾਂ ਮਮਤਾ ਦੀ ਭਾਵਨਾ ਜਾਗ ਪਈ ਤੇ ਆਪਣੇ ਇਸ ਕਰਤੱਵ ਨੂੰ ਪੂਰਾ ਕਰਦਿਆਂ ਬੱਚੇ ਤੇ ਜੋ ਸੰਕਟ ਛਾਇਆ ਹੋਇਆ ਸੀ ਉਹ ਟਲ ਗਿਆ। ਬੱਚਾ ਬੱਕਰੀ ਦਾ ਦੁੱਧ ਪੀ ਕੇ ਵੱਡਾ ਹੋਇਆ। ਛੇ ਮਹੀਨੇ ਬੀਤਣ ਤੋਂ ਬਾਅਦ ਬੱਚੇ ਦਾ ਨਾਮ ਕਰਨ ਸੰਸਕਾਰ ਹੋਇਆ। ਨੀਰੂ ਨੇ ਬੱਚੇ ਦਾ ਨਾਮ 'ਕਬੀਰ' ਰੱਖਿਆ ਪਰ ਕਈ ਲੋਕਾਂ ਨੇ ਇਸ ਨਾਮ ਦਾ ਵਿਰੋਧ ਕੀਤਾ ਕਿਉਂਕਿ ਕਬੀਰ ਦਾ ਅਰਥ ਹੁੰਦਾ ਹੈ ਮਹਾਨ ਤੇ ਇਕ ਜੁਲਾਹੇ ਦਾ ਬੱਚਾ ਮਹਾਨ ਕਿਸ ਤਰ੍ਹਾਂ ਹੋ ਸਕਦਾ ਹੈ? ਨੀਰੂ ਤੇ ਇਸ ਵਿਰੋਧ ਦਾ ਕੋਈ ਅਸਰ ਨਾ ਹੋਇਆ ਅਤੇ ਬੱਚੇ ਦਾ ਨਾਮ ਕਬੀਰ ਹੀ ਰਹਿਣ ਦਿੱਤਾ ਗਿਆ। ਇਹ ਕਹਿਣ ਵਿਚ ਕੋਈ ਅਤਕਥਨੀ ਨਹੀਂ ਹੋਵੇਗੀ ਕਿ ਅਣਜਾਣੇ ਵਿਚ ਹੀ ਬੱਚੇ ਦਾ ਰੱਖਿਆ ਇਹ ਨਾਮ ਵੱਡੇ ਹੋ ਕੇ ਸਾਰਥਕ ਸਾਬਤ ਹੋਇਆ। ਬੱਚੇ ਦੀਆਂ ਕਿਲਕਾਰੀਆਂ ਨੀਰੂ ਤੇ ਨੀਮਾਂ ਦੇ ਮਨ ਨੂੰ ਛੋਹ ਲੈਂਦੀਆਂ ਤੇ ਉਹਨਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹਿੰਦੀ। ਕਈ ਸਮਾਜਿਕ ਔਕੜਾਂ ਦੇ ਬਾਵਜੂਦ ਵੀ ਨੀਰੂ ਤੇ ਨੀਮਾਂ ਦਾ ਜੀਵਨ ਬੜੀਆਂ ਖੁਸ਼ੀਆਂ ਵਿਚ ਲੰਘ ਰਿਹਾ ਸੀ।

ਕਬੀਰ ਜੀ ਨੂੰ ਬਚਪਨ ਤੋਂ ਹੀ ਸਾਧੂ-ਸੰਤਾਂ ਦੀ ਸੰਗਤ ਬਹੁਤ ਪਸੰਦ ਸੀ। ਕੱਪੜਾ ਬੁਣਨ ਦਾ ਖਾਨਦਾਨੀ ਕੰਮ ਉਹ ਸਾਰੀ ਉਮਰ ਕਰਦੇ ਰਹੇ। ਉਹ ਮਨੁੱਖ ਦੇ ਬਾਹਰੀ ਅਡੰਬਰਾਂ ਦਾ ਪੁਰਜ਼ੋਰ ਵਿਰੋਧ ਕਰਦੇ ਸਨ। ਤੇ ਪ੍ਰਮਾਤਮਾ ਦੀ ਨਿਰਾਕਾਰ ਉਪਾਸਨਾ ਤੇ ਜ਼ੋਰ ਦਿੰਦੇ ਸਨ। ਬਚਪਨ ਤੋਂ ਹੀ ਉਹਨਾਂ ਦੇ ਚਮਤਕਾਰੀ ਵਿਅਕਤੀਤਵ ਦੀ ਪ੍ਰਸਿੱਧੀ ਹਰ ਥਾਂ ਫੈਲਣ ਲੱਗ ਪਈ ਸੀ। ਕਹਿੰਦੇ ਹਨ ਕਿ ਜਦੋਂ ਉਹ ਅਜੇ ਬਚਪਨ ਵਿਚ ਹੀ ਸਨ ਉਸ ਸਮੇਂ ਕਾਂਸ਼ੀ 'ਚ ਇਕ ਵਾਰ ਜਲਨ ਰੋਗ ਫੈਲ ਗਿਆ ਅਤੇ ਉਹਨਾਂ ਨੇ ਰਸਤੇ ਵਿਚ ਤੁਰੀ ਜਾਂਦੀ ਇਸ ਰੋਗ ਤੋਂ ਪੀੜਤ ਇਕ ਬੁੱਢੀ ਔਰਤ ਤੇ ਰਸਤੇ ਦੀ ਧੂੜ ਛਿੜਕ ਕੇ ਉਸ ਦਾ ਇਹ ਰੋਗ ਖਤਮ ਕਰ ਦਿੱਤਾ।

ਸਤਿਗੁਰੂ ਕਬੀਰ ਦਾਸ ਜੀ ਦਾ ਬਚਪਨ ਬੜੀਆਂ ਜਟਿਲਤਾਵਾਂ ਤੇ ਰੂੜੀਵਾਦੀ ਪ੍ਰਸਥਿਤੀਆਂ ਵਿਚੋਂ ਜੂਝਦੇ ਹੋਏ ਗੁਜ਼ਰ ਰਿਹਾ ਸੀ। ਉਸ ਸਮੇਂ ਇਹ ਸੋਚ ਆਮ ਸੀ ਕਿ ਅਗਰ ਆਦਮੀ ਅਮੀਰ ਹੈ ਤਾਂ ਸਭ ਕੁਝ ਅੱਛਾ ਹੈ। ਅਗਰ ਇਨਸਾਨ ਦਾ ਰਸੂਖ ਵਧੀਆ ਹੈ ਤਾਂ ਵੀ ਵਧੀਆ ਹੈ। ਕੋਈ ਗਰੀਬ ਹੈ ਤਾਂ ਉਸ ਨੂੰ ਇਨਸਾਨ ਹੀ ਨਾ ਮੰਨਿਆ ਜਾਵੇ। ਆਦਮੀ-ਆਦਮੀ ਵਿਚ ਫਰਕ ਸਾਫ ਨਜ਼ਰ ਆਉਂਦਾ ਸੀ। ਕਾਨੂੰਨ ਤੇ ਧਰਮ ਦੀ ਆੜ ਵਿਚ ਰਸੂਖ ਦੁਆਰਾ ਗਰੀਬਾਂ ਅਤੇ ਨਿਮਨ ਜਾਤੀ ਦੇ ਲੋਕਾਂ ਨਾਲ ਸ਼ੋਸ਼ਣ ਹੁੰਦਾ ਸੀ। ਕਬੀਰ ਜੀ ਖੁਦ ਸਮਾਜਿਕ ਕੁਰੀਤੀਆਂ ਦੇ ਵਿਰੁੱਧ ਸਨ ਤੇ ਇਹਨਾਂ ਨੂੰ ਕਿਸ ਤਰ੍ਹਾਂ ਦੂਰ ਕੀਤਾ ਜਾਵੇ, ਇਸੇ ਹੀ ਸੋਚ ਵਿਚ ਚਿੰਤਤ ਰਹਿੰਦੇ ਸਨ।

ਇਕ ਦਿਨ ਕਿਸੇ ਵਿਅਕਤੀ ਨੇ ਦੱਸਿਆ ਕਿ ਸਤਿਗੁਰੂ ਰਾਮਾਨੰਦ ਜੀ ਨੇ ਸਮਾਜਿਕ ਕੁਰੀਤੀਆਂ ਦੇ ਖਿਲਾਫ ਜੰਗ ਛੇੜ ਰੱਖੀ ਹੈ। ਕਬੀਰ ਜੀ ਉਹਨਾਂ ਨੂੰ ਮਿਲਣ ਲਈ ਘਰੋਂ ਚਲੇ ਗਏ, ਪ੍ਰੰਤੂ ਉਹਨਾਂ ਦੇ ਆਸ਼ਰਮ ਪਹੁੰਚ ਕੇ ਪਤਾ ਲੱਗਾ ਕਿ ਉਹ ਮੁਸਲਮਾਨਾਂ ਨੂੰ ਨਹੀਂ ਮਿਲਦੇ ਪਰ ਕਬੀਰ ਜੀ ਨੇ ਹਾਰ ਨਹੀਂ ਮੰਨੀ ਤੇ 'ਪੰਚਗੰਗਾ' ਘਾਟ ਤੇ ਰਾਤ ਦੇ ਆਖਰੀ ਪਹਿਰ ਦੇ ਸਮੇਂ ਪਹੁੰਚ ਗਏ ਤੇ ਘਾਟ ਦੀਆਂ ਪੌੜੀਆਂ ਤੇ ਲੇਟ ਗਏ। ਉਹਨਾਂ ਨੂੰ ਪਤਾ ਸੀ ਕਿ ਸਤਿਗੁਰੂ ਰਾਮਾਨੰਦ ਜੀ ਸਵੇਰ ਵੇਲੇ ਸਿਰ ਗੰਗਾ ਘਾਟ ਤੇ ਇਸ਼ਨਾਨ ਕਰਨ ਆਉਂਦੇ ਹਨ। ਸਵੇਰੇ ਜਦੋਂ ਸਤਿਗੁਰੂ ਰਾਮਾਨੰਦ ਜੀ ਜਿਉਂ ਹੀ ਇਸ਼ਨਾਨ ਕਰਨ ਲਈ ਘਾਟ ਦੀਆਂ ਪੌੜੀਆਂ ਉਤਰ ਰਹੇ ਸਨ ਤਾਂ ਉਹਨਾਂ ਦਾ ਪੈਰ ਕਬੀਰ ਜੀ ਨਾਲ ਟਕਰਾਅ ਗਿਆ ਤੇ ਸਤਿਗੁਰੂ ਰਾਮਾਨੰਦ ਜੀ ਨੇ 'ਰਾਮ-ਰਾਮ' ਕਹਿ ਕੇ ਆਪਣਾ ਪੈਰ ਪਿੱਛੇ ਖਿੱਚ ਲਿਆ ਤੇ ਉਸੇ ਵੇਲੇ ਖੜ੍ਹੇ ਹੋ ਕੇ ਕਬੀਰ ਜੀ ਨੇ ਉਹਨਾਂ ਨੂੰ ਪਰਨਾਮ ਕੀਤੀ। ਰਾਮਾਨੰਦ ਜੀ ਨੇ ਪੁੱਛਿਆ ਕਿ ਤੁਸੀਂ ਕੌਣ ਹੋ? ਤਾਂ ਕਬੀਰ ਜੀ ਨੇ ਉੱਤਰ ਦਿੱਤਾ ਕਿ ਮੈਂ ਆਪ ਜੀ ਦਾ ਸ਼ਿਸ਼ ਹਾਂ। ਰਾਮਾਨੰਦ ਜੀ ਨੇ ਫਿਰ ਪ੍ਰਸ਼ਨ ਕੀਤਾ ਮੈਂ ਤੁਹਾਨੂੰ ਆਪਣਾ ਸ਼ਿਸ਼ ਕਦੋਂ ਬਣਾਇਆ ਸੀ? ਕਬੀਰ ਜੀ ਨੇ ਬੜੀ ਨਿਮਰਤਾ ਨਾਲ ਉਤਰ ਦਿੱਤਾ ਹੁਣੇ-ਹੁਣੇ ਹੀ ਜਦੋਂ ਤੁਸੀਂ 'ਰਾਮ-ਰਾਮ' ਕਿਹਾ ਮੈਂ ਉਸੇ ਵੇਲੇ ਹੀ ਇਸ ਨੂੰ ਆਪਣਾ 'ਗੁਰੂ ਮੰਤਰ' ਬਣਾ ਲਿਆ। ਸਤਿਗੁਰੂ ਰਾਮਾਨੰਦ ਜੀ ਕਬੀਰ ਜੀ ਦੇ ਇਸ ਉਤਰ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਆਪਣਾ ਸ਼ਿਸ਼ ਬਣਾ ਲਿਆ। ਕਬੀਰ ਜੀ ਨੂੰ ਸਤਿਗੁਰੂ ਰਾਮਾਨੰਦ ਜੀ ਨੇ ਸਾਰੇ ਸੰਸਕਾਰਾਂ ਦਾ ਗਿਆਨ ਕਰਵਾਇਆ ਤੇ ਗਿਆਨ ਦੀ ਗੰਗਾ ਵਿਚ ਡੁਬਕੀ ਲੁਆ ਦਿੱਤੀ।

ਕਬੀਰ ਜੀ ਤੇ ਸਤਿਗੁਰੂ ਰਾਮਾਨੰਦ ਜੀ ਦਾ ਰੰਗ ਇਸ ਤਰ੍ਹਾਂ ਚੜ੍ਹਿਆ ਕਿ ਉਹਨਾਂ ਨੇ ਆਪਣੇ ਗੁਰੂ ਜੀ ਦੇ ਸਨਮਾਨ ਵਿਚ ਇਸ ਤਰ੍ਹਾਂ ਕਿਹਾ:



ਸਭ ਧਰਤੀ ਕਾਗਜ਼ ਕਰੂੰ, ਲੇਖਨੀ ਸਭ ਬਨਰਾਜ।
ਸਾਤ ਸਮੁੰਦਰ ਕੀ ਮਸਿ ਕਰੂੰ, ਗੁਰੂ ਗੁਣ ਲਿਖਾ ਨਾ ਜਾਏ।
ਯਹ ਤਨ ਵਿਸ ਕੀ ਬੇਲਰੀ, ਗੁਰੂ ਅੰਮ੍ਰਿਤ ਕੀ ਖਾਨ।
ਸੀਸ ਦੀਓ ਜੋ ਗੁਰੂ ਮਿਲੇ, ਤੋ ਵੀ ਸਸਤਾ ਜਾਨ।

ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੈ ਕਿ ਜੀਵਨ ਵਿਚ ਗੁਰੂ ਦੇ ਮਹੱਤਵ ਦਾ ਵਰਣਨ ਸਤਿਗੁਰੂ ਕਬੀਰ ਦਾਸ ਜੀ ਨੇ ਆਪਣੇ ਦੋਹੇ ਵਿਚ ਬੜੀ ਸ਼ਰਧਾ ਤੇ ਆਤਮ ਵਿਸ਼ਵਾਸ ਨਾਲ ਕੀਤਾ ਹੈ। ਸਤਿਗੁਰੂ ਕਬੀਰ ਦਾਸ ਜੀ ਮੁਸਲਮਾਨ ਹੁੰਦੇ ਹੋਏ ਵੀ ਕਦੀ ਮਾਸ ਨੂੰ ਹੱਥ ਨਹੀਂ ਲਾਇਆ। ਸਤਿਗੁਰੂ ਕਬੀਰ ਦਾਸ ਜੀ ਜਾਤ-ਪਾਤ ਦੇ ਉਚ-ਨੀਚ ਦੇ ਬੰਧਨਾਂ ਤੋਂ ਪਰ੍ਹੇ ਇਕ ਫੱਕੜ, ਅਲਮਸਤ ਤੇ ਕ੍ਰਾਂਤੀਕਾਰੀ ਵਿਚਾਰਾਂ ਦੇ ਸਨ। ਉਹਨਾਂ ਨੇ ਇਕ ਰਮਤਾ-ਜੋਗੀ ਤੇ ਚਲਦੇ ਪਾਣੀ ਦੀ ਕਲਪਨਾ ਨੂੰ ਸਾਕਾਰ ਕੀਤਾ।

ਸਤਿਗੁਰੂ ਕਬੀਰ ਦਾਸ ਜੀ ਦਾ ਵਿਅਕਤਿਤਵ ਇਕ ਕਰਮਯੋਗੀਆਂ ਵਾਲਾ ਹੈ। ਉਹ ਹਰ ਤਰ੍ਹਾਂ ਦੀਆਂ ਕੁਰੀਤੀਆਂ ਦਾ ਵਿਰੋਧ ਕਰਦੇ ਹਨ। ਉਹ ਸਾਧੂ-ਸੰਤਾਂ ਤੇ ਸੂਫੀ ਫਕੀਰਾਂ ਦੀ ਸੰਗਤ ਤਾਂ ਕਰਦੇ ਸਨ ਪਰ ਧਰਮ ਦੇ ਠੇਕੇਦਾਰਾਂ ਤੋਂ ਦੂਰ ਰਹਿੰਦੇ ਸਨ। ਉਹਨਾਂ ਦਾ ਕਹਿਣਾ ਹੈ ਕਿ:-

ਹਿੰਦੂ ਬਰਤ ਇਕਾਦਸ਼ੀ ਸਾਧੇ ਦੂਧ ਸੰਘਾੜਾ ਸੇਤੀ।
ਅੰਨ ਕੋ ਤਿਆਗੇ, ਮਨ ਕੋਨਾ ਹਟਕੇ, ਪਾਰਣ ਕਰੇ ਸਗੋਤੀ।
ਦਿਨ ਕੋ ਰੋਜ਼ਾ ਰਹਿਤ ਹੈ, ਰਾਤ ਹਨਤ ਹੈ ਗਏ।
ਜਹਾ ਖੂੰਨ ਵੋ ਬੰਦਗੀ, ਕਿਉ ਕਰ ਖੁਸ਼ੀ ਖੁਦਾਏ।

ਜੀਵਾਂ ਦੀ ਹਿੰਸਾ ਨਾ ਕਰਨ ਅਤੇ ਮਾਸਾਹਾਰੀ ਦੇ ਪਿੱਛੇ ਕਬੀਰ ਸਾਹਿਬ ਦਾ ਤਰਕ ਬਹੁਤ ਵਧੀਆ ਹੈ। ਉਹ ਮੰਨਦੇ ਹਨ ਕਿ ਦਇਆ, ਹਿੰਸਾ ਤੇ ਪ੍ਰੇਮ ਦਾ ਮਾਰਗ ਇਕ ਹੈ। ਅਗਰ ਅਸੀਂ ਆਪਣੀ ਕੋਈ ਵੀ ਤ੍ਰਿਸ਼ਨਾ ਤੇ ਲਾਲਸਾ ਪੂਰੀ ਕਰਨ ਲਈ ਹਿੰਸਾ ਕਰਦੇ ਹਾਂ ਨਫ਼ਰਤ ਤੇ ਹਿੰਸਾ ਦਾ ਹੀ ਜਨਮ ਹੁੰਦਾ ਹੈ। ਬੇਜ਼ਬਾਨ ਜਾਨਵਰਾਂ ਲਈ ਜਾਂ ਮਾਨਵ ਦਾ ਸ਼ੋਸ਼ਣ ਕਰਨ ਵਾਲੇ ਵਿਅਕਤੀ ਸਤਿਗੁਰੂ ਕਬੀਰ ਦਾਸ ਜੀ ਲਈ ਸਦਾ ਨਿੰਦਕ ਰਹੇ ਹਨ।

ਸਤਿਗੁਰੂ ਕਬੀਰ ਜੀ ਸੰਸਾਰਕ ਜ਼ਿੰਮੇਵਾਰੀਆਂ ਤੋਂ ਕਦੇ ਦੂਰ ਨਹੀਂ ਗਏ। ਉਹਨਾਂ ਦੀ ਪਤਨੀ ਦਾ ਨਾਮ ਲੋਈ ਸੀ ਤੇ ਪੁੱਤਰ ਕਮਾਲ ਤੇ ਪੁੱਤਰੀ ਕਮਾਲੀ ਸੀ। ਉਹਨਾਂ ਨੇ ਆਪਣੇ ਪਰਿਵਾਰਕ ਰਿਸ਼ਤਿਆਂ ਨੂੰ ਵੀ ਭਲੀ-ਭਾਂਤੀ ਨਿਭਾਇਆ। ਆਪਣਾ ਤੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਨ ਲਈ ਆਪਣਾ ਜੱਦੀ-ਪੁਸ਼ਤੀ ਜੁਲਾਹੇ ਦਾ ਕੰਮ ਬੜੀ ਤਨਦੇਹੀ ਨਾਲ ਕੀਤਾ।

ਸਤਿਗੁਰੂ ਕਬੀਰ ਦਾਸ ਜੀ ਇਕ ਮਹਾਨ ਸੰਤ ਕਵੀ ਸਨ। ਉਹਨਾਂ ਦੀ ਭਾਸ਼ਾ ਸੰਧੂਕੜੀ ਕਹਾਉਂਦੀ ਹੈ। ਕਬੀਰ ਸਾਹਿਬ ਦੀ ਬਾਣੀ ਬਹੁਰੰਗੀ ਹੈ। ਉਹਨਾਂ ਨੇ ਕਿਸੇ ਗ੍ਰੰਥ ਦੀ ਰਚਨਾ ਨਹੀਂ ਕੀਤੀ। ਆਪਣੇ ਆਪ ਨੂੰ ਇਕ ਕਵੀ ਦੇ ਤੌਰ ਤੇ ਸਥਾਪਤ ਕਰਨਾ ਉਹਨਾਂ ਦਾ ਉਦੇਸ਼ ਨਹੀਂ ਸੀ। ਉਹਨਾਂ ਦੀ ਮੌਤ ਤੋਂ ਬਾਅਦ ਉਹਨਾਂ ਦੇ ਸ਼ਗਿਰਦਾਂ ਨੇ ਉਹਨਾਂ ਦੀ ਕਵਿਤਾ (ਰਚਨਾਵਾਂ) ਦਾ ਸੰਗ੍ਰਹਿ ਕੀਤਾ ਤੇ ਉਸ ਦਾ ਨਾਮ 'ਬੀਜਕ' ਰੱਖਿਆ। ਇਸ ਗ੍ਰੰਥ ਦੇ ਤਿੰਨ ਭਾਗ ਹਨ 'ਸਾਖੀ', 'ਸ਼ਬਦ' ਅਤੇ 'ਰਮੈਣੀ।' ਸਤਿਗੁਰੂ ਕਬੀਰ ਸਾਹਿਬ ਦੇ ਉਪਦੇਸ਼ਾਂ ਵਿਚ ਦਾਰਸ਼ਨਿਕਤਾ ਦਿਖਾਈ ਦਿੰਦੀ ਹੈ। ਗੁਰੂ-ਮਹਿਮਾ, ਪ੍ਰਮਾਤਮਾ ਦੀ ਮਹਿਮਾ, ਸੱਤਸੰਗ ਮਹਿਮਾ ਅਤੇ ਮਾਇਆ ਦਾ ਫੇਰ ਆਦਿਕ ਦਾ ਬੜਾ ਸੁੰਦਰ ਵਰਣਨ ਮਿਲਦਾ ਹੈ। ਉਹਨਾਂ ਦੀ ਬਾਣੀ ਵਿਚ ਵਿਚਾਰਾਂ ਦੀ ਬੜੀ ਸਰਲਤਾ ਤੇ ਸਪਸ਼ਟਤਾ ਹੈ। ਇਸ ਵਿਚ ਪੰਜਾਬੀ ਤੇ ਹਿੰਦੀ ਦਾ ਰਲਾ ਹੈ ਤੇ ਇਸ ਵਿਚ ਬੜੇ ਠੇਠ ਤੇ ਲੱਛੇਦਾਰ ਮੁਹਾਵਰੇ ਤੇ ਅਲੰਕਾਰਾਂ ਦਾ ਪ੍ਰਯੋਗ ਕੀਤਾ ਹੈ। ਉਹਨਾਂ ਦੀ ਭਾਸ਼ਾ ਤੇ ਬੜੀ ਪਕੜ ਸੀ ਤੇ ਉਸ ਵਿਚ ਸਭ ਤਰ੍ਹਾਂ ਦੇ ਜ਼ਰੂਰੀ ਸੂਤਰ ਹੋਣ ਕਰਕੇ ਮਹਾਨ ਵਿਦਵਾਨ ਸ੍ਰੀ ਹਜ਼ਾਰੀ ਪ੍ਰਸ਼ਾਦ ਦਵੇਦੀ ਜੀ ਕਬੀਰ ਸਾਹਿਬ ਨੂੰ 'ਭਾਸ਼ਾ ਦਾ ਡਿਕਟੇਟਰ' ਕਹਿੰਦੇ ਹਨ। ਸਤਿਗੁਰੂ ਕਬੀਰ ਸਾਹਿਬ ਦਾ ਮੂਲ-ਮੰਤਰ ਸੀ:

''ਮੈਂ ਕਹਤਾ ਆਖਨ ਦੇਖੀ, ਤੂੰ ਕਹਤਾ ਕਾਗਦ ਕੀ ਲੇਖਿਨ।''

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸਤਿਗੁਰੂ ਕਬੀਰ ਦਾਸ ਜੀ ਦੀ ਬਾਣੀ ਬਾਕੀ ਸਭ ਭਗਤਾਂ ਨਾਲੋਂ ਵਧੀਕ ਦਰਜ ਹੈ। ਉਹਨਾਂ ਦੀ ਬਾਣੀ 17 ਰਾਗਾਂ ਵਿਚ ਹੈ। ਉਹਨਾਂ ਰਾਗਾਂ ਦੇ ਨਾਮ ਇਹ ਹਨ:- ਸਿਰੀ ਰਾਗ, ਗਉੜੀ, ਆਸਾ, ਗੁਜਰੀ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮ ਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ, ਸਾਰੰਗ ਤੇ ਪ੍ਰਭਾਤੀ ਹਨ। ਸਵਾ ਦੋ ਸੌ ਪਦਾ, ਅੰਦਾਜ਼ਨ ਢਾਈ ਸੌ ਸਲੋਕ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹਨ। ਉਹਨਾਂ ਦੀ ਇਸ ਬਾਣੀ ਨੂੰ ਸਭ ਤੋਂ ਪ੍ਰਾਚੀਨ ਤੇ ਵਾਸਤਵਿਕ ਰਚਨਾ ਪ੍ਰਮਾਣਿਕ ਮੰਨਿਆ ਜਾਂਦਾ ਹੈ। ਇਸ ਵਿਚ ਸਾਧਨਾ, ਭਗਤੀ ਦੇ ਅੰਗ, ਸਿਮਰਨ, ਸੇਵਾ, ਨਿਰਮਾਣਤਾ, ਬਿਰਹਾ, ਸਰਣਾਗਤੀ, ਮਨ ਦੀਆਂ ਬਦਲਦੀਆਂ ਅਵਸਥਾਵਾਂ, ਹਠ-ਯੋਗ ਕਰਮ, ਫਿਰ ਪਰਮ ਅਨੰਦ ਦੀ ਪ੍ਰਾਪਤੀ ਦੇ ਰਹੱਸ ਬਾਣੀ ਵਿਚ ਕਈ ਰੰਗਾਂ ਵਿਚ ਆਏ ਹਨ। ਇਸ ਵਿਚ ਉਹਨਾਂ ਨੇ ਆਪਣੇ ਵਰਗ ਦੇ ਧੰਦੇ ਤੇ ਨਿੱਜੀ ਪਰਿਵਾਰਕ ਜ਼ਿੰਦਗੀ ਦੀ ਜਾਣਕਾਰੀ ਵੀ ਦਿੱਤੀ ਹੈ। ਸਮਕਾਲੀ ਭਗਤਾਂ ਦੇ ਪ੍ਰਭਾਵ ਕਬੂਲਣ ਦੇ ਪ੍ਰਮਾਣ ਭੀ ਉਹਨਾਂ ਦੀ ਬਾਣੀ ਵਿਚੋਂ ਮਿਲਦੇ ਹਨ। ਨਾਮਦੇਵ ਜੀ, ਰਵਿਦਾਸ ਜੀ, ਸੈਣ ਜੀ ਤੇ ਧੰਨਾ ਜੀ ਦੀ ਬਾਣੀ ਨਾਲ ਕਈ ਥਾਵਾਂ ਤੇ ਗੂੜ੍ਹੀਆਂ ਸਾਂਝਾਂ ਹਨ।

ਸਿੱਖ ਧਰਮ ਦੀਆਂ ਜੜ੍ਹਾਂ ਨੂੰ ਸਾਫ ਤੌਰ ਤੇ 'ਭਗਤੀ ਕਾਲ' ਦੀ 'ਲੋਕ ਲਹਿਰ' ਵਿਚ ਬੜੇ ਸਪਸ਼ਟ ਤੌਰ ਤੇ ਦੇਖਿਆ ਜਾ ਸਕਦਾ ਹੈ। ਸਿੱਖ ਧਰਮ ਲਈ ਗੁਰੂ ਸਾਹਿਬਾਨ ਨੇ ਜੋ ਸਿਧਾਂਤ ਦਿੱਤੇ, ਉਹਨਾਂ ਦੀ ਝਲਕ ਕਿਸੇ ਨਾ ਕਿਸੇ ਰੂਪ ਵਿਚ ਇਸ 'ਭਗਤੀ ਲਹਿਰ' ਵਿਚ ਨਜ਼ਰ ਆਉਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉੱਤਰੀ ਤੇ ਦੱਖਣੀ ਭਾਰਤ ਵਿਚ ਆਪਣੀਆਂ ਯਾਤਰਾਵਾਂ ਦੌਰਾਨ ਇਸ ਭਗਤੀ ਲਹਿਰ ਤੋਂ ਪ੍ਰਭਾਵ ਗ੍ਰਹਿਣ ਵੀ ਕੀਤਾ ਤੇ ਆਪਣੀ ਨਿਰਾਕਾਰ ਉਪਾਸ਼ਨਾ ਦਾ ਇਸ ਭਗਤੀ ਲਹਿਰ ਦੇ ਭਗਤਾਂ ਤੇ ਪ੍ਰਭਾਵ ਪਾਇਆ ਵੀ ਤੇ ਨਾਲ ਹੀ ਉਹਨਾਂ ਭਗਤਾਂ ਦੀ ਬਾਣੀ ਵੀ ਲਿਆਂਦੀ ਜੋ ਉਹਨਾਂ ਦੇ ਸਿਧਾਂਤਾਂ ਨਾਲ ਮੇਲ ਖਾਂਦੀ ਸੀ।

ਸਤਿਗੁਰੂ ਕਬੀਰ ਦਾਸ ਜੀ ਪਹਿਲਾਂ ਪੀਰ ਤਕੀ ਦੇ ਮੁਰੀਦ ਸਨ ਅਤੇ ਪਿੱਛੋਂ ਕ੍ਰਿਸ਼ਨ ਭਗਤ ਬਣੇ ਤੇ ਫਿਰ ਰਾਮ ਭਗਤ ਵੀ ਬਣੇ। ਇੱਥੇ ਉਹਨਾਂ ਨੂੰ ਦੂਸਰੇ ਸ਼ਬਦਾਂ ਵਿਚ ਅਵਤਾਰਵਾਦੀ ਵੀ ਕਿਹਾ ਜਾ ਸਕਦਾ ਹੈ। ਉਹਨਾਂ ਦਾ ਵਾਕ ਹੈ, ''ਸਾਵਲ ਸੁੰਦਰ ਰਾਮਈਆ, ਮੇਰਾ ਮਨ ਲਾਗਾ ਤੋਹਿ।'' ਇਸ ਤੋਂ ਅੱਗੇ ਉਹ ਆਪਣੀ ਬਾਣੀ ਵਿਚ ਕ੍ਰਿਸ਼ਨ ਜੀ ਦੇ ਜੀਵਨ-ਗੁਣਾਂ ਦਾ ਖੁੱਲ੍ਹੇ ਤੌਰ ਤੇ ਗੁਣਗਾਨ ਕਰਦੇ ਹਨ:

''ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾ ਰਸਿ ਗਾਊਂ ਰੇ।।
ਉਆ ਕਾ ਸਰੂਪ ਦੇਖਿ ਮੋਹੀ ਗੁਆਰਨਿ ਮੋ ਕਉ ਛੋਡਿ ਨ ਆਉ ਨ ਜਾਹੂਰੇ।।''

ਸਤਿਗੁਰੂ ਕਬੀਰ ਦਾਸ ਜੀ ਬਾਕੀ ਸਾਰੇ ਭਗਤਾਂ ਵਿਚੋਂ ਸਭ ਤੋਂ ਪਹਿਲਾਂ, ਗੁਰੂ ਨਾਨਕ ਦੇਵ ਜੀ ਵਾਂਗ ਨਿਰਗੁਣ ਨਿਰੰਕਾਰ ਬ੍ਰਹਮ ਦੇ ਉਪਾਸਕ ਦੱਸਣ ਵਾਲੇ ਵਿਦਵਾਨ ਭੀ ਹਨ ਤੇ ਖੁਦ ਈਸ਼ਵਰ ਕਹਿਣ ਵਾਲੇ ਵੀ ਹਨ। ਕੁਝ ਵਿਦਵਾਨ ਕਬੀਰ ਜੀ ਦੇ ਇਹਨਾਂ ਸਿਧਾਂਤਾਂ ਤੇ ਖਿਆਲਾਂ ਬਾਰੇ, ਗੁਰੂ ਨਾਨਕ ਦੇਵ ਜੀ ਨੂੰ ਸਤਿਗੁਰੂ ਕਬੀਰ ਦਾਸ ਜੀ ਤੋਂ ਪ੍ਰਭਾਵਿਤ ਹੋਣ ਦੀ ਗੱਲ ਵੀ ਮੰਨਦੇ ਹਨ।

ਕਬੀਰ ਜੀ ਦਾ ਜਿਉਂ-ਜਿਉਂ ਅਧਿਆਤਮਕ ਗਿਆਨ ਵਧਦਾ ਗਿਆ, ਉਹ ਤਿਵੇਂ-ਤਿਵੇਂ ਹੀ ਮਾਨਸਿਕ ਵਿਕਾਸ ਦੀਆਂ ਮੰਜ਼ਿਲਾਂ ਪਾਰ ਕਰਦੇ ਗਏ ਤੇ ਸਰਗੁਣਵਾਦੀ ਵਿਚਾਰਾਂ ਨੂੰ ਤਿਆਗਦੇ ਗਏ ਤੇ ਅਖੀਰ ਵਿਚ ਨਿਰਾਕਾਰ ਨਿਰੰਕਾਰ ਬ੍ਰਹਮ ਦੇ ਉਪਾਸ਼ਕ ਬਣ ਗਏ ਤੇ ਫਿਰ ਉਹਨਾਂ ਨੇ 'ਕ੍ਰਿਸ਼ਨ ਭਗਤੀ', 'ਰਾਮ ਭਗਤੀ' ਤੇ 'ਨਾਥਾਂ ਜੋਗੀਆਂ' ਦੀ ਵਿਚਾਰਧਾਰਾ ਜੋ ਕਿ ਅਵਤਾਰਵਾਦ ਹੈ, ਦਾ ਕਰੜਾ ਵਿਰੋਧ ਵੀ ਕੀਤਾ। ਹੁਣ ਉਹਨਾਂ ਦਾ 'ਰਾਮ' ਰਾਜਾ ਦਸ਼ਰਥ ਪੁੱਤਰ ਸ੍ਰੀ ਰਾਮ ਚੰਦਰ ਜੀ ਨਹੀਂ ਸਨ, ਸਗੋਂ ਉਹਨਾਂ ਦਾ 'ਰਾਮ' ਉਹ 'ਨਿਰਾਕਾਰ ਪਾਰ ਬ੍ਰਹਮ' ਸੀ। ਇਸ ਦੀ ਇਕ ਉਦਾਹਰਣ 'ਕਬੀਰ ਗ੍ਰੰਥਾਵਲੀ ਦੇ ਪੰਨਾ 204) ਤੇ ਇੰਝ ਦਰਜ ਹੈ:

ਨ ਦਸਰਥ ਘਰ ਔਤਰ ਆਵਾ।। ਨ ਲੰਕਾ ਕਾ ਰਾਵ ਸਤਾਵਾ।।
ਨਹਿ ਦੇਵੈ (ਦੇਵਕੀ) ਗਰਭ ਹੋਇ ਆਵਾ।। ਨ ਜਸੁਧੈ ਕੈ ਗੋਦ ਖਿਲਾਵਾ।।
ਲੋਗ ਕਹੈ ਗੋਵਰਧਨ ਧਾਰੀ।। ਤਾਕੀ ਮੋਹ ਅਚੰਭਾ ਭਾਰੀ।।
ਨਿਰਗੁਣ ਰਾਮ ਜਪਹੁ ਰੇ ਭਾਈ।। ਅਵਿਗਤ ਕੀ ਰਾਤਿ ਲਖੀ ਨਾ ਜਾਈ।।

ਸਤਿਗੁਰੂ ਕਬੀਰ ਦਾਸ ਜੀ ਨੇ ਕਿਸੇ ਵੀ ਥਾਂ ਆਪਣੇ ਆਪ ਨੂੰ ਮੁਸਲਮਾਨ ਜਾਂ ਹਿੰਦੂ ਨਹੀਂ ਕਿਹਾ। ਇਹ ਦੋਹਾਂ ਵਰਗਾਂ ਦੇ ਕਰਮ ਕਾਂਡਾਂ ਅਤੇ ਜਨੂੰਨੀ ਮਜ਼ਹਬੀ ਖਿੱਚੋਤਾਣ ਨੂੰ ਨਿੰਦਿਆਂ ਹੈ; 'ਹਿੰਦੂ ਤੁਰਕ ਕਹਾਂ ਤੇ ਆਏ, ਕਿਨਿ ਇਹ ਰਾਹ ਚਲਾਈ।' ਇਹ ਉਹਨਾਂ ਦਾ ਬੜਾ ਉੱਚਾ ਤੇ ਸ਼ੁੱਧ ਖਿਆਲ ਹੈ। ਮਨੁੱਖ, ਮਨੁੱਖ ਹੈ। ਉਸ ਤੋਂ ਉਪਰ ਹੈ ਗਿਆਨੀ ਚਾਹੇ ਉਹ ਕਿਸੇ ਵੀ ਰੂਪ ਵਿਚ ਹੋਵੇ। ਰੱਬ ਹਿੰਦੂਆਂ, ਮੁਸਲਮਾਨਾਂ ਵਿਚ ਵੰਡੀਆਂ ਨਹੀਂ ਪਾਉਂਦਾ ਤੇ ਨਾ ਹੀ 'ਸਮਾਜਿਕ ਨਾ ਬਰਾਬਰੀ' ਦੀ ਸਿੱਖਿਆ ਦਿੰਦਾ ਹੈ। ਇਹ ਮਨੁੱਖੀ ਵਰਗੀਕਰਨ ਬਾਰੇ ਉਹ ਆਪਣੇ ਵਿਚਾਰਾਂ ਵਿਚ ਕਹਿੰਦੇ ਹਨ ਕਿ ਸਭ ਇਨਸਾਨ ਉਸ ਪ੍ਰਮਾਤਮਾ ਦੇ ਪੈਦਾ ਕੀਤੇ ਹੋਏ ਤੇ ਇਹਨਾਂ ਵਿਚ ਕੌਣ ਮੰਦਾ ਤੇ ਕੌਣ ਚੰਗਾ ਹੈ। ਇਹ ਪ੍ਰਮਾਤਮਾ ਹੀ ਜਾਣਦਾ ਹੈ। ਇਸ ਬਾਰੇ ਉਹ ਗੁਰਬਾਣੀ ਵਿਚ ਇੰਝ ਕਹਿੰਦੇ ਹਨ:

''ਅਵਲਿ ਅਲਾਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।''

ਉਹ ਮਨੁੱਖ ਦੇ ਪੁਨਰ ਜਨਮ ਲੈਣ ਵਿਚ ਵੀ ਵਿਸ਼ਵਾਸ ਨਹੀਂ ਰੱਖਦੇ ਸਨ ਤੇ ਇਸ ਬਾਰੇ ਇਸ ਤਰ੍ਹਾਂ ਆਪਣੇ ਵਿਚਾਰ ਰੱਖਦੇ ਹਨ:-

''ਕਹੁ ਕਬੀਰ ਜਿਸੁ ਸਤਿਗੁਰ ਭੇਟੈ।
ਪੁਨਰਪਿ ਜਨਮਿ ਨ ਆਵੈ।।''

ਸਤਿਗੁਰੂ ਕਬੀਰ ਦਾਸ ਜੀ ਨੇ ਬੜੇ ਕਰੜੇ ਅਤੇ ਕਰਾਰੇ ਬੋਲਾਂ ਵਿਚ ਦੰਭ, ਪ੍ਰਪੰਚ ਅਤੇ ਪਾਖੰਡਾਂ ਦੇ ਖੰਡਨ ਕਰਨ ਵਿਚ ਸਭ ਤੋਂ ਮੋਹਰਲੀ ਕਤਾਰ ਵਿਚ ਖਲੋਤੇ ਹਨ। ਦਿਖਾਵੇ ਦੇ ਫੋਕੇ ਧਾਰਮਿਕ ਅਡੰਬਰਾਂ ਦੀ ਉਹਨਾਂ ਖੂਬ ਛਿੱਲ ਉਤਾਰੀ ਹੈ, ਧਾਰਮਿਕ ਭੇਖ ਧਾਰ ਕੇ, ਲੋਕਾਂ ਨੂੰ ਮੂਰਖ ਬਣਾ ਕੇ ਆਪਣਾ ਧੰਦਾ ਤੇ ਤੋਰੀ ਫੁਲਕਾ ਚਲਾਉਣ ਵਾਲਿਆਂ ਨੂੰ ਖਾਸ ਤੌਰ ਤੇ ਭੰਡਿਆ ਹੈ। 'ਬਨਾਰਸ ਦੇ ਠੱਗਾਂ' ਦੀ ਮਿਸਾਲ ਸਾਡੇ ਸਮਾਜ ਵਿਚ ਬੜੀ ਮਸ਼ਹੂਰ ਹੈ। ਇਹ ਸ਼ਾਇਦ ਇਸੇ ਕਰਕੇ ਹੀ ਗੱਲ ਬਣੀ ਹੈ ਕਿ ਉਥੋਂ ਦੇ ਪੰਡੇ ਨਾਮ ਦਾਨ ਇਸ਼ਨਾਨ, ਸਵਰਗ, ਨਰਕ ਤੇ ਭਵਿੱਖ ਦੇ ਪ੍ਰਚਾਵਿਆਂ ਨਾਲ ਲੋਕਾਂ ਨੂੰ ਕੁਰਾਹੇ ਪਾ ਕੇ ਲੁੱਟਦੇ ਸਨ। ਨੰਗੇ ਫਿਰਨਾ, ਸਿਰ ਮੰਡਾਉਣਾ, ਜਤੀ ਆਦਿ ਕਹਾਉਣਾ, ਜੋਗੀਆਂ ਵਾਲੀ ਕਰਮ ਕਿਰਿਆ ਭੀ ਕਬੀਰ ਜੀ ਦੇ ਹਮਲੇ ਤੋਂ ਨਹੀਂ ਬਚ ਸਕੀ:

'ਨਗਨ ਫਿਰਤ ਜੋ ਪਾਈਐ ਜੋਗ।।
ਬਨ ਕਾ ਮਿਰਗ ਮੁਕਤਿ ਸਭੁ ਹੋਗੁ।।'

(ਬਾਕੀ ਅਗਲੇ ਸਫੇ 'ਤੇ)

# ਸਵਰਗ ਦਾ ਪਰਾਏਵਾਚੀ ਹੈ ਸ਼ਹਿਰ ਕਿਨੌਰ, ਹਿਮਾਚਲ



ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

ਸਵਰਗ ਦੇ ਪਰਾਏਵਾਚੀ ਹੈ ਹਿਮਾਚਲ ਪ੍ਰਦੇਸ਼ ਦਾ ਖ਼ੂਬਸੂਰਤ ਮਨਮੋਹਣਾ ਪਹਾੜੀ ਇਲਾਕੇ ਵਾਲਾ ਸ਼ਹਿਰ ਕਿਨੌਰ। ਚੰਡੀਗੜ ਤੋਂ ਸ਼ਿਮਲਾ ਅਤੇ ਸ਼ਿਮਲੇ ਤੋਂ ਕਿਨੌਰ ਜਾਇਆ ਜਾ ਸਕਦਾ ਹੈ। ਚੰਡੀਗੜ ਤੋਂ ਕਿਨੌਰ ਤਕ ਦਾ ਸਫ਼ਰ ਬਹੁਤ ਲੁਭਾਵਣਾ ਹੈ। ਪਹਾੜੀ ਦ੍ਰਿਸ਼ ਮਨ ਨੂੰ ਛੂਹ-ਛੂਹ ਜਾਂਦੇ ਹਨ ਚੰਡੀਗੜ ਤੋਂ ਕਾਲਿਕਾ ਅਤੇ ਕਾਲਿਕਾ ਤੋਂ ਪਹਾੜੀ ਇਲਾਕਾ ਸ਼ੁਰੂ ਹੋ ਜਾਂਦਾ ਹੈ। ਪਹਾੜਾਂ ਦੀ ਹਰਿਆਲੀ, ਰੁੱਖ, ਟੇਢੇ-ਮੇਢੇ, ਢਲਾ੍ਹ, ਚੜਾ੍ਹ ਰੋਮਾਂਟਿਕ ਰਸਤੇ ਦਿਲ ਨੂੰ ਮੋਹ ਮੋਹ ਜਾਂਦੇ ਹਨ। ਲੁਕਵੇਂ ਅਤੇ ਨਾਟਕੀ ਢੰਗ ਨਾਲ ਆਉਂਦੇ ਦ੍ਰਿਸ਼ ਚੰਗੇ ਲਗਦੇ ਹਨ। ਰਸਤੇ ਵਿਚ ਦਰਿਆ, ਝਰਨੇ, ਬਾਗ, ਹਰਿਆਵਲ, ਤਰਾਂ-ਤਰਾਂ ਦੇ ਫਲ-ਫੁਲ, ਪੰਛੀ, ਜਾਨਵਰ ਅਤੇ ਅਸਮਾਨ 'ਚ ਬਦਲਾਂ ਦੇ ਅਕ੍ਰਿਤੀਕਾਰੀ ਦ੍ਰਿਸ਼ ਸਵਰਗ ਦੇ ਕੋਲ ਕੋਲ ਲੈ ਜਾਂਦੇ ਹਨ। ਕਵਿਤਾ-ਕਹਾਣੀਆਂ ਵਰਗੇ ਦ੍ਰਿਸ਼, ਜਿਵੇਂ ਕੁਦਰਤ ਨੇ ਕੋਈ ਖ਼ੂਬਸੂਰਤ ਕਵਿਤਾ ਲਿਖ ਦਿੱਤੀ ਹੋਵੇ। ਸੁੰਦਰ ਕੁਦਰਤ ਤੇ ਸਮੇਂ ਵਿਚ ਕੁਦਰਤ ਧਰਤੀ 'ਤੇ ਆਪਣੇ ਮੰਗਲਮਈ ਹਸਤਾਖਸ਼ਰ ਕਰਦੀ ਨਜ਼ਰ ਆਉਂਦੀ ਹੈ।

ਕੁਦਰਤ ਦੀ ਸ਼ਿਲਪਕ ਕਲਾਕਾਰੀ ਕਿਸੇ ਸ਼ਿਸਟਤਾ ਨੂੰ ਜਨਮ ਦਿੰਦੀ ਨਜ਼ਰ ਆਉਂਦੀ ਹੈ। ਹਿਮਾਚਲ, ਪ੍ਰੀਯੇ ਦਰਸ਼ਨ ਦਾ ਅਭਿਲਾਸ਼ੀ ਹੈ। ਅਗਰ ਅਚਾਨਕ ਬਾਰਿਸ਼ ਆ ਜਾਵੇ ਤਾਂ ਕੁਦਰਤ ਦੀ ਗੋਦ ਵਿਚ ਲਬਾਲਬ ਆਤਮ ਮੁਗਧਤਾ ਉਮੜ ਆਉਂਦੀ ਹੈ। ਮੌਸਮ ਜਿਵੇਂ ਨਿਮੰਤਰਨ ਦੇ ਰਿਹਾ ਹੋਵੇ ਤੀਰਵ ਇੱਛਾ ਦੀ ਹੋਂਦ ਨੂੰ। ਕਲੋਲ ਕਰਦੇ ਪੰਛੀਆਂ ਦੇ ਝੁੰਡ, ਕਈ ਤਰ੍ਹਾਂ ਦੇ ਆਕਾਰ ਬਣਾਦੇ ਹੋਏ ਲੋਕਿਕਤਾ ਵਿਚ ਸ੍ਰੇਸ਼ਟਤਾ ਦੀ ਹੋਂਦ ਪੈਦਾ ਕਰਦੇ ਹਨ। ਉਜਸਵੀ ਤੇਜ ਹਵਾਵਾਂ ਦੇ ਅਧਿਆਏ ਜਦ ਖੁਲ੍ਹਦੇ ਹਨ ਤਾਂ ਇਕਾਂਤ ਵਿਚ ਸਰਸਰਾਹਟ ਦੀਆਂ ਝਾਂਜਰਾਂ ਦਾ ਸ਼ੋਰ ਮਜ਼ਾ ਦਿੰਦੇ ਤੇ ਭਾਰਤੀਏ ਹਿਮਾਲਿਆ ਵਿਚ ਉਤਰੀ ਭਾਰਤ ਦੇ ਹਿਮਾਚਲ ਪ੍ਰਦੇਸ਼ ਦੇ ਕਿਨੌਰ ਭਾਰਤੀਏ ਹਿਮਾਲਿਆ ਵਿਚ ਉਤਰੀ ਭਾਰਤ ਦੇ ਹਿਮਾਚਲ ਪ੍ਰਦੇਸ਼ ਦੇ ਕਿਨੌਰ ਜ਼ਿਲ੍ਹੇ ਵਿਚ ਰਿਕਾਂਗ ਪੀ੍ਹ ਦੇ ਉਪਰ ਘਾਟੀ ਹੈ, ਕਿਨੌਰ ਲੋਕਾਂ ਦੁਆਰਾ ਬਸਾਇਆ ਗਿਆ ਅਤੇ ਅਪਣੇ ਸੇਬਾਂ ਦੇ ਬਾਗ਼ਾਂ ਲਈ ਵਿਸ਼ਵ ਪ੍ਰਸਿੱਧ ਹੈ। ਸੇਬ ਇਸ ਇਲਾਕੇ ਦੇ ਲਈ ਪ੍ਰਮੁੱਖ ਨਕਦੀ ਫ਼ਸਲ ਹੈ। ਸਥਾਨਕ ਕਿਨੌਰ ਹਿੰਦੂ ਅਤੇ ਬੁੱਧ ਧਰਮ ਦੇ ਅਨੁਯਾਈਆਂ ਦਾ ਸਥਾਨ ਵੀ ਕਿਹਾ ਜਾ ਸਕਦਾ ਹੈ। ਇੱਥੇ ਕਈ ਮੰਦਿਰ ਅਤੇ ਬੁੱਧ ਧਰਮ ਦੇ ਮੰਦਿਰ ਸੁਸ਼ੋਭਿਤ ਹਨ।

ਕਿਨੌਰ ਭਾਰਤ ਉਤਰ ਵਿਚ ਹਿਮਾਚਲ ਪ੍ਰਦੇਸ਼ ਰਾਜ ਦੇ ਬਾਰ੍ਹਾਂ ਪ੍ਰਸ਼ਾਸਨਿਕ ਜ਼ਿਲ੍ਹਿਆਂ ਵਿਚੋਂ ਇਕ ਹੈ। ਜ਼ਿਲ੍ਹੇ ਨੂੰ ਤਿੰਲ ਪ੍ਰਸ਼ਾਸਨਿਕ ਇਲਾਕਿਆਂ ਪੂਹ, ਕਲਪਾਂ ਅਤੇ ਨਿਚਾਰ, ਭਾਬਨਗਰ ਵਿਚ ਵੰਡਿਆ ਹੋਇਆ ਹੈ। ਇਸ ਜ਼ਿਲ੍ਹੇ ਵਿਚ ਕਿਨੌਰ ਕੈਲਾਸ਼ ਪਰਬਤਦੀ ਚੋਟੀ ਪਾਈ ਜਾਂਦੀ ਹੈ।

ਲਾਹੌਲ ਅਤੇ ਸਪੀਤੀ ਤੋਂ ਬਾਅਦ ਇਹ ਸੁੰਦਰ ਜਗ੍ਹਾ ਹੈ। ਗਰਮੀਆਂ ਦੇ ਦਿਨਾਂ ਵਿਚ ਅਪ੍ਰੈਲ ਤੋਂ ਜੂਨ ਤਕ ਘੁੰਮਣ ਲਈ ਇਹ ਇਕ ਸ਼ਾਨਦਾਰ ਯਾਦਗਾਰ ਆਕਰਸ਼ਕ ਮਨਮੋਹਣਾ ਸਥਾਨ ਹੈ। ਹਾਲਾਂਕਿ ਅਗਰ ਆਪ ਕਿਨੌਰ ਦੇ ਪ੍ਰਸਿੱਧ ਸੇਬਾਂ ਉਪਰ ਦਾਵਤ ਦੇਣਾ ਚਾਹੁੰਦੇ ਹੋ ਤਾਂ ਕਟਾਈ ਦੇ ਸਮੇਂ ਸੇਬਾਂ ਦੀ ਸੁੰਦਰ ਭਰਮਾਰਹੁੰਦੀ ਹੈ। ਇਸ ਲਈ ਤੁਸੀਂ ਸਿਤੰਬਰ ਤੇ ਅਕਤੂਬਰ, ਨਵੰਬਰ ਮਹੀਨੇ ਵਿਚ ਜ਼ਰੂਰ ਏਧਰ ਆਉ।

ਭਾਰਤੀਏ ਹਿਮਾਲਿਆ ਵਿਚ ਉਤਰੀ ਭਾਰਤ ਦੇ ਹਿਮਾਚਲ ਪ੍ਰਦੇਸ਼ ਦੇ ਕਿਨੌਰ ਜ਼ਿਲ੍ਹੇ ਵਿਚ ਰਿਕਾਂਗ ਪੀਉ ਦੇ ਉਪੱਰ ਪਾਰਟੀ ਹੈ, ਕਿਨੌਰ ਲੋਕਾਂ ਦੁਆਰਾ ਬਸਾਇਆ ਗਿਆ ਅਤੇ ਅਪਣੇ ਸੇਬਾਂ ਦੇ ਬਾਗ਼ਾਂ ਲਈ ਵਿਸ਼ਵ ਪ੍ਰਸਿੱਧ ਹੈ, ਸੇਬ ਇਸ ਇਲਾਕੇ ਦੇ ਲਈ ਪ੍ਰਮੁੱਖ ਨਕਦੀ ਫਸਲ ਹੈ। ਸਥਾਨਕ ਕਿਨੌਰ ਹਿੰਦੂ ਅਤੇ ਬੁੱਧ ਧਰਮ ਦੇ ਅਨੁਯਾਈਆਂ ਦਾ ਸਥਾਨ ਵੀ ਕਿਹਾ ਜਾ ਸਕਦਾ ਹੈ। ਇੱਥੇ ਕਈ ਮੰਦਿਰ ਅਤੇ ਬੁੱਧ ਧਰਮ ਦੇ ਮੰਦਿਰ ਸੁਸ਼ੋਭਿਤ ਹਨ।

ਕਿਨੌਰ ਭਾਰਤ ਵਿਚ ਹਿਮਾਚਲ ਪ੍ਰਦੇਸ਼ ਰਾਜ ਦੇ ਬਾਰਾਂ ਪ੍ਰਸ਼ਾਸਨਿਕ ਜ਼ਿਲ੍ਹਿਆਂ ਵਿਚੋਂ ਇਕ ਹੈ। ਜ਼ਿਲ੍ਹੇ ਨੂੰ ਤਿੰਨ ਪ੍ਰਸ਼ਾਸਨਿਕ ਇਲਾਕਿਆ ਪੂਹ, ਕਲਪਾ ਅਤੇ ਨਿਚਾਰ, ਭਾਬਾਨਗਰ ਵਿਚ ਵੰਡਿਆ ਹੋਇਆ ਹੈ। ਇਸ ਜ਼ਿਲ੍ਹੇ ਵਿਚ ਕਿਨੌਰ ਕੈਲਾਸ਼ ਪਰਬਤ ਦੀ ਚੋਟੀ ਪਾਈ ਜਾਂਦੀ ਹੈ।

ਲਾਹੌਰ ਅਤੇ ਸਪੀਤੀ ਤੋਂ ਬਾਅਦ ਇਹ ਸੁੰਦਰ ਜਗ੍ਹਾ ਹੈ। ਗਰਮੀਆਂ ਦੇ ਦਿਨਾਂ ਵਿਚ ਅਪ੍ਰੈਲ ਤੋ ਜੂਨ ਤਕ ਘੁੰਮਣ ਲਈ ਇਕ ਸ਼ਾਨਦਾਰ ਯਾਦਗਾਰ ਆਦਰਸ਼ਕ ਮਨਮੋਹਦਾ ਸਥਾਨ ਹੈ। ਹਾਲਾਂ ਕਿ ਅਗਰ ਆਪ ਕਿਨੌਰ ਦੇ ਪ੍ਰਸਿੱਧ ਸੇਬਾਂ ਉਪੱਰ ਦਾਵਤ ਦੇਣਾ ਚਾਹੁੰਦੇ ਹੋ। ਤਾਂ ਕਟਾਈ ਦੇ ਸਮੇਂ ਸੇਬਾਂ ਦੀ ਸੁੰਦਰ ਭਰਮਾਰ ਹੁੰਦੀ ਹੈ ਇਸ ਲਈ ਤੁਸੀ ਸਿਤੰਬਰ ਤੋਂ ਅਕਤੂਬਰ, ਨਵੰਬਰ ਮਹੀਨੇ ਵਿਚ ਜ਼ਰੂਰ ਏਧਰ ਆਉ।

ਇਕ ਅਕਤੂਬਰ ਮਰਮ-ਸਪਰਸ਼ੀ ਸਥਾਨ ਹੈ ਕਲਪਾ, ਕਿਨੌਰ ਜ਼ਿਲ੍ਹੇ ਦਾ ਛੋਟਾ ਜਿਹਾ ਕਸਬਾ ਹੈ। ਇਹ ਸਤਲੁਜ ਲਈ ਉਤੇ ਵੱਸਿਆ ਹੋਇਆ ਸੁੰਦਰ ਨਗਰ ਹੈ। ਇਹ ਇਕ ਆਦਰਸ਼ ਸੁੰਦਰ ਅਵਕਾਂਸ਼ ਸਥਾਨ ਬਣਾਉਂਦਾ ਹੈ। ਇਸ ਸਥਾਨ ਵੱਲ ਤੁਸੀਂ ਹੇਠਲੀ ਦੁਨੀਆ ਨੂੰ ਛੱਡ ਕੇ ਬਦਲਾਂ ਅਤੇ ਸੁਪਨਿਆਂ ਦੀ ਦੁਨੀਆਂ ਵਿਚ ਪ੍ਰਵੇਸ਼ ਕਰਨ ਲਈ ਕਾਫ਼ੀ ਉਚਾਈ ਤੇ ਪਹੁੰਚ ਚੁਕੇ ਹੁੰਦੇ ਹੋ।

ਕਲਪਾ ਕਿਨੌਰ ਇਕ ਪਰਬਤਾਂ ਦੀ ਸ੍ਰੇਣੀ ਦਾ ਜੰਨਤ ਹੈ। ਸਵਰਗ ਦੀ ਪੌੜੀ ਦਾ ਆਗਾਜ਼ ਹੁੰਦੀ ਹੈ, ਕਿਨੌਰ ਦੀ ਯਾਤਰਾ ਦਾ ਮਜ਼ਾ।

ਇਹ ਸਥਾਨ ਸਜਦਾਗਾਹ ਤੋਂ ਘੱਟ ਨਹੀਂ। ਚਰਨਿਆਂ ਅਤੇ ਦਰਿਆਵਾਂ ਦੀਟਾਂ ਲੈਯਾਤਮਕ ਧਵਨੀਆਂ ਅੰਤ ਰੰਗ ਵਿਚ ਆਤਮਕ ਅਲੋਕਿਕਤਾ ਭਰਦੀਆਂ ਹੋਈਆਂ ਅਧਿਆਤਮਿਕਤਾ ਤੇ ਪਰਿਪੂਰਨ ਹੋ ਜਾਂਦੀਆਂ ਹਨ।

ਜਦ ਤੁਸੀ ਕਦੀ ਇਸ ਸਥਾਨ ਤੇ ਪਰੀਚਿਤ ਹੋਵੇਗੇ ਤਾਂ ਤ੍ਰਿਪਤੀ ਦਾ ਅਹਿਸਾਸ ਆਤਮਿਕ ਯੋਗਦਾਨ ਪਾਵੇਗਾ। ਸੁੰਦਰ ਸਥਾਨ ਹੈ ਸਵਰਗ ਦਾ ਪਰਾਏਵਾਰੀ ਕਲਪਾ-ਕਿਨੌਰ।





# ਮਿਸਟਰ ਸਿੰਘ ਦੀ ਟੀਮ ਵੱਲੋਂ ਤਕਨੀਕ ਦਾ ਨਵੀਨੀਕਰਨ-ਬਣਾਇਆ ਕੀਵੀਫਰੂਟ ਗ੍ਰਿੱਪਰ ਰੋਬੋਟ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਫੀਲਡੇਸ 2025 ਜੋ ਕਿ 11 ਤੋਂ 14 ਜੂਨ ਤੱਕ ਹਮਿਲਟਨ ਵਿਖੇ ਹੋ ਰਿਹਾ ਹੈ ਅਤੇ ਇਸ ਨੂੰ ਵੱਡਾ ਕਿਸਾਨ ਮੇਲਾ ਵੀ ਕਿਹਾ ਜਾਂਦਾ ਹੈ ਵਿਖੇ ਇਕ ਨਵੀਂ ਮਸ਼ੀਨ ਦੀ ਜਰੂਰ ਚਰਚਾ ਰਹੇਗੀ। ਕੀ ਹੈ ਉਹ ਨਵੀਂ ਮਸ਼ੀਨ ਆ ਜਾਣਦੇ ਹਾਂ। ਵਾਈਕਾਟੋ ਯੂਨੀਵਰਸਿਟੀ ਨੇ ਕੀਵੀਫਰੂਟ 'ਗ੍ਰਿੱਪਰ' ਰੋਬੋਟ ਨੂੰ ਬਣਾਇਆ ਹੈ ਜੋ ਕੀਵੀ ਤੋੜਨ ਦਾ ਕੰਮ ਸੌਖਾ ਕਰੇਗੀ। ਇਸ ਨੂੰ ਇਨੋਵੇਸ਼ਨ ਅਵਾਰਡਾਂ ਵਿੱਚ ਸ਼ਾਮਲ ਕੀਤਾ ਗਿਆ ਹੈ, ਜੋ ਕਿ ਕਿਸਾਨ ਮੇਲੇ ਦੇ ਵਿਚ ਦੇਣੇ ਜਾਣੇ ਹਨ। ਕੀਵੀਫਰੂਟ ਉਦਯੋਗ ਨੂੰ ਸਮਰਥਨ ਦੇਣ ਲਈ ਤਿਆਰ ਕੀਤੇ ਗਏ ਦੋ ਵਿਸ਼ੇਸ਼ ਟੂਲਸ ਨੂੰ ਲੈ ਕੇ ਕਾਫੀ ਉਤਸੁਕਤਾ ਹੈ। ਸਕੂਲ ਆਫ਼ ਇੰਜੀਨੀਅਰਿੰਗ ਨੇ ਇੱਕ 3ਡੀ-ਪ੍ਰਿੰਟਿਡ ਰੋਬੋਟਿਕ ਗ੍ਰਿਪਰ ਬਣਾਇਆ, ਨਾਲ ਹੀ ਨਰਮ ਰੋਬੋਟਿਕ ਉਂਗਲਾਂ ਜੋ ਫਲਾਂ ਦੀਆਂ ਸਤਹਾਂ ਦੇ ਅਨੁਕੂਲ ਹਨ, ਦੋਵੇਂ ਹੀ ਫਲਾਂ ਨੂੰ ਕੋਮਲ ਢੰਗ ਨਾਲ ਸੰਭਾਲਣ ਲਈ ਤਿਆਰ ਕੀਤੀਆਂ ਗਈਆਂ ਹਨ।



ਇਹ ਔਜ਼ਾਰ ਯੂਨੀਵਰਸਿਟੀ ਆਫ਼ ਵਾਈਕਾਟੋ ਸਕੂਲ ਆਫ਼ ਇੰਜੀਨੀਅਰਿੰਗ ਦੇ ਸੀਨੀਅਰ ਲੈਕਚਰਾਰ ਡਾ: ਅਜੀਤ ਪਾਲ ਸਿੰਘ ਅਤੇ ਉਨ੍ਹਾਂ ਦੀ ਸੱਤ ਮੈਂਬਰੀ ਟੀਮ ਦੁਆਰਾ ਵਿਕਸਤ ਕੀਤੇ ਗਏ ਸਨ। ਮਿਸਟਰ ਸਿੰਘ ਨੇ ਕਿਹਾ ਕਿ ਗ੍ਰਿਪਰ ਇੱਕ ਰੋਬੋਟਿਕ ਪ੍ਰਣਾਲੀ ਦੇ ਅੰਤ ਵਿੱਚ ਇੱਕ ਹਿੱਸਾ ਸੀ ਜੋ ਸਰੀਰਕ ਤੌਰ 'ਤੇ ਫਲਾਂ ਨੂੰ ਚੁੱਕਦਾ ਹੈ। ਮਸ਼ੀਨ ਦੇ ਨਕਲੀ ਹੱਥ ਕੀਵੀ ਫਲ ਨਾਲ ਹੌਲੀ-ਹੌਲੀ ਸਪਰਸ਼ ਕਰਦੇ ਹਨ ਤਾਂ ਜੋ ਉਹ ਖਰਾਬ ਨਾ ਹੋਣ। ਜੇਕਰ ਫਲ ਨੂੰ ਜਿਆਦਾ ਜ਼ੋਰ ਮਾਰਿਆ ਜਾਂਦਾ ਹੈ ਜਾਂ ਡਿੱਗ ਸਕਦਾ ਹੈ, ਇਸ ਕਰਕੇ ਰੋਬੋਟਿਕ ਆਟੋਮੇਸ਼ਨ ਦਾ ਫਾਇਦਾ ਖਤਮ ਹੋ ਸਕਦਾ ਹੈ। ਸੋ ਇਸ ਨੂੰ ਉਸਦੇ ਮੁਤਾਬਿਕ ਬਣਾਇਆ ਗਿਾ ਹੈ। ਇਸਦਾ ਦਾ ਉਦੇਸ਼ ਉਨ੍ਹਾਂ ਦੀਆਂ ਨਰਮ, ਲਚਕਦਾਰ ਸੰਪਰਕ ਸਤਹਾਂ ਰਾਹੀਂ ਨੁਕਸਾਨ ਨੂੰ ਘਟਾਉਣਾ ਹੈ। ਸਿੰਘ ਨੇ ਕਿਹਾ ਕਿ ਨਵੀਨਤਾਵਾਂ ਦਾ ਵਿਚਾਰ ਬਾਗਬਾਨੀ ਉਦਯੋਗ ਵਿੱਚ ਮਜ਼ਦੂਰਾਂ ਦੀ ਘਾਟ ਅਤੇ ਰਹਿੰਦ-ਖੂੰਹਦ ਨੂੰ ਘਟਾਉਣ ਦੀ ਇੱਛਾ ਕਾਰਨ ਪੈਦਾ ਹੋਇਆ ਸੀ। ਮਜ਼ਦੂਰਾਂ ਦੀ ਘਾਟ ਕਿਸਾਨਾਂ 'ਤੇ ਹੁਨਰਮੰਦ ਕਾਮਿਆਂ ਦੀ ਭਰਤੀ ਕਰਨ ਲਈ ਦਬਾਅ ਪਾ ਰਹੀ ਹੈ।।। ਅਤੇ ਜੇਕਰ ਜ਼ਮੀਨ 'ਤੇ ਕਾਫ਼ੀ ਹੁਨਰਮੰਦ ਕਾਮੇ ਨਹੀਂ ਹਨ, ਤਾਂ ਬਹੁਤ ਸਾਰਾ ਫਲ ਬਰਬਾਦੀ ਵਿੱਚ ਚਲਾ ਜਾਂਦਾ ਹੈ ਕਿਉਂਕਿ ਇਹ ਅਣਚੁਣਿਆ ਹੁੰਦਾ ਹੈ - ਇਸ ਲਈ ਉਹ ਪੈਸੇ ਗੁਆ ਰਹੇ ਹਨ। ਸਾਡਾ ਟੀਚਾ ਸਰਲ, ਲਾਗਤ-ਪ੍ਰਭਾਵਸ਼ਾਲੀ ਅਤੇ ਭਰੋਸੇਮੰਦ ਕਾਢਾਂ ਹਨ ਜੋ ਭਵਿੱਖ ਵਿੱਚ ਆਟੋਮੇਟਿਡ ਰੋਬੋਟਿਕ ਤਕਨਾਲੋਜੀ ਵਿੱਚ ਏਕੀਕ੍ਰਿਤ ਹੋਣ ਅਤੇ ਫਿਰ ਇੱਕ ਸੰਭਾਵੀ ਵਿਕਲਪ ਵਜੋਂ ਉਤਪਾਦਕਾਂ ਲਈ ਉਪਲਬਧ ਹੋਣ। ਸਿੰਘ ਨੇ ਕਿਹਾ ਕਿ ਟੀਮ ਨੇ ਪ੍ਰਯੋਗਸ਼ਾਲਾ ਵਿੱਚ ਪ੍ਰੋਟੋਟਾਈਪਾਂ ਦੀ ਜਾਂਚ ਕੀਤੀ ਅਤੇ ਹਾਲ ਹੀ ਵਿੱਚ ਇੱਕ ਬਾਗ਼ ਵਿੱਚ ਸ਼ੁਰੂਆਤੀ ਫੀਲਡ ਟਰਾਇਲ ਸ਼ੁਰੂ ਕੀਤੇ ਹਨ ਜਿਸ ਦੇ ਨਤੀਜੇ ਕਾਫ਼ੀ ਵਾਅਦਾ ਕਰਨ ਵਾਲੇ ਹਨ। ਕਈ ਜੋੜਾਂ ਜਾਂ ਸੈਂਸਰਾਂ ਵਾਲੇ ਰਵਾਇਤੀ ਡਿਜ਼ਾਈਨਾਂ ਦੇ ਉਲਟ, ਗ੍ਰਿੱਪਰ ਲਚਕਦਾਰ, ਸਿੰਗਲ-ਪੀਸ ਢਾਂਚੇ ਦੀ ਵਰਤੋਂ ਕਰਦੇ ਹਨ ਜੋ 3ਡੀ-ਪ੍ਰਿੰਟ ਕੀਤੇ ਪ੍ਰੋਟੋਟਾਈਪ ਹਨ। 2025 ਲਈ ਫੀਲਡੇਜ਼ ਇਨੋਵੇਸ਼ਨ ਅਵਾਰਡ ਪ੍ਰਵੇਸ਼ਕਾਂ ਵਿੱਚ ਵਾਈਕਾਟੋ ਯੂਨੀਵਰਸਿਟੀ ਦੇ ਦੋ ਔਜ਼ਾਰ ਸ਼ਾਮਲ ਸਨ। ਅੰਤ ਡਾ: ਅਜੀਤ ਪਾਲ ਸਿੰਘ ਨੂੰ ਨਵੀਂ ਤਕਨਾਲੋਜੀ ਦੀ ਸਥਾਪਨਾ ਦੇ ਲਈ ਇਹ ਕਹਿ ਸਕਦੇ ਹਾਂ ਕਿ ਨਕਲੀ ਹੱਥ ਇਕ ਦਿਨ ਆਪਣੀਆਂ ਪੈੜਾਂ ਛੱਡ ਜਾਣਗੇ ਅਤੇ ਲੋਕਾਂ ਦੇ ਲਈ ਖੇਤੀਬਾੜੀ ਦੇ ਲਈ ਕਈ ਨਵੇਂ ਰਾਹ ਖੋਲ੍ਹਣਗੇ।

# 'ਅਵਲਿ ਅਲਾਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ'

**(ਸਫਾ 26 ਦੀ ਬਾਕੀ)**

ਪਿਤਰ ਪੂਜਾ ਦਾ ਵੀ ਉਹਨਾਂ ਨੇ ਰੱਜ ਕੇ ਵਿਰੋਧ ਕੀਤਾ ਹੈ। ਮਾਤਾ ਪਿਤਾ ਦੀ ਜਿਉਂਦੇ ਜੀਅ ਸੇਵਾ ਕਰਨੀ ਚਾਹੀਦੀ ਹੈ। ਮਰਿਆਂ ਉਤੇ ਸਰਾਧ ਕਰਾਉਣੇ, ਕਾਵਾਂ ਕੁੱਤਿਆਂ ਨੂੰ ਖਵਾਉਣ ਤੋਂ ਵੱਧ ਪੁੰਨਯ ਕਰਮ ਨਹੀਂ ਹੈ:

"ਜੀਵਤ ਪਿਤਰ ਨਾ ਮਾਨੈ ਕੋਊ ਮੂਏਂ ਸਿਰਾਧ ਕਰਾਹੀ।।
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਉਆ ਕੂਕਰ ਖਾਹੀ।।"

ਉਹਨਾਂ ਦਿਨਾਂ ਵਿਚ ਦਿੱਲੀ ਦੇ ਤਖਤ ਤੇ ਸਿਕੰਦਰ ਲੋਧੀ ਦਾ ਰਾਜ ਸੀ। ਉਸਨੇ ਵੀ ਸਤਿਗੁਰੂ ਕਬੀਰ ਦਾ ਸਜੀ ਤੇ ਬੜੇ ਜ਼ੁਲਮ ਕੀਤੇ, ਜਿਹਨਾਂ ਨੂੰ ਉਹਨਾਂ ਨੇ ਆਪਣੇ ਆਤਮਕ ਬੱਲ ਨਾਲ ਸਹਾਰਿਆ ਤੇ ਆਪਣੇ ਮਾਨਵਵਾਦੀ ਮਿਸ਼ਨ ਤੋਂ ਉਹ ਟੱਸ ਤੋਂ ਮੱਸ ਨਾ ਹੋਏ। ਉਹਨਾਂ ਦੇ ਜੀਵਨ ਨਾਲ ਕਈ ਪ੍ਰਕਾਰ ਦੀਆਂ ਕਰਾਮਾਤਾਂ ਵੀ ਜੋੜੀਆਂ ਜਾਂਦੀਆਂ ਹਨ, ਜਿਹੜੀਆਂ ਵਿਗਿਆਨਕ ਤੇ ਯਥਾਰਥਵਾਦੀ ਨਜ਼ਰੀਏ ਤੋਂ ਮੰਨਣਯੋਗ ਨਹੀਂ ਹਨ। ਇਹ ਉਂਝ ਵੀ ਕਬੀਰ ਸਾਹਿਬ ਦੇ ਆਪਦੇ ਸਿਧਾਂਤਾਂ ਦੇ ਵਿਰੁੱਧ ਹਨ। ਉਹ ਤਾਂ ਇਕ ਕਰਮਯੋਗੀ ਸਨ ਜੋ ਇਨ੍ਹਾਂ ਰਿਧੀਆਂ-ਸਿੱਧੀਆਂ ਤੇ ਕਰਾਮਾਤਾਂ ਕਰਨ ਵਾਲਿਆਂ ਦਾ ਡੱਟ ਕੇ ਵਿਰੋਧ ਕਰਦੇ ਸਨ। ਸਤਿਗੁਰੂ ਕਬੀਰ ਦਾਸ ਜੀ ਦੀਆਂ ਸਾਖੀਆਂ ਵਿਚ ਸੱਚੇ ਗੁਰੂ ਦਾ ਗਿਆਨ ਮਿਲਦਾ ਹੈ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਕਬੀਰ ਸਾਹਿਬ ਦੀ ਕਵਿਤਾ ਦਾ ਸਰਵਉੱਚ ਮਹੱਤਵ ਧਾਰਮਿਕ, ਸਮਾਜਿਕ ਏਕਤਾ, ਸਮਾਜਿਕ ਬਰਾਬਰੀ, ਸਮਾਜਿਕ ਕੁਰੀਤੀਆਂ ਦਾ ਤਿਆਗ ਤੇ ਭਗਤੀ ਦਾ ਸੰਦੇਸ਼ ਦੇਣਾ ਹੈ।

ਸਤਿਗੁਰੂ ਕਬੀਰ ਦਾਸ ਜੀ ਦੀ ਮੌਤ ਦਾ ਰਹੱਸ ਵੀ ਜਨਮ ਦੀ ਤਰ੍ਹਾਂ ਰਹੱਸਮਈ ਹੈ। ਸਾਰਾ ਜੀਵਨ ਉਹ ਕਾਸ਼ੀ ਵਿਚ ਰਹਿਣ ਦੇ ਬਾਵਜੂਦ ਅੰਤ ਸਮਾਂ ਸੰਨ 1518 ਦੇ ਕਰੀਬ ਮਗਹਰ ਚਲੇ ਗਏ ਸਨ ਤੇ ਉਥੇ ਹੀ ਉਹਨਾਂ ਦੀ ਇਸੇ ਸਾਲ ਮੌਤ ਹੋ ਗਈ। ਇਸ ਮੌਤ ਦੇ ਸੰਨ ਬਾਰੇ ਵੀ ਕਈ ਵਿਦਵਾਨਾਂ ਦੇ ਆਪਣੇ ਮੱਤ ਅਲੱਗ ਅਲੱਗ ਰੱਖੇ ਹਨ ਪਰ ਬਹੁਮਤ ਉਹਨਾਂ ਦੀ ਮੌਤ ਦਾ ਸੰਨ 1518 ਈਸਵੀ ਹੀ ਮੰਨਦਾ ਹੈ।

ਮਗਹਰ ਚਲੇ ਜਾਣ ਪਿੱਛੇ ਵੀ ਉਹਨਾਂ ਦੀ ਇਕ ਸੋਚ ਕੰਮ ਕਰਦੀ ਸੀ। ਇਹ ਇਕ ਬਹੁਤ ਵੱਡਾ ਲੋਕਾਂ ਵਿਚ ਵਹਿਮ ਸੀ ਕਿ ਕਾਸ਼ੀ ਵਿਚ ਜਿਸ ਦੀ ਮੌਤ ਹੁੰਦੀ ਹੈ, ਉਹ ਸਿੱਧਾ ਸਵਰਗਾਂ ਵਿਚ ਜਾਂਦਾ ਹੈ, ਜਿਸ ਦੀ ਮੌਤ ਮਗਹਰ ਵਿਚ ਹੋਵੇ, ਉਹ ਸਿੱਧਾ ਨਰਕਾਂ ਵਿਚ ਜਾਂਦਾ ਹੈ। ਇਸ ਲੋਕਾਂ ਦੇ ਵਹਿਮ ਨੂੰ ਤੋੜਨ ਲਈ ਉਹ ਨਰਕਾਂ ਤੋਂ ਡਰੇ ਨਹੀਂ ਤੇ ਸਵਰਗਾਂ ਦੀ ਨਾ ਪ੍ਰਵਾਹ ਕਰਦਿਆਂ ਉਹਨਾਂ ਨੇ ਆਪਣਾ ਅੰਤਮ ਜੀਵਨ ਮਗਹਰ ਵਿਖੇ ਹੀ ਬਤੀਤ ਕੀਤਾ। ਇਸ ਤਰ੍ਹਾਂ ਕਰਕੇ ਉਹਨਾਂ ਨੇ ਲੋਕਾਂ ਦੇ ਸਵਰਗ ਤੇ ਨਰਕ ਦੇ ਵਹਿਮ ਨੂੰ ਤੋੜਿਆ ਜੋ ਕਿ ਉਹਨਾਂ ਦੀ ਇਕ ਵਿਗਿਆਨਕ ਸੋਚ ਦਾ ਪ੍ਰਤੀਕ ਹੈ। ਉਹਨਾਂ ਦੀ ਮੌਤ ਤੋਂ ਬਾਅਦ ਹਿੰਦੂ ਆਪਣੇ ਧਰਮ ਅਨੁਸਾਰ ਉਹਨਾਂ ਦਾ ਅੰਤਿਮ ਸੰ-ਸਕਾਰ ਕਰਨਾ ਚਾਹੁੰਦੇ ਸਨ ਅਤੇ ਮੁਸਲਮਾਨ ਆਪਣੇ ਧਰਮ ਅਨੁਸਾਰ ਕਰਨਾ ਚਾਹੁੰਦੇ ਸਨ। ਆਪਣੇ ਧਰਮ ਅਨੁਸਾਰ ਵਿਵਾਦ ਦੀ ਸਥਿਤੀ ਵਿਚ ਇਕ ਅਜੀਬ ਘਟਨਾ ਵਾਪਰੀ। ਉਹਨਾਂ ਦੇ ਮ੍ਰਿਤਕ ਸਰੀਰ ਤੋਂ ਜਦੋਂ ਚਾਦਰ ਹਟਾਈ ਗਈ ਤਾਂ ਦੇਖਿਆ ਕਿ ਮ੍ਰਿਤਕ ਸਰੀਰ ਦਾ ਥਾਂ ਕੁਝ ਫੁੱਲ ਪਏ ਸਨ, ਜਿਹਨਾਂ ਨੂੰ ਦੋਹਾਂ ਧਰਮਾਂ ਦੇ ਲੋਕਾਂ ਨੇ ਆਪਸ ਵਿਚ ਅੱਧੇ-ਅੱਧੇ ਵੰਡ ਲਿਆ।

ਸਤਿਗੁਰੂ ਕਬੀਰ ਦਾਸ ਜੀ ਦੇ ਮਹਾਨ ਵਿਅਕਤੀਤਵ ਤੇ ਅਹਿਮੀਅਤ ਨੂੰ ਜਾਇਸੀ ਨੇ ਆਪਣੀ ਰਚਨਾ ਵਿਚ ਬਹੁਤ ਹੀ ਸੁੰਦਰ ਤਰੀਕੇ ਨਾਲ ਤੇ ਸਤਿਕਾਰ ਨਾਲ ਬਿਆਨ ਕੀਤਾ ਹੈ:

"ਨਾ ਨਾਰਦ ਤਬ ਰੋਈ ਪੁਕਾਰਾ ਇਕ ਜੁਲਾਹੇ ਸੇ ਮੈਂ ਹਾਰਾ।
ਪ੍ਰੇਮ ਤਨਤੂ ਨਿਤ ਤਾਨਾ ਤਨਾਈ, ਜਪ ਤਪ ਸਾਧ ਸੈਕਰਾ ਭਰਾਈ।"

ਦੋਸਤੋ! ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੈ ਕਿ ਸਤਿਗੁਰੂ ਕਬੀਰ ਦਾਸ ਜੀ ਕੋਈ ਬਚਿੱਤਰ ਨਹੀਂ ਹਨ ਸਗੋਂ ਇਕ ਸਧਾਰਨ ਵਿਅਕਤੀ ਸਨ ਪ੍ਰੰਤੂ ਇਸ ਸਧਾਰਨਤਾ ਵਿਚ ਹੀ ਉਹ ਬਹੁਤ ਵਿਸ਼ੇਸ਼ ਵਿਅਕਤੀਤਵ ਦੇ ਮਾਲਕ ਹਨ। ਹਿੰਦੀ ਸਾਹਿਤ ਦੇ ਇਤਿਹਾਸ ਵਿਚ ਉਹਨਾਂ ਵਰਗਾ ਮਹਾਨ ਵਿਅਕਤੀਤਵ ਹੋਰ ਕੋਈ ਨਹੀਂ ਹੈ।

'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਬਾਣੀ ਨੇ ਵੀ ਉਹਨਾਂ ਨੂੰ ਅਮਰ ਬਣਾ ਦਿੱਤਾ ਹੈ ਕਿਉਂਕਿ ਉਹਨਾਂ ਦੀ ਬਾਣੀ 'ਸਰਬ ਸਾਂਝੀਵਾਲਤਾ' ਤੇ 'ਸਮਾਜਿਕ ਬਰਾਬਰੀ' ਦਾ ਮਾਨਵਤਾ ਨੂੰ ਸੰਦੇਸ਼ ਦਿੰਦੀ ਹੈ ਤੇ ਇਹੀ ਉਹਨਾਂ ਦੀ ਸੋਚ 'ਸੰਸਾਰਕ ਸਮਾਜ' ਸਿਰਜਣ ਵਿਚ ਸਹਾਈ ਹੁੰਦੀ ਹੈ।

''ਪਿਤਾ ਦਿਵਸ'' ਤੇ ਵਿਸ਼ੇਸ਼

# ਰੱਬ ਦਾ ਰੂਪ ਹੁੰਦਾ ਹੈ "ਪਿਤਾ"



ਪ੍ਰਮੋਦ ਧੀਰ,
98550-31081

ਗੁਰਮਤਿ ਫਿਲਾਸਫੀ ਵਿੱਚ ਪ੍ਰਭੂ ਪ੍ਰਮਾਤਮਾ ਨੂੰ ਵੀ ਪਰਮਪਿਤਾ ਨਾਲ ਸੰਬੋਧਨ ਕੀਤਾ ਜਾਦਾ ਹੈ ਅਰਥਾਤ ਸਭਨਾਂ ਦਾ ਪਿਤਾ ਜੋ ਸਾਰੀ ਮਨੁੱਖਤਾ ਦੀ ਪਾਲਣਾ ਕਰਦਾ ਹੈ। ਸਾਡੀ ਭਾਰਤੀ ਸੰਸਕ੍ਰਿਤੀ ਵਿੱਚ ਪਿਤਾ ਨੂੰ ਪਰਿਵਾਰ ਦਾ ਮੁਖੀ ਮੰਨਿਆ ਜਾਦਾ ਹੈ। ਪਰਿਵਾਰ ਦੀ ਰੋਜੀ ਰੋਟੀ ਦਾ ਆਹਾਰ ਕਰਨਾ ਪਿਤਾ ਦੀ ਜਿੰਮੇਵਾਰੀ ਹੁੰਦੀ ਹੈ। ਇਕ ਪਾਸੇ ਜਿਥੇ ਮਾਂ ਬੱਚੇ ਨੂੰ ਜਨਮ ਦੇਣ, ਪਾਲਣ ਪੋਸ਼ਣ ਅਤੇ ਪੜ੍ਹਾਉਣ ਲਿਖਾਉਣ ਦੇ ਨਾਲ-ਨਾਲ ਉਸ ਦੀਆ ਸਮੁੱਚੀਆ ਲੋੜ੍ਹਾਂ ਦਾ ਹੱਲ ਕਰਦੀ ਹੈ ਉਥੇ ਪਿਤਾ ਵੀ ਬੱਚੇ ਨੂੰ ਜਨਮ ਦੇਣ ਵਾਲਾ, ਪਰਿਵਾਰ ਦੀ ਰੋਜ਼ੀ ਰੋਟੀ ਅਤੇ ਬੱਚਿਆ ਦੀ ਪੜ੍ਹਾਈ-ਲਿਖਾਈ, ਕੱਪੜੇ ਅਤੇ ਰਹਿਣ ਲਈ ਘਰ ਦਾ ਖਰਚ ਆਦਿ ਦਾ ਪ੍ਰਬੰਧ ਕਰਦਾ ਹੈ। ਮਾਤਾ ਪਿਤਾ ਦੋਵਾਂ ਦੇ ਸਾਂਝੇ ਯਤਨਾਂ ਨਾਲ ਹੀ ਬੱਚਿਆ ਦਾ ਜੀਵਨ ਪ੍ਰਵਾਨ ਚੜ੍ਹਦਾ ਹੈ। ਅਸਲ ਵਿੱਚ ਪਿਤਾ ਉਸ ਨਿੰਮ ਦੇ ਦਰੱਖਤ ਸਮਾਨ ਹੁੰਦਾ ਹੈ,ਜਿਸ ਦੇ ਪੱਤੇ ਬੇਸ਼ੱਕ ਕੌੜੇ ਹੁੰਦੇ ਹਨ ਪਰ ਛਾਂ ਹਮੇਸ਼ਾ ਠੰਡੀ ਦਿੰਦਾ ਹੈ। ਜਨਮ ਤੋਂ ਬਾਅਦ ਪਿਤਾ ਹੀ ਉਂਗਲ ਫੜ ਕੇ ਬੱਚੇ ਨੂੰ ਤੁਰਨਾ ਸਿਖਾਉਂਦਾ ਹੈ ਅਤੇ ਮੋਢਿਆਂ ਤੇ ਬਿਠਾ ਕੇ ਝੂਟੇ ਦਿੰਦਾ ਹੈ। ਸਕੂਲੀ ਪੜ੍ਹਾਈ ਤੋਂ ਲੈ ਕੇ ਕਾਰੋਬਾਰ ਇਥੋਂ ਤੱਕ ਕਿ ਬੱਚੇ ਦੇ ਵਿਆਹ ਤੋਂ ਬਾਅਦ ਵੀ ਪਿਤਾ ਨੂੰ ਫਿਕਰ ਰਹਿੰਦਾ ਹੈ ਕਿ ਮੇਰੇ ਬੱਚੇ ਨੂੰ ਕਿਸੇ ਪ੍ਰਕਾਰ ਦੀ ਤੱਤੀ ਵਾਅ ਨਾ ਲੱਗੇ।

**ਪਿਤਾ ਦਿਵਸ ਦੀ ਸ਼ੁਰੂਆਤ ਕਿਵੇਂ ਹੋਈ?**

ਵੈਸਟ ਵਰਜੀਨੀਆ ਦੇਸ਼ ਨੇ ਪਹਿਲੀ ਵਾਰ ਪੰਜ ਜੁਲਾਈ 1908 ਨੂੰ ਫਾਦਰਜ਼ ਡੇਅ (ਪਿਤਾ ਦਿਵਸ) ਮਨਾਉਣ ਦੀ ਸ਼ੁਰੂਆਤ ਕੀਤੀ। ਗਰੇਸ ਗੋਲਡਨ ਕਲੇਟਨ ਜੋ ਐਨਾਂ ਜਰਵਿਸ ਤੋਂ ਬਹੁਤ ਪ੍ਰਭਾਵਿਤ ਸੀ, ਐਨਾ ਜਰਵਿਸ ਜਿਸ ਨੇ ਮਾਤਾ ਦਿਵਸ ਮਨਾਉਣਾ ਸੁਰੂ ਕੀਤਾ ਸੀ। ਦਸੰਬਰ 1907 ਵਿੱਚ ਇੱਕ ਦਿਲ ਕੰਬਾਉ ਘਟਨਾ ਵਿੱਚ ਗਰੇਸ ਦੇ ਪਿਤਾ ਦੀ ਮੌਤ ਹੋ ਗਈ ਸੀ। ਉਸ ਦੇ ਨਾਲ 210 ਆਦਮੀ ਵੀ ਆਪਣੇ ਵਿਲਕਦਿਆ ਬੱਚਿਆਂ ਨੂੰ ਛੱਡ ਕੇ ਦੁਨੀਆ ਤੋਂ ਰੁਖਸਤ ਹੋ ਗਏ ਸਨ। ਗਰੇਸ ਆਪਣੇ ਮਾਰੇ ਗਏ ਪਿਤਾ ਅਤੇ ਲੋਕਾਂ ਦੀ ਯਾਦ ' ਪਿਤਾ ਦਿਵਸ਼ ਮਨਾ ਕੇ ਉਹਨਾਂ ਨੂੰ ਸ਼ਰਧਾਂਜਲੀ ਦੇਣਾ ਚਾਹੁੰਦੀ ਸੀ ,ਪਰ ਉਸ ਸਮੇਂ ਆਪਣੇ ਇਲਾਕੇ ਤੋਂ ਬਿਨਾਂ ਹੋਰ ਲੋਕਾਂ ਨੂੰ ਇਸ ਪ੍ਰਤੀ ਉਤਸ਼ਾਹਿਤ ਨਾ ਕਰ ਸਕੀ। ਉਸ ਤੋਂ ਬਾਅਦ 19 ਜੂਨ 1910 ਈਸਵੀ ਨੂੰ ਵਾਸ਼ਿੰਗਟਨ 'ਚ ਇਹ ਦਿਵਸ ਮਨਾਇਆ ਗਿਆ। ਜਿਸ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕਾਂ ਨੇ ਪਿਤਾ ਦਿਵਸ ਮਨਾਉਣਾ ਸੁਰੂ ਕੀਤਾ। ਸੰਨ 1966 ਵਿੱਚ ਰਾਸ਼ਟਰਪਤੀ ਲਿੰਡਨ ਬੀ ਜਾਨਸਨ ਨੇ ਪਹਿਲੀ ਵਾਰ ਜੂਨ ਦੇ ਤੀਜੇ ਐਤਵਾਰ ਨੂੰ ਫਾਦਰਜ਼ ਡੇਅ ਮਨਾਉਣ ਦਾ ਫੈਸਲਾ ਕੀਤਾ। ਹੁਣ ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿੱਚ ਪਿਤਾ ਦਿਵਸ ਜੂਨ ਮਹੀਨੇ ਦੇ ਤੀਜੇ ਐਤਵਾਰ ਨੂੰ ਮਨਾਇਆ ਜਾਦਾ ਹੈ।

ਅੱਜ ਅਮਰੀਕਾ, ਇੰਗਲੈਂਡ, ਕੈਨੇਡਾ, ਭਾਰਤ, ਪਾਕਿਸਤਾਨ, ਜਾਪਾਨ, ਮਲੇਸ਼ੀਆ, ਸ੍ਰੀਲੰਕਾ ਅਦਿ ਸਮੇਤ 40 ਦੇਸ਼ਾਂ ਵਿੱਚ ਜੂਨ ਮਹੀਨੇ ਦੇ ਤੀਸਰੇ ਐਤਵਾਰ ਨੂੰ ਪਿਤਾ ਦਿਵਸ ਵਜੋ ਮਨਾਉਦੇ ਹਨ। ਪਰੰਤੂ ਬਹੁਤ ਸਾਰੇ ਮੁਲਕ ਅਜਿਹੇ ਹਨ, ਜਿਥੇ ਵੱਖਰੇ-ਵੱਖਰੇ ਦਿਨਾਂ ਅਤੇ ਮਹੀਨਿਆਂ ਵਿੱਚ ਪਿਤਾ ਦਿਵਸ ਮਨਾਇਆ ਜਾਦਾ ਹੈ। ਭਾਰਤ ਵਿਚ ਜੂਨ ਦੇ ਤੀਸਰੇ ਐਤਵਾਰ ਨੂੰ 'ਪਿਤਾ ਦਿਵਸ' ਵਜੋ ਮਨਾਇਆ ਜਾਦਾ ਹੈ।

ਜਿਸ ਤਰਾਂ ਮਾਂ ਦਾ ਦਰਜਾ ਸਾਡੇ ਲਈ ਸਭ ਤੋਂ ਉੱਚਾ ਸਮਝਿਆ ਜਾਂਦਾ ਹੈ ਉਸੇ ਤਰਾਂ ਪਿਤਾ ਦਾ ਦਰਜਾ ਵੀ ਮਾਂ ਦੇ ਬਰਾਬਰ ਹੀ ਮੰਨਿਆ ਜਾਂਦਾ ਹੈ। ਹਰੇਕ ਪਿਤਾ ਆਪਣੇ ਬੱਚਿਆਂ ਲਈ ਦਿਨ ਰਾਤ ਮਿਹਨਤ ਕਰਕੇ ਕਿਰਤ ਕਮਾਈ ਕਰਦਾ ਹੈ । ਬੇਸ਼ਕ ਆਪ ਰੁੱਖੀ ਮਿੱਸੀ ਖਾ ਲਵੇ ਪਰ ਬੱਚਿਆਂ ਨੂੰ ਹਮੇਸ਼ਾ ਵਧੀਆ ਖਾਣਾ, ਚੰਗੀ ਸਿੱਖਿਆ ਤੇ ਹੋਰ ਸਹੂਲਤਾਂ ਮੁਹੱਈਆ ਕਰਵਾਉਂਦਾ ਹੈ ਅਤੇ ਜੀਵਨ ਜਿਉਣ ਦੀ ਜੁਗਤੀ ਵੀ ਸਿਖਾਉਂਦਾ ਹੈ। ਅੱਜ ਸਮੁੱਚੇ ਵਿਸ਼ਵ ਵਿੱਚ "ਪਿਤਾ ਦਿਵਸ" ਮਨਾਇਆ ਜਾ ਰਿਹਾ ਹੈ।

**ਦੁਨੀਆਂ ਦੇ ਸਾਰੇ ਪਿਤਾ ਨੂੰ ਸਮਰਪਿਤ**

ਆਓ ਇਸ ਵਿਸ਼ੇਸ਼ ਦਿਨ ਤੇ ਪਿਤਾ ਨੂੰ ਸਮਰਪਿਤ ਹੁੰਦੇ ਹੋਏ ਚੰਗੇ ਵਿਦਵਾਨਾਂ, ਗੁਰੂਆਂ, ਪੀਰਾਂ ਵੱਲੋਂ ਆਖੇ ਕੁਝ ਵਾਅਦੇ ਕਰੀਏ ਤੇ ਆਪਣੇ ਜੀਵਨ ਨੂੰ ਸਵਰਗਮਈ ਬਣਾਈਏ।

ਪਿਤਾ ਦੀ ਸਖਤੀ ਬਰਦਾਸ਼ਤ ਕਰੋ, ਤਾਂ ਕਿ ਕਾਬਿਲ ਇਨਸਾਨ ਬਣ ਸਕੋਂ।
ਪਿਤਾ ਦੀਆਂ ਗੱਲਾਂ ਗੌਰ ਨਾਲ ਸੁਣੋ, ਤਾਂ ਕਿ ਦੂਸਰਿਆਂ ਦੀ ਨਾਂ ਸੁਣਨੀ ਪਵੇ।
ਪਿਤਾ ਦੇ ਸਾਹਮਣੇ ਉੱਚਾਂ ਨਾਂ ਬੋਲੋ ਵਰਨਾ ਭਗਵਾਨ ਤੁਹਾਨੂੰ ਨੀਵਾਂ ਕਰ ਦੇਵੇਗਾ।
ਪਿਤਾ ਦਾ ਸਨਮਾਨ ਕਰੋ , ਤਾਂ ਕਿ ਤੁਹਾਡੀ ਸੰਤਾਨ ਤੁਹਾਡਾ ਸਨਮਾਨ ਕਰੇ।
ਪਿਤਾ ਦੀ ਇੱਜ਼ਤ ਕਰੋ, ਤਾਂ ਕਿ ਇਸਤੋਂ ਫਾਇਦਾ ਉਠਾ ਸਕੋਂ।
ਪਿਤਾ ਦਾ ਹੁਕਮ ਮੰਨੋ, ਤਾਂ ਕਿ ਖੁਸ਼ਹਾਲ ਰਹਿ ਸਕੋਂ।
ਪਿਤਾ ਦੇ ਸਾਹਮਣੇ ਨਜ਼ਰਾਂ ਝੁਕਾ ਕੇ ਰੱਖੋ, ਤਾਂ ਕੇ ਪ੍ਰਮਾਤਮਾ ਤੁਹਾਨੂੰ ਦੁਨੀਆਂ ਵਿੱਚ ਤਰੱਕੀਆਂ ਦੇਵੇ।
ਪਿਤਾ ਇੱਕ ਕਿਤਾਬ ਹੈ, ਜਿਸਤੇ ਅਨੁਭਵ ਲਿਖਿਆ ਜਾਂਦਾ ਹੈ।
ਪਿਤਾ ਦੇ ਹੰਝੂ ਤੁਹਾਡੇ ਸਾਹਮਣੇ ਨਾਂ ਡਿੱਗਣ, ਵਰਨਾ ਪ੍ਰਮਾਤਮਾ ਤੁਹਾਨੂੰ ਦੁਨੀਆਂ ਤੋਂ ਗਿਰਾ ਦੇਵੇਗਾ।
ਪਿਤਾ ਇੱਕ ਐਸੀ ਹਸਤੀ ਹੈ ..........

ਮਾਂ ਦਾ ਮੁਕਾਮ ਤਾਂ ਬੇਸ਼ਕ ਆਪਣੀ ਜਗ੍ਹਾ ਹੈ। ਪਰ ਪਿਤਾ ਦਾ ਵੀ ਕੋਈ ਘੱਟ ਨਹੀਂ, ਮਾਂ ਦੇ ਕਦਮਾਂ ਵਿੱਚ ਸਵਰਗ ਹੈ ਪਰ ਪਿਤਾ ਸਵਰਗ ਦਾ ਦਰਵਾਜਾ ਹੈ, ਅਗਰ ਦਰਵਾਜਾ ਨਾਂ ਖੁਲ੍ਹਿਆ ਤਾਂ ਸਵਰਗ ਦੇ ਅੰਦਰ ਕਿਵੇਂ ਜਾਓਗੇ?



ਭਾਵੇਂ ਗਰਮੀ ਹੋਵੇ ਜਾਂ ਸਰਦੀ ਜੋ ਆਪਣੇ ਬੱਚਿਆਂ ਦੀ ਰੋਜ਼ੀ ਰੋਟੀ ਦੀ ਫਿਕਰ 'ਚ ਪਰੇਸ਼ਾਨ ਰਹਿੰਦਾ ਹੈ, ਨਾਂ ਕੋਈ ਪਿਤਾ ਦੇ ਵਾਂਗ ਆਪਣੇ ਬੱਚਿਆਂ ਨੂੰ ਪਿਆਰ ਦੇ ਸਕਦਾ ਹੈ ਨਾਂ ਕਰ ਸਕਦਾ ਹੈ।

ਯਾਦ ਰੱਖੋ ਸੂਰਜ ਗਰਮ ਜਰੂਰ ਹੁੰਦਾ ਹੈ ਪਰ ਡੁੱਬ ਜਾਵੇ ਤਾਂ ਅੰਧੇਰਾ ਛਾ ਜਾਂਦਾ ਹੈ।

**ਪੰਜਾਬੀ ਗੀਤਾਂ ਵਿੱਚ ਪਿਤਾ ਦਾ ਸਤਿਕਾਰ**

ਕਈ ਪੰਜਾਬੀ ਗਾਇਕਾਂ ਨੇ ਵੀ ਆਪਣੇ ਗੀਤਾਂ ਰਾਹੀਂ ਪਿਤਾ ਨੂੰ ਆਪਣੀ ਤਰੱਕੀ ਦਾ ਦਰਵਾਜਾ ਦੱਸਿਆ ਹੈ। ਜਿਵੇਂ ਕਿ ਇੱਕ ਗੀਤ ਦੇ ਬੋਲ ਹਨ:

"ਦਿਨ ਰਾਤ ਕੀਤਾ ਜਿਨੇ ਇੱਕ ਮੇਰੇ ਲਈ
ਪਲ ਵੀ ਨਾ ਬੈਠਾ ਜਿਹੜਾ ਟਿਕ ਮੇਰੇ ਲਈ,
ਕਿੰਨ੍ਹੇ ਅਹਿਸਾਨ ਮੇਰੇ ਸਿਰ ਤੇ,
ਸੋਚ -ਸੋਚ ਅੱਖੋਂ ਹੰਝੂ ਚੋ ਗਿਆ।
ਬਾਪੂ ਤੇਰੇ ਕਰਕੇ, ਮੈਂ ਪੈਰਾਂ ਤੇ ਖਲ੍ਹੋ ਗਿਆ,
ਤੂੰ ਸਾਈਕਲਾਂ ਤੇ ਕੱਟੀ ਤੇ ਮੈਂ ਗੱਡੀ ਜੋਗਾ ਹੋ ਗਿਆ।"

**ਅੱਜ ਦੀ ਨੌਜਵਾਨ ਪੀੜ੍ਹੀ ਵੱਲੋਂ ਮਾਪਿਆਂ ਦੀ ਸਤਿਕਾਰ ਵਿੱਚ ਆਈ ਖੜ੍ਹੋਤ**

ਪਰ ਅੱਜ ਭੱਜ ਦੌੜ੍ਹ ਵਾਲੀ ਜਿੰਦਗੀ 'ਚ ਲੋਕ ਕਿਤੇ ਨਾ ਕਿਤੇ ਆਪਣੀਆਂ ਸਕਾਰਾਤਮਿਕ ਪ੍ਰੰਪਰਾਵਾਂ ਤੋਂ ਮੂੰਹ ਫੇਰ ਰਹੇ ਹਨ। ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਕਿਸੇ ਕੋਲ ਐਨਾ ਵਕਤ ਹੀ ਨਹੀਂ ਕਿ ਉਹ ਦੂਜਿਆ ਦੀ ਸੁੱਖ ਸਾਂਦ ਪੁੱਛ ਸਕੇ। ਇਸ ਸਮੱਸਿਆ ਨਾਲ ਹੀ ਬਜੁਰਗ ਅੱਜ ਜੂਝ ਰਹੇ ਹਨ। ਜਿਆਦਾਤਰ ਘਰਾਂ 'ਚ ਉਹਨਾਂ ਨਾਲ ਸਿੱਧੇ ਮੂੰਹ ਨਾਲ ਗੱਲ ਤੱਕ ਨਹੀਂ ਕੀਤੀ ਜਾਦੀ । ਉਹਨਾਂ ਦੀ ਖੁਸ਼ੀ ਗਮੀ ਦਾ ਕੋਈ ਧਿਆਨ ਨਹੀ ਰੱਖਿਆ ਜਾਂਦਾ। ਸਮਾਜ ਦੇ ਮਜਬੂਤ ਥੰਮ ਇਹਨਾਂ ਬਜੁਰਗਾਂ ਨੇ ਸਾਰੀ ਉਮਰ ਆਪਣੀ ਔਲਾਦ ਦੇ ਨਾ ਲਗਾਈ ਹੁੰਦੀ ਹੈ। ਜਦ ਉਹੀ ਔਲਾਦ ਆਪਣੇ ਪੈਰਾਂ ਤੇ ਖੜ੍ਹੀ ਹੁੰਦੀ ਹੈ ਤਾਂ ਬਜੁਰਗ ਮਾਪਿਆ ਨੂੰ ਤ੍ਰਿਸਕਾਰਨ ਲੱਗ ਜਾਦੀ ਹੈ। ਜਦ ਤਕ ਮਾਪੇ ਪੈਸੇ ਦੀ ਮਸ਼ੀਨ ਹੁੰਦੇ ਹਨ ਤਾਂ ਪੁੱਛ ਪੜ੍ਹਤਾਲ ਹੁੰਦੀ ਹੈ ਬਾਅਦ 'ਚ ਬਿਗਾ-ਨਿਆ ਵਾਲਾ ਵਰਤਾਉ ਹੋਣ ਲੱਗ ਜਾਦਾ ਹੈ। ਬਜੁਰਗਾਂ ਦੀ ਸਾਂਭ-ਸੰਭਾਲ ਨੂੰ ਅੱਜ ਦੇ ਪੁੱਤ ਅਤੇ ਨੂੰਹਾਂ ਬੋਝ ਸਮਝਣ ਲੱਗ ਪਏ ਹਨ। ਬਜੁਰਗਾਂ ਦੇ ਸਰਮਾਏ ਤੇ ਕਬਜਾ ਕਰਕੇ ਔਲਾਦ ਉਹਨਾਂ ਨੂੰ ਫਿਟਕਾਰਾਂ ਸੁਣਨ ਲਈ ਮਜਬੂਰ ਕਰ ਦਿੰਦੀ ਹੈ। ਅਸ਼ੱਭਿਅਕ ਸਬਦਾਂ ਨਾਲ ਸੰਬੋਧਨ ਕੀਤਾ ਜਾਦਾ ਹੈ। ਆਖਰ ਅਜਿਹਾ ਕਿਉਂ ਹੁੰਦਾ ਹੈ ? ਜਿਹਨਾ ਦੀ ਖੁਸੀ ਲਈ ਮਾਪਿਆ ਨੇ ਦਿਨ ਰਾਤ ਇਕ ਕੀਤਾ ਹੁੰਦਾ ਹੈ। ਉਹ ਬੱਚੇ ਸਭ ਕੁਝ ਭੁੱਲ ਕੇ ਪੈਸੇ ਦੇ ਪੀਰ ਬਣ ਜਾਂਦੇ ਹਨ।

**ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿੱਚ ਭੇਜਣਾਂ ਕਿੰਨਾਂ ਕੁ ਜਾਇਜ਼?**

ਅਜੋਕੇ ਇਨਸਾਨ ਦੀ ਮਤਲਬਪ੍ਰਸਤੀ ਇਸ ਹੱਦ ਤਕ ਗਿਰ ਚੁੱਕੀ ਹੈ ਕਿ ਬਿਰਧ ਮਾਪਿਆ ਨੂੰ ਬਿਰਧ ਆਸ਼ਰਮਾਂ ਵਿੱਚ ਛੱਡ ਕੇ ਆਪ ਦੁਨੀਆ ਦੀਆਂ ਰੰਗੀਨੀਆ ਵਿੱਚ ਮਸਤ ਹੋ ਰਿਹਾ ਹੈ। ਜੋ ਆਪਣੇ ਜਨਮ ਦਾਤੇ ਦਾ ਨਹੀ ਹੋਇਆ, ਉਹ ਦੇਸ਼ ਸਮਾਜ ਦਾ ਕੀ ਸੰਵਾਰੇਗਾ। ਸੋਚਨ ਦੀ ਗੱਲ ਹੈ ਅਗਰ ਜਨਮ ਸਮੇਂ ਸਾਡੇ ਮਾਪੇ ਸਾਡੇ ਵਾਂਗ ਮਤਲਬੀ ਹੋ ਜਾਦੇ ਤਾਂ ਸਾਡਾ ਭਵਿਖ ਕੀ ਹੁੰਦਾ ? ਸ਼ਾਇਦ ਅਸੀਂ ਵੀ ਅੱਜ ਕਿਸੇ ਅਨਾਥ ਆਸ਼ਰਮ 'ਚ ਹੋਣਾ ਸੀ, ਪਰ ਉਹ ਖੁਦਗਰਜ ਨਹੀ ਬਣੇ। ਉਹਨਾਂ ਨੇ ਇਸ ਨੂੰ ਨੈਤਿਕ ਫਰਜ਼ ਸਮਝ ਕੇ ਨਿਭਾਇਆ ਫਿਰ ਅਸੀਂ ਅਨੈਤਿਕਤਾ ਤੇ ਕਿਉਂ ਉਤਰ ਆਏ ਹਾਂ? ਸਾਡੇ ਦੇਸ ਵਿਚ ਹਮੇਸ਼ਾ ਤੋਂ ਹੀ ਆਪਣੇ ਪੂਰਵਜਾ ਦਾ ਸਤਿਕਾਰ ਕੀਤਾ ਜਾਦਾ ਹੈ ਅਤੇ ਮਾਪਿਆ ਨੂੰ ਰੱਬ ਦਾ ਦਰਜਾ ਦਿੱਤਾ ਜਾਦਾ ਹੈ। ਹਰ ਮਾਂ ਬਾਪ ਆਪਣੇ ਬੱਚਿਆਂ ਨੂੰ ਜਿੰਦਗੀ 'ਚ ਸਫਲ ਇਨਸਾਨ ਬਣਾਉਣ ਲਈ ਆਪਾ ਕੁਰਬਾਨ ਕਰਨ ਤੋਂ ਵੀ ਗੁਰੇਜ ਨਹੀਂ ਕਰਦੇ। ਬੁਢੇਪੇ ਵਿੱਚ ਮਾਪਿਆਂ ਦੀ ਸਾਂਭ-ਸੰਭਾਲ ਦੀ ਜਿੰ-ਮੇਵਾਰੀ ਔਲਾਦ ਦੇ ਮੋਢਿਆ ਤੇ ਹੁੰਦੀ ਹੈ। ਜਿਸ ਨੂੰ ਨਿਭਾਇਆ ਜਾਣਾ ਲਾਜਮੀ ਹੈ।

**ਮਾਂ ਅਤੇ ਪਿਤਾ ਦਿਵਸਾਂ ਦਾ ਮਹੱਤਵ**

ਇਹਨਾਂ ਮਾਂ ਅਤੇ ਪਿਤਾ ਦਿਵਸਾਂ ਦਾ ਮਹੱਤਵ ਹੀ ਇਹ ਹੈ ਕਿ ਮਾਪਿਆ ਵੱਲੋ ਮੂੰਹ ਫੇਰੀ ਬੈਠੀ ਔਲਾਦ ਨੂੰ ਉਸ ਦੇ ਕਰਤੱਵਾਂ ਦਾ ਗਿਆਨ ਕਰਾਇਆ ਜਾਵੇ। ਇਹਨਾਂ ਦਿਵਸਾਂ ਦੀ ਸਾਰਥਿਕਤਾ ਇਸ ਗੱਲ ਵਿੱਚ ਹੈ ਕਿ ਔਲਾਦ ਆਪਣੇ ਮਾਪਿਆਂ ਦੀ ਦੇਣ,ਸੰਘਰਸ ਤੇ ਉਹਨਾਂ ਲਈ ਕੀਤੀਆਂ ਕੁਰਬਾਨੀਆਂ ਨੂੰ ਸਦਾ ਯਾਦ ਰੱਖੇ। ਕਿਸੇ ਵਿਦਵਾਨ ਨੇ ਕਿਹਾ ਹੈ ਆਪਣੀ ਜਿੰਦਗੀ 'ਚ ਦੋ ਵਿਅਕਤੀਆ ਨੂੰ ਕਦੇ ਨਾ ਭੁੱਲੋ, ਇੱਕ ਪਿਤਾ ਉਹ ਜੋ ਤੁਹਾਨੂੰ ਕਿਸੇ ਮੁਕਾਮ ਤੇ ਪਹੁੰਚਾਉਣ ਲਈ ਆਪਣਾ ਸਭ ਕੁਝ ਨਿਸ਼ਾਵਰ ਕਰਨ ਨੂੰ ਤਿਆਰ ਰਹਿੰਦਾ ਹੈ। ਦੂਜਾ ਉਹ (ਮਾਤਾ) ਜੋ ਹਰ ਦੁੱਖ ਦਰਦ ਤੇ ਤੁਹਾਡਾ ਸਾਥ ਦਿੰਦੀ ਹੈ। ਇਸ ਲਈ ਇਹ ਬੇਹੱਦ ਜਰੂਰੀ ਹੈ ਕਿ ਲੋਕ ਆਪਣੀ ਜਿੰਮੇਵਾਰੀ ਸਮਝਣ ਤੇ ਮਾਪਿਆ ਨੂੰ ਬਣਦਾ ਮਾਣ ਸਨਮਾਨ ਦੇਣ ਦੀ ਕੋਸ਼ਿਸ ਕਰਨ। ਮਾਂ-ਪਿਉ ਦੀ ਸੇਵਾ ਹੀ ਅਸਲ ਵਿੱਚ ਰੱਬ ਦੀ ਸੱਚੀ ਪੂਜਾ ਹੈ । ਜੋ ਇਨਸਾਨ ਮਾਪਿਆਂ ਅਤੇ ਬਜ਼ੁਰਗਾਂ ਦੀ ਸੇਵਾ ਅਤੇ ਸਤਿਕਾਰ ਕਰਦਾ ਹੈ ਉਹਨਾਂ ਦੁਨੀਆਂ ਦੇ ਸਾਰੇ ਸੁੱਖ ਜਿਉਂਦੇ ਜੀਅ ਪ੍ਰਾਪਤ ਕਰ ਸਕਦਾ ਹੈ।

ਜਿਉਂਦੇ ਜੀ ਕਦੇ ਵੀ ਪਿਤਾ ਦਾ ਦੇਣ ਨਹੀਂ ਦਿੱਤਾ ਜਾ ਸਕਦਾ, ਸਿਰਫ ਉਹਨਾਂ ਦੀ ਸੇਵਾ ਕਰਕੇ ਉਹਨਾਂ ਨੂੰ ਖੁਸ਼ ਰੱਖਿਆ ਜਾ ਸਕਦਾ ਹੈ। ਪਿਤਾ ਹਰ ਵੇਲੇ ਆਪਣੇ ਬੱਚਿਆਂ ਨੂੰ ਹਸਦੇ-ਵਸਦੇ ਵੇਖਣਾ ਚਾਹੁੰਦਾ ਹੈ।ਪਿਤਾ ਦੇ ਸਾਏ ਹੇਠ ਸਾਰਾ ਸੰਸਾਰ ਆਪਣਾ ਲੱਗਦਾ ਹੈ ਅਤੇ ਪਿਤਾ ਤੋਂ ਬਿਨ੍ਹਾਂ ਤਾਂ ਸੰਸਾਰ ਵੀ ਇੱਕ ਸੁਪਨਾ ਮਾਤਰ ਬਣ ਕੇ ਰਹਿ ਜਾਂਦਾ ਹੈ। ਬੱਚਿਆਂ ਦੇ ਸੁਪਨਿਆਂ ਦੀ ਪੂਰਤੀ ਲਈ ਪਿਤਾ ਦਾ ਅਹਿਮ ਰੋਲ ਹੁੰਦਾ ਹੈ।

ਸੋ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਪਿਤਾ ਦੀ ਅਹਿਮੀਅਤ ਸਮਝਣੀ ਚਾਹੀਦੀ ਹੈ ਤਾਂ ਜੋ ਉਹਨਾ ਦੇ ਸਤਿਕਾਰ ਵਿੱਚ ਕਦੇ ਵੀ ਕਮੀ ਨਾ ਆਵੇ। ਅੱਜ ਸਮੁੱਚੇ ਵਿਸ਼ਵ ਵਿੱਚ "ਪਿਤਾ ਦਿਵਸ" ਮਨਾਇਆ ਜਾ ਰਿਹਾ ਹੈ। ਆਉ ਇਸ ਵਿਸੇਸ਼ ਦਿਨ ਨੂੰ ਸਮਰਪਿਤ ਹੁੰਦੇ ਹੋਏ ਮਾਤਾ-ਪਿਤਾ ਅਤੇ ਬਜ਼ੁਰਗਾਂ ਦੀ ਸੇਵਾ ਦਾ ਪ੍ਰਣ ਕਰੀਏ ਤੇ ਆਪਣੇ ਜੀਵਨ ਨੂੰ ਜਿਉਂਦੇ ਜੀਅ ਸਵਰਗ ਮਈ ਬਣਾਈਏ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਮਿਸਾਲ ਬਣੀਏ।

# ਤੰਬਾਕੂ ਜਿਹੇ ਨਸ਼ਿਆਂ ਦੀ ਦਲਦਲ 'ਚੋਂ ਨੌਜਵਾਨ ਪੀੜ੍ਹੀ ਨੂੰ ਬਚਾਉਣਾ ਸਮੇਂ ਦੀ ਲੋੜ

ਤੰਬਾਕੂ 'ਤੇ ਹੋਰ ਸਾਰੇ ਤਰਾਂ ਦੇ ਨਸ਼ਿਆਂ ਖਿਲਾਫ ਛੇੜੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਸਮੇਂ ਦੇਸ਼ ਵਿੱਚ ਤੰਬਾਕੂ ਤੋਂ ਬਚਨ ਲਈ ਲੋਕਾਂ ਨੂੰ ਜਾਗਰੂਕ ਕਰਨ ਦੀ ਮੁਹਿੰਮ ਜ਼ੋਰਾਂ ਤੇ ਹੈ ਤੇ ਸਮੁੱਚੇ ਵਿਸ਼ਵ ਵਿੱਚ ਅੱਜ 31 ਮਈ 2025 ਨੂੰ "ਵਰਲਡ ਨੋ ਤੰਬਾਕੂ ਡੇ" ਮਨਾਇਆ ਜਾ ਰਿਹਾ ਹੈ। ਸਕੂਲਾਂ ਕਾਲਜਾਂ ਵਿੱਚ ਤੰਬਾਕੂ ਦੇ ਨੁਕਸਾਨਾਂ ਆਦਿ ਬਾਰੇ, ਤੰਬਾਕੂ ਵੇਚਣ ਵਾਲਿਆਂ ਨੂੰ ਸਜਾ ਆਦਿ ਬਾਰੇ ਜਾਗਰੂਕਤਾ ਅਭਿਆਨ, ਪੋਸਟਰ, ਭਾਸ਼ਨ, ਨੁੱਕੜ ਨਾਟਕ, ਪੇਂਟਿੰਗ ਮੁਕਾਬਲੇ ਆਦਿ ਕਰਵਾ ਕੇ ਵਿਦਿਆਰਥੀਆਂ ਨੂੰ ਤੰਬਾਕੂ ਤੋਂ ਬਚਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ ਜੋ ਕਿ ਇੱਕ ਸ਼ਲਾਘਾ ਯੋਗ ਕਦਮ ਹੈ। ਨੌਜਵਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਅੱਜ ਤੰਬਾਕੂ ਆਦਿ ਨਸ਼ਾਖੋਰੀ ਦੇ ਵਧਦੇ ਰੁਝਾਨ ਵੱਲ ਨਿਗਾਹ ਮਾਰੀ ਜਾਵੇ ਤਾਂ ਨੌਜਵਾਨ ਨਸ਼ਾਖੋਰੀ ਦੀ ਭਿਆਨਕ ਬੁਰਾਈ ਤੋਂ ਗ੍ਰਸਤ ਹਨ। ਪੁਰਾਣੀਆਂ ਕਹਾਣੀਆਂ ਅਨੁਸਾਰ ਨਸ਼ੇ ਸ਼ੈਤਾਨ ਦੀ ਦੇਣ ਹਨ। ਤੰਬਾਕੂ ਤੋਂ ਇਲਾਵਾ ਸ਼ਰਾਬ,ਬੀਅਰ, ਚਿੱਟੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦਾ ਵਧਦਾ ਰੁਝਾਨ ਚਿੰਤਾ ਦਾ ਵਿਸ਼ਾ ਹੈ। ਅੱਜ ਦੀ ਜਵਾਨੀ ਜਿਵੇਂ ਕਿਵੇਂ ਕਹਿ ਲਵੋ ਤੰਬਾਕੂ ਦੀ ਲਪੇਟ ਵਿੱਚ ਆ ਰਹੀ ਹੈ। ਇਸ ਤੰਬਾਕੂ ਦੀ ਵਿਕਰੀ ਪੂਰੇ ਭਾਰਤ ਵਿੱਚ ਜ਼ੋਰਾਂ ਤੇ ਹੋ ਰਹੀ ਹੈ। ਤੰਬਾਕੂ ਦੀ ਹਰ ਵਸਤੂ ਉੱਪਰ ਲਿਖਿਆ ਹੁੰਦਾ ਹੈ ਕਿ ਇਹ ਸਿਹਤ ਲਈ ਹਾਨੀਕਾਰਕ ਹੈ ਪਰ ਫਿਰ ਵੀ ਲੋਕ ਇਸ ਦਾ ਸੇਵਨ ਕਰਦੇ ਹਨ। ਇਸ ਤੰਬਾਕੂ 'ਤੇ ਚਿੱਟੇ ਨੇ ਕਈ ਮਾਵਾਂ ਤੇ ਪੁੱਤ ਖੋ ਲਏ ਹਨ। ਬੜਾ ਦੁੱਖ ਹੁੰਦਾ ਹੈ ਸੁਣ ਕੇ ਕਿ ਅੱਜ ਕੱਲ ਕਈ ਕੁੜੀਆਂ ਵੀ ਤੰਬਾਕੂ ਦੀਆਂ ਆਦੀ ਬਣ ਚੁੱਕੀਆਂ ਹਨ। ਪਰਾਣਿਆਂ ਸਮਿਆਂ ਵਿੱਚ ਕੋਈ ਬੇਈਮਾਨ ਆਦਮੀ ਆਪਣੇ ਵਿਰੋਧੀ ਨੂੰ ਕਮਜ਼ੋਰ ਕਰਨ ਲਈ ਉਸ ਦੇ ਬੱਚਿਆਂ ਨੂੰ ਧੋਖੇ ਨਾਲ ਅਫੀਮ ਦੇ ਕੇ ਅਮਲੀ ਬਣਾ ਕੇ ਵੈਰ ਕਮਾਉਂਦਾ ਸੀ ਅੱਜ ਕੱਲ ਦੀ ਨੌਜਵਾਨ ਪੀੜੀ ਖੁਦ ਹੀ ਮਾੜੀ ਸੰਗਤ ਸਦਕਾ ਨਸ਼ਿਆਂ ਦੀ ਆਦਿ ਬਣਦੀ ਜਾ ਰਹੀ ਹੈ। ਕਈ ਤਾਂ ਤੰਬਾਕੂ, ਚਿੱਟਾ,ਮਹਿੰਗੀ ਸ਼ਰਾਬ, ਨਸ਼ੇ ਦੀਆਂ ਦਵਾਈਆਂ,ਚਰਸ, ਹੀਰੋਇਨ, ਸਿਗਰਟਾਂ ਆਦਿ ਨਾਲ ਨਸ਼ੇ ਕਰਨਾ ਆਪਣਾ ਉੱਚਾ ਸਟੇਟਸ ਮੰਨਣ ਲੱਗ ਪਏ ਹਨ। ਫਿਲਮਾਂ, ਟੀ.ਵੀ ਪ੍ਰੋਗਰਾਮਾਂ ਆਦਿ ਵਿੱਚ ਤੰਬਾਕੂ ਦਾ ਸੇਵਨ ਕਰਕੇ ਦਿਖਾਇਆ ਜਾਂਦਾ ਹੈ, ਬੇਸ਼ਕ ਉਹਨਾਂ ਦ੍ਰਿਸ਼ਾਂ ਤੇ ਲਿਖਿਆ ਹੁੰਦਾ ਹੈ ਕਿ ਤੰਬਾਕੂ ਸਿਹਤ ਲਈ ਹਾਨੀਕਾਰਕ ਹੈ। ਪਰ ਫਿਰ ਵੀ ਇਸ ਤਰ੍ਹਾਂ ਦੇ ਪ੍ਰੋਗਰਾਮ ਨੌਜਵਾਨਾਂ ਦੇ ਮਨ ਤੇ ਮਾੜਾ ਅਸਰ ਪਾਉਂਦੇ ਹਨ।

ਮੇਰੀ ਦੇਸ਼ ਦੇ ਨੌਜਵਾਨ ਵੀਰਾਂ ਤੇ ਭੈਣਾਂ ਨੂੰ ਅਪੀਲ ਹੈ ਕਿ ਸੰਭਲ ਜਾਉ ਇਸ ਨਾਲ ਨਸ਼ਾ ਵੇਚਣ ਵਾਲਿਆਂ ਦਾ ਨਸ਼ਾ ਵਿਕਾਉਣ ਵਾਲਿਆਂ ਦਾ ਤੇ ਸਮੇਂ ਦੇ ਹਾਕਮਾ ਦਾ ਕੋਈ ਨੁਕਸਾਨ ਨਹੀਂ। ਸਗੋਂ ਪੂਰਾ ਨੁਕਸਾਨ ਤੁਹਾਡਾ ਅਤੇ ਤੁਹਾਡੇ ਪ੍ਰੀਵਾਰ ਦਾ ਹੈ। ਨਸ਼ਾ ਤੁਹਾਡੀ ਪ੍ਰਾਪਰਟੀ ਵਿਕਾ ਦਿੰਦਾ ਹੈ। ਤੁਹਾਡੀ ਜਿੰਦਗੀ ਖਰਾਬ ਕਰਦਾ ਹੈ ਤੇ ਨਾਲ ਨਾਲ ਤੁਹਾਡੀ ਬਣੀ ਬਣਾਈ ਇੱਜਤ ਵੀ ਮਿੱਟੀ ਵਿੱਚ ਮਿਲਾ ਦਿੰਦਾ ਹੈ 'ਤੇ ਫਿਰ ਇੱਕ ਐਸਾ ਦਿਨ ਆ ਜਾਂਦਾ ਹੈ ਕਿ ਇਹੀ ਨਸ਼ਾ ਬੰਦੇ ਨੂੰ ਮੌਤ ਦੇ ਮੂੰਹ ਵਿੱਚ ਲੈ ਜਾਦਾ ਹੈ।




ਭਾਰਤ ਦੇ ਗੁਜਰਾਤ ਰਾਜ ਵਾਂਗ ਸਾਰੇ ਰਾਜਾਂ ਵਿੱਚ ਸ਼ਰਾਬ, ਚਿੱਟਾ ਆਦਿ ਨਸ਼ੇ ਬੰਦ ਹੋਣੇ ਚਾਹੀਦੇ ਹਨ। ਸਰਕਾਰ ਨੂੰ ਤੰਬਾਕੂ ਜਿਹੇ ਨਸ਼ੇ ਬਣਾਉਣ ਵਾਲੀਆਂ ਫੈਕਟਰੀਆਂ ਹੀ ਬੰਦ ਕਰ ਦੇਣੀਆਂ ਚਾਹੀਦੀਆਂ ਹਨ ਅਤੇ ਇਸਦੀ ਵਿਕਰੀ ਤੇ ਮੁਕੰਮਲ ਰੋਕ ਲਗਾਉਣੀ ਚਾਹੀਦੀ ਹੈ। ਸਾਡੀ ਜੀਵਨਸ਼ੈਲੀ ਤੇ ਬੱਚਿਆਂ ਦੇ ਪਾਲਣ-ਪੋਸ਼ਣ 'ਚ ਹੀ ਕੁਝ ਅਜਿਹੀਆਂ ਕਮੀਆਂ ਹਨ, ਜੋ ਉਨ੍ਹਾਂ 'ਚ ਨਸ਼ਾਖੋਰੀ ਦੇ ਰੁਝਾਨ ਵਧਣ ਦੀ ਵਜ੍ਹਾ ਬਣ ਰਹੀਆਂ ਹਨ। ਜਿਵੇਂ ਸਾਡੇ ਸਮਾਜ 'ਚ ਪ੍ਰਹੁਣਿਆਂ ਦਾ ਆਦਰ ਸਤਿਕਾਰ ਹੁੰਦਾ ਹੈ ਅਤੇ ਜ਼ਿਆਦਾਤਰ ਲੋਕ ਪ੍ਰਹੁਣਿਆਂ ਦੀ ਸਭ ਤੋਂ ਵੱਡੀ ਸੇਵਾ ਸ਼ਰਾਬ ਆਦਿ ਪਿਆਉਣ ਨੂੰ ਮੰਨਦੇ ਹਨ। ਘਰ ਵਿੱਚ ਕੋਈ ਵੀ ਖੁਸ਼ੀ ਦਾ ਮੌਕਾ ਹੋਵੇ ਤਾਂ ਵੀ ਸ਼ਰਾਬ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ, ਹੌਲੀ ਹੌਲੀ ਬੱਚੇ ਦੇ ਦਿਮਾਗ 'ਚ ਇਹ ਗੱਲ ਘਰ ਕਰ ਜਾਂਦੀ ਹੈ ਕਿ ਸ਼ਰਾਬ ਖਾਸ ਰਿਸ਼ਤੇਦਾਰਾਂ ਦੀ ਸੇਵਾ ਲਈ ਹੀ ਵਰਤੀ ਜਾਣ ਕਰਕੇ ਖਾਸ ਚੀਜ ਹੈ ਤੇ ਉਹ ਸ਼ਰਾਬ ਪੀਣ ਦੀ ਇੱਛਾ ਤੇ ਆਦਤ ਪਾਲ ਲੈਂਦੇ ਹਨ ਜਾਂ ਕਈ ਲੋਕ ਮਜਾਕ 'ਚ ਹੀ ਬੱਚਿਆਂ ਨੂੰ ਤੰਬਾਕੂ 'ਤੇ ਸ਼ਰਾਬ ਆਦਿ ਦਾ ਨਸ਼ਾ ਕਰਵਾ ਦਿੰਦੇ ਹਨ ਤੇ ਇਹ ਮਜ਼ਾਕ ਹੌਲੀ ਹੌਲੀ ਬੱਚੇ ਦਾ ਸ਼ੌਕ ਤੇ ਆਦਤ ਬਣ ਜਾਂਦਾ ਹੈ । ਬੱਚੇ ਨਸ਼ਾ ਕਰਨਾ ਘਰੋਂ ਹੀ ਸਿੱਖ ਜਾਂਦੇ ਹਨ ਜੋ ਕਿ ਸਮਾਜ ਲਈ ਬਹੁਤ ਹੀ ਨੁਕਸਾਨਦੇਹ ਹੈ। ਜਿਸਦਾ ਨਤੀਜਾ ਅੱਜ ਅਸੀਂ ਅਜੋਕੇ ਸਮਾਜ ਵਿੱਚ ਭਲੀ ਭਾਂਤ ਦੇਖ ਸਕਦੇ ਹਾਂ। ਦਿੱਲੀ ਦੇ ਏਮਜ਼ ਹਸਪਤਾਲ ਦੇ ਇਕ ਐਨ.ਜੀ.ਓ 'ਸੋਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸਿਜ਼' ਦੇ ਸਹਿਯੋਗ ਨਾਲ ਪੰਜਾਬ ਵਿੱਚ ਨਸ਼ਿਆਂ ਬਾਰੇ ਇਕ ਸਰਵੇਖਣ ਕਰਵਾਇਆ ਜਿਸ ਦੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਹਰ ਸਾਲ 7500 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਵਿਕਦੇ ਹਨ। ਪ੍ਰਮੁੱਖ ਉਦਯੋਗਿਕ ਦੇਸ਼ਾਂ ਦੇ ਆਰਥਕ ਸਹਿਯੋਗ ਅਤੇ ਵਿਕਾਸ ਸੰਗਠਨ ਦੀ ਰੀਪੋਰਟ ਅਨੁਸਾਰ ਦੁਨੀਆਂ ਵਿੱਚ ਟੀ.ਬੀ, ਹਿੰਸਾ ਅਤੇ ਏਡਜ਼ ਨਾਲ ਹੋਣ ਵਾਲੀਆਂ ਮੌਤਾਂ ਤੋਂ ਵੀ ਜ਼ਿਆਦਾ ਮੌਤਾਂ ਤੰਬਾਕੂ, ਚਿੱਟੇ 'ਤੇ ਸ਼ਰਾਬ ਕਰਕੇ ਹੁੰਦੀਆਂ ਹਨ, ਦੁਨੀਆਂ ਵਿੱਚ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ ਦੇ ਕਾਰਨਾਂ ਵਿੱਚ ਸ਼ਰਾਬ 5ਵਾਂ ਸਭ ਤੋਂ ਵੱਡਾ ਕਾਰਨ ਹੈ, ਸੰਨ 2000 ਤੋਂ ਬਾਅਦ ਪੂਰੀ ਦੁਨੀਆਂ ਵਿੱਚ ਮੁੰਡਿਆਂ-ਕੁੜੀਆਂ ਵਿੱਚ ਤੰਬਾਕੂ 'ਤੇ ਸ਼ਰਾਬ ਪੀਣ ਦਾ ਰੁਝਾਨ ਜ਼ਿਆਦਾ ਵਧਿਆ ਹੈ। ਨਸ਼ਿਆਂ ਕਰਕੇ ਲੱਖਾਂ ਘਰ ਉੱਜੜ ਗਏ, ਨਸ਼ੱਈਆਂ ਨੇ ਪਤਨੀਆਂ ਅਤੇ ਮਾਪਿਆਂ ਦੇ ਕਤਲ ਕਰ ਦਿੱਤੇ ,ਨਸ਼ਿਆਂ ਕਾਰਨ ਬਹੁਤੇ ਲੜਕੇ ਗ੍ਰਹਿਸਥ ਜੀਵਨ ਦੇ ਕਾਬਲ ਨਹੀਂ ਰਹੇ, ਤਲਾਕ ਹੋ ਰਹੇ ਹਨ,ਬਹੁਤੀਆਂ ਲੜਾਈਆਂ,ਬਲਾਤਕਾਰ ਅਤੇ ਹਾਦਸੇ ਨਸ਼ਿਆਂ ਕਰਕੇ ਹੀ ਹੁੰਦੇ ਹਨ। ਪੀ.ਜੀ.ਆਈ. ਚੰਡੀਗੜ੍ਹ ਵਿੱਚ ਸੈਕਸ ਸਮਰੱਥਾ ਦੀ ਕਮੀ ਤੋਂ ਪੀੜਤ ਰੋਗੀਆਂ ਉੱਤੇ ਡਾਕਟਰਾਂ ਵਲੋਂ ਕੀਤੇ ਅਧਿਐਨ ਵਿੱਚ 58.4 ਫੀਸਦੀ ਲੋਕਾਂ ਦੀ ਇਹ ਕਮਜ਼ੋਰੀ ਸ਼ਰਾਬ ਦੇ ਸੇਵਨ ਨਾਲ ਹੋਈ ਦੱਸੀ ਗਈ ਹੈ।

ਭਾਵੇਂ ਸਰਕਾਰ ਤੇ ਕਈ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੇ ਨੌਜਵਾਨ ਪੀੜ੍ਹੀ ਨੂੰ ਸਮਝਾ ਕੇ ਤੰਬਾਕੂ ਦੇ ਖਿਲਾਫ ਨਸ਼ਾ ਛੁਡਾਊ ਮੁਹਿੰਮਾਂ ਵਿੱਢੀਆਂ ਹੋਈਆਂ। ਕਿੰਨੇ ਹੀ ਲੋਕ ਨੌਜਵਾਨ ਪੀੜ੍ਹੀ ਅਤੇ ਸੂਬੇ ਤੇ ਦੇਸ਼ ਦਾ ਭਵਿੱਖ ਬਚਾਉਣ ਲਈ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿਚੋਂ ਕੱਢ ਕੇ ਮੁੜ ਆਪਣੀ ਪਹਿਲਾਂ ਵਰਗੀ ਜ਼ਿੰਦਗੀ ਜਿਊਣ ਤੇ ਆਪਣੀਆਂ ਪਰਿਵਾਰਕ ਤੇ ਸਮਾਜਿਕ ਜ਼ਿਮੇਵਾਰੀਆਂ ਨੂੰ ਨਿਭਾਉਣਯੋਗ ਬਣਾਉਣ ਲਈ ਯਤਨਸ਼ੀਲ ਹਨ। ਪਰ ਫਿਰ ਵੀ ਸਮਾਜ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਪਰਵਰਿਸ਼ ਦਾ ਖਾਸ ਧਿਆਨ ਰੱਖਣ, ਉਨ੍ਹਾਂ ਨੂੰ ਵੱਧ ਤੋਂ ਵੱਧ ਸਮਾਂ ਦੇਣ, ਉਨ੍ਹਾਂ ਦੇ ਦੋਸਤਾਂ ਮਿੱਤਰਾਂ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਰੱਖਣ, ਹੋਸਟਲਾਂ ਵਿੱਚ ਰਹਿੰਦੇ ਲੜਕੇ ਲੜਕੀਆਂ ਦੀ ਨਿਗਰਾਨੀ ਹੋਵੇ, ਖੁਦ ਨਸ਼ਿਆਂ ਦੀ ਆਦਤ ਦਾ ਤਿਆਗ ਕਰਨ, ਬੱਚਿਆਂ ਦੇ ਖਰਚੇ ਬਾਰੇ ਜਾਣਕਾਰੀ ਰੱਖਣ। ਨਸ਼ਿਆਂ ਦੇ ਹੜ੍ਹ ਨੂੰ ਰੋਕਣ ਲਈ ਸਾਨੂੰ ਆਪਣੇ ਪੱਧਰ 'ਤੇ ਸ਼ੁਰੂਆਤ ਕਰਨੀ ਪਵੇਗੀ, ਸਿਰਫ ਸਰਕਾਰਾਂ ਤੇ ਡਾਕਟਰੀ ਇਲਾਜ ਤੇ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ। ਆਉ ਅੱਜ ਤੋਂ ਹੀ ਇਸ ਕੰਮ ਦੀ ਸ਼ੁਰੂਆਤ ਕਰੀਏ ਨੇਕ ਕੰਮ ਵਿੱਚ ਦੇਰੀ ਕਿਉਂ। ਇਸ ਤਰ੍ਹਾਂ ਕਰਨ ਨਾਲ ਕਦੇ ਕੋਈ ਮਾਂ ਨਹੀਂ ਕਹੇਗੀ ਕਿ ਤੰਬਾਕੂ,ਚਿੱਟੇ ਤੇ ਸ਼ਰਾਬ ਨੇ ਪੁੱਤ ਖੋ ਲਏ ਮਾਂਵਾਂ ਦੇ।

ਗਾਣਿਆਂ ਅਤੇ ਫਿਲਮਾਂ ਵਿੱਚ ਨਸ਼ੇ ਅਤੇ ਬੰਦੂਕਾਂ ਦੀ ਪ੍ਰਦਰਸ਼ਨੀ ਬੰਦ ਹੋਣੀ ਚਾਹੀਦੀ ਹੈ। ਹੁਣ ਚੌੜੀਆਂ ਹਿੱਕਾਂ ਵਾਲੇ 6 ਫੁੱਟੇ ਗੱਭਰੂ ਨਹੀਂ ਮਿਲਣੇ ਜੇ ਹੁਣ ਸਮਾਜ ਸੁਧਾਰ ਜਥੇਬੰਦੀਆਂ,ਬੁੱਧੀਮਾਨ ਅਤੇ ਫਿਕਰਮੰਦ ਲੋਕਾਂ ਨੇ ਇਕੱਠੇ ਹੋ ਕੇ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਨਸ਼ੇ ਦੇ ਸੌਦਾਗਰਾਂ ਵਿਰੁੱਧ ਹੰਭਲਾ ਨਾ ਮਾਰਿਆ ਤਾਂ ਆਉਣ ਵਾਲੀ ਪੀੜ੍ਹੀ ਬੇਹੱਦ ਕਮਜ਼ੋਰ, ਆਲਸੀ ਅਤੇ ਮਨੋਰੋਗੀ ਹੋਵੇਗੀ। ਆਓ ਅੱਜ ਵਰਲਡ ਨੋ ਤੰਬਾਕੂ ਡੇ ਤੇ ਵਾਅਦਾ ਕਰੀਏ ਕਿ ਅਸੀਂ ਖੁਦ ਤਾਂ ਤੰਬਾਕੂ ਤੋਂ ਬਚਾਂਗੇ ਹੀ ਨਾਲ ਹੀ ਆਉਣ ਵਾਲੀ ਪੀੜ੍ਹੀ ਤੇ ਹੋਰਾਂ ਨੂੰ ਵੀ ਇਸ ਤੋਂ ਬਚਾਉਣ ਤੇ ਯਤਨ ਕਰਾਂਗੇ।

# ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 2025 ਵਿੱਚ ਜਰਖੜ ਹਾਕੀ ਅਕੈਡਮੀ ਦੋਹਾਂ ਵਰਗਾਂ 'ਚ ਬਣੀ ਚੈਂਪੀਅਨ

**ਜਰਖੜ ਸਟੇਡੀਅਮ ਤੋਂ ਵਿਸ਼ੇਸ਼ ਰਿਪੋਰਟ**

ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵਲੋਂ ਵੱਲੋਂ ਕਰਵਾਏ ਗਏ 15ਵੇਂ ਡਾਬਰ ਉਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ 9ਵੇਂ ਦਿਨ ਖੇਡੇ ਗਏ ਫਾਈਨਲ ਮੈਚਾਂ ਵਿੱਚ ਜਰਖੜ ਹਾਕੀ ਅਕੈਡਮੀ ਨੇ ਸੀਨੀਅਰ ਅਤੇ ਜੂਨੀਅਰ ਵਰਗਾਂ ਦੇ ਜੇਤੂ ਖਤਾਬ ਆਪਣੇ ਨਾਮ ਕੀਤੇ। ਜਦਕਿ ਜਰਖੜ ਹਾਕੀ ਅਕੈਡਮੀ ਦਾ ਸਟਾਰ ਖਿਡਾਰੀ ਪਵਨਪ੍ਰੀਤ ਸਿੰਘ ਡੰਗੋਰਾ ਅਤੇ ਮਾਨਵਦੀਪ ਨੇ "ਡਾਬਰ ਹੀਰੋ ਆਫ ਦਾ ਮੈਚ" ਬਣਨ ਦਾ ਮਾਣ ਹਾਸਲ ਕੀਤਾ।



ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਵਿੱਚ ਨੀਲੇ ਰੰਗ ਦੀ ਐਸਟ੍ਰੋਟਰਫ ਉਪਰ ਫ਼ਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਗਏ ਫਾਈਨਲ ਮੁਕਾਬਲਿਆਂ ਵਿੱਚ ਸੀਨੀਅਰ ਵਰਗ ਵਿੱਚ ਜਰਖੜ ਹਾਕੀ ਅਕੈਡਮੀ ਨੇ ਨੀਟਾ ਕਲੱਬ ਰਾਮਪੁਰ ਨੂੰ ਦਿਲ ਦੀਆਂ ਧੜਕਣਾ ਰੋਕ ਕੇ ਦੇਖਣ ਵਾਲੇ ਸੰਘਰਸ਼ਪੂਰਨ ਮੈਚ ਵਿੱਚ 5-3 ਗੋਲਾਂ ਨਾਲ ਹਰਾਕੇ ਉਲੰਪੀਅਨ ਪ੍ਰਿਥੀਪਾਲ ਸਿੰਘ ਗੋਲਡ ਕੱਪ ਹਾਕੀ ਟਰਾਫੀ ਅਤੇ ਲਗਭਗ 81 ਹਜ਼ਾਰ ਰੁਪਏ ਦੀ ਨਗਦ ਰਾਸ਼ੀ ਵਾਲਾ ਇਨਾਮ ਜਿੱਤਿਆ। ਇਸਤੋਂ ਪਹਿਲਾ ਪਿਛਲੇ ਸਾਲ ਦੀ ਚੈਂਪੀਅਨ ਡਾਕਟਰ ਕੁਲਦੀਪ ਸਿੰਘ ਮੋਗਾ ਕਲੱਬ ਨੇ ਕਿਲ੍ਹਾ ਰਾਏਪੁਰ ਨੂੰ 6-3 ਨਾਲ ਹਰਾਕੇ ਤੀਸਰਾ ਸਥਾਨ ਹਾਸਲ ਕੀਤਾ। ਜਰਖੜ ਅਕੈਡਮੀ ਦਾ ਗੁਰਿੰਦਰ ਸਿੰਘ ਗੁਰੀ "ਡਾਬਰ ਹੀਰੋ ਆਫ ਦਾ ਮੈਚ" ਬਣਿਆ ਅਤੇ ਰਾਮਪੁਰ ਦਾ ਜਗਜੀਤ ਸਿੰਘ " ਡਾਬਰ ਹੀਰੋ ਆਫ ਦਾ ਮੈਚ" ਬਣਿਆ। ਅੰਤਰਰਾਸ਼ਟਰੀ ਹਾਕੀ ਸਟਾਰ ਖਿਡਾਰੀ ਹਰਜੋਤ ਸਿੰਘ ਜੋਤੀ ਟੂਰਨਾਮੈਂਟ ਦਾ "ਸਰਵੋਤਮ ਗੋਲਕੀਪਰ" ਬਣਿਆ ਜਦਕਿ ਰਾਮਪੁਰ ਦਾ ਮਿਲਖਾ ਸਿੰਘ ਟੂਰਨਾਮੈਂਟ ਦਾ ਸਰਵੋਤਮ ਖਿਡਾਰੀ ਅਤੇ ਪਵਨਪ੍ਰੀਤ ਸਿੰਘ ਡੰਗੋਰਾ "ਡਾਬਰ ਹੀਰੋ ਆਫ ਦਾ ਮੈਚ ਬਣਿਆ। ਕਿਲ੍ਹਾ ਰਾਇਪੁਰ ਦਾ ਜਗਜੀਤ ਸਿੰਘ ਜੱਗੀ 40 ਤੋਂ ਉਪਰ ਦਾ ਸਰਵੋਤਮ ਖਿਡਾਰੀ ਬਣਿਆ। ਸਾਲ ਸਾਰੇ ਖਿਡਾਰੀਆਂ ਨੂੰ ਵਧੀਆ ਕੁਆਲਟੀ ਦੇ ਸਾਈਕਲ ਦੇ ਕੇ ਸਨਮਾਨਿਤ ਕੀਤਾ ਗਿਆ।

ਜੂਨੀਅਰ ਵਰਗ ਦੇ ਫਾਈਨਲ ਚ ਜਰਖੜ ਹਾਕੀ ਅਕੈਡਮੀ ਨੇ ਕਿਲਾ ਰਾਏਪੁਰ ਹਾਕੀ ਸੈਂਟਰ ਨੂੰ ਬਹੁਤ ਹੀ ਰੋਮਾਂਚਕ ਅਤੇ ਕਰੜੇ ਸੰਘਰਸ਼ ਬਾਅਦ 1-0 ਗੋਲਾਂ ਨਾਲ ਹਰਾਕੇ ਕੇ ਪਹਿਲੀ ਵਾਰ ਜੂਨੀਅਰ ਖਿਤਾਬ ਜਿੱਤਣ ਦਾ ਮਾਣ ਹਾਸਿਲ ਕੀਤਾ। ਇਸ ਤੋਂ ਪਹਿਲਾਂ ਨਨਕਾਣਾ ਸਾਹਿਬ ਪਬਲਿਕ ਸਕੂਲ ਅਮਰਗੜ੍ਹ ਨੇ ਏਕ ਨੂਰ ਅਕੈਡਮੀ ਤੇਹਿੰਗ ਨੂੰ 4-3 ਹਰਾਇਆ। ਜਰਖੜ ਹਾਕੀ ਅਕੈਡਮੀ ਦਾ ਗੋਲਕੀਪਰ ਦਿਲ-ਪ੍ਰੀਤ ਸਿੰਘ ਡਾਬਰ ਹੀਰੋ ਆਫ ਦਾ ਮੈਚ ਬਣਿਆ। ਕਿਲਾ



ਰਾਏਪੁਰ ਸਕੂਲ ਦਾ ਰਾਜਵੀਰ ਸਿੰਘ ਟੂਰਨਾਂਮੈਂਟ ਦਾ ਸਰਵੋਤਮ ਖਿਡਾਰੀ ਬਣਿਆ। ਗੁਰਮਾਨਵਦੀਪ ਸਿੰਘ ਚਾਹਲ ਹੀਰੋ ਆਫ ਦਾ ਟੂਰਨਾਮੈਂਟ ਬਣਿਆ। ਸਾਰੇ ਖਿਡਾਰੀਆਂ ਨੂੰ ਸਾਈਕਲ ਦੇ ਕੇ ਸਨਮਾਨਿਤ ਕੀਤਾ ਗਿਆ।

ਅੱਜ ਟੂਰਨਾਮੈਂਟ ਦੇ ਫਾਈਨਲ ਸਮਾਰੋਹ ਦੇ ਉੱਤੇ ਡਰੈਗਨ ਅਕੈਡਮੀ ਲੁਧਿਆਣਾ ਦੇ ਬੱਚਿਆਂ ਨੇ ਵੱਖ-ਵੱਖ ਗੀਤਾਂ ਤੇ ਆਪਣੀ ਕੋਰੀ ਗਰਾਫੀ ਰਾਹੀਂ ਡਾਂਸ ਕਰਕੇ ਦਰਸ਼ਕਾਂ ਦਾ ਮਨ ਮੋਹਿਆ। ਅੱਜ ਡਾਬਰ ਕੰਪਨੀ ਨੇ ਸਮੂਹ ਖਿਡਾਰੀਆ ਅਤੇ ਦਰਸ਼ਕਾਂ ਲਈ ਵੱਡੇ ਪੱਧਰ ਤੇ ਰਫੇਸ਼ਮੇਂਟ ਵੰਡੀ ਗਈ। ਅੱਜ ਫਾਈਨਲ ਮੈਚ ਤੇ ਮੁਹੰਮਦ ਜਮੀਲ ਉਰ ਰਹਿਮਾਨ ਵਿਧਾਇਕ ਮਲੇਰਕੋਟਲਾ ਨੇ ਮੁੱਖ ਮਹਿਮਾਨ ਵਜੋਂ ਵੱਖ ਵੱਖ ਟੀਮਾਂ ਨਾਲ ਜਾਣ ਪਹਿਚਾਣ ਕਰਦਿਆ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਉਂਦਿਆ ਜਰਖੜ ਸਟੇਡੀਅਮ ਦੇ ਢਾਂਚੇ ਅਤੇ ਅਤੇ ਹਾਕੀ ਅਕੈਡਮੀ ਦੇ ਕਾਰਜਾਂ ਦੀ ਸਲਾਘਾ ਕੀਤੀ। ਇਸ ਮੌਕੇ ਅਮਰੀਕਾ ਤੋਂ ਉਚੇਚੇ ਤੌਰ ਤੇ ਜੇਐਸਟੀ ਟਰੱਕਿੰਗ ਕੰਪਨੀ ਦੇ ਮਾਲਕ ਜੰਗਸ਼ੇਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਹਾਜਰੀ ਭਰਦਿਆ ਜਰਖੜ ਹਾਕੀ ਨੂੰ 1 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ। ਇਸ ਮੌਕੇ ਪਬਲਿਕ ਰਿਲੇਸ਼ਨ ਦੇ ਡਿਪਟੀ ਡਾਇਰੈਕਟਰ ਪ੍ਰਭਦੀਪ ਸਿੰਘ ਨੱਥੋਵਾਲ, ਹਰਦੀਪ ਸਿੰਘ ਸੈਣੀ ਅੰਤਰਰਾਸ਼ਟਰੀ ਵੇਟ ਲਿਫਟਰ, ਹਰਬੰਸ ਸਿੰਘ ਸੈਣੀ, ਅਮਰੀਕ ਸਿੰਘ ਮਿਨਹਾਸ ਸਾਬਕਾ ਏਆਈਜੀ ਪੰਜਾਬ ਪੁਲਿਸ, ਸੁਖਵਿੰਦਰ ਸਿੰਘ ਫੌਜੀ, ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਸ਼ਿੰਗਾਰਾ ਸਿੰਘ ਜਰਖੜ, ਕੁਲਦੀਪ ਸਿੰਘ ਘਵੱਦੀ, ਸਰਪੰਚ ਸੰਦੀਪ ਸਿੰਘ ਜਰਖੜ, ਕੁਲਦੀਪ ਸਿੰਘ ਘਵੱਦੀ, ਬਾਬਾ ਰੁਲਦਾ ਸਿੰਘ ਸਾਇਆ ਕਲਾ, ਦਲਬੀਰ ਸਿੰਘ ਜਰਖੜ, ਪਰਮਜੀਤ ਸਿੰਘ ਪੰਮਾ ਗਰੇਵਾਲ, ਗੁਰਵਿੰਦਰ ਸਿੰਘ ਗਰੇਵਾਲ ਕਿਲ੍ਹਾ ਰਾਏਪੁਰ, ਪਰਮਜੀਤ ਸਿੰਘ ਪੰਮੀ ਨਾਰੰਗਵਾਲ, ਤਜਿੰਦਰ ਸਿੰਘ ਜਰਖੜ, ਸਰਪੰਚ ਬਾਬੂ ਸਿੰਘ ਡੰਗੋਰਾ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਅੰਤ ਵਿੱਚ ਜਗਰੂਪ ਸਿੰਘ ਜਰਖੜ ਨੇ ਅਗਲੇ ਵਰੇ ਫਿਰ ਮਿਲਣ ਦੇ ਵਾਅਦੇ ਦੀ ਫਤਿਹ ਨਾਲ ਟੂਰਨਾਮੈਂਟ ਦੀ ਸਮਾਪਤੀ ਦਾ ਐਲਾਨ ਕੀਤਾ।

# ਪੰਜਾਬ ਨੂੰ ਦਿੱਲੀ ਦੇ ਦਲਾਲਾਂ ਦੇ ਚੁੰਗਲ ਚੋਂ ਕੱਢਣ ਲਈ ਬਸਪਾ ਦਾ ਸਾਥ ਦਿ -ਲਾਲ ਸਿੰਘ ਸੁਲਹਾਣੀ

**ਫਿਰੋਜ਼ਪੁਰ-** ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਫਿਰੋਜ਼ਪੁਰ ਦੇ ਸੀਨੀਅਰ ਆਗੂ ਤੇ ਮਿਸ਼ਨਰੀ ਕਲਾਕਾਰ ਸ੍ਰੀ ਹਾਕਮ ਸਿੰਘ ਪੰਛੀ ਦੇ ਉੱਦਮ ਸਦਕਾ ਕਸਬਾ ਮੁੱਦਕੀ ਦੀ ਧਰਮਸ਼ਾਲਾ ਵਿਖੇ ਮੁੱਦਕੀ ਅਤੇ ਤਲਵੰਡੀ ਭਾਈ ਸੈਕਟਰਾਂ ਦੇ ਜ਼ਿਮੇਵਾਰ ਕਾਰਜਕਰਤਾਵਾਂ ਦੀ ਵਿਸ਼ੇਸ਼ ਮੀਟਿੰਗ ਡਾ. ਬਲਵਿੰਦਰ ਸਿੰਘ ਕੋਟ ਕਰੋੜ ਪ੍ਰਧਾਨ ਹਲਕਾ ਫਿਰੋਜ਼ਪੁਰ ਦਿਹਾਤੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਬਸਪਾ ਪੰਜਾਬ ਦੇ ਜਰਨਲ ਸਕੱਤਰ ਤੇ ਇੰਚਾਰਜ ਫਿਰੋਜ਼ਪੁਰ ਫਾਜ਼ਿਲਕਾ ਜ਼ੋਨ ਸ. ਲਾਲ ਸਿੰਘ ਸੁਲਹਾਣੀ, ਬਸਪਾ ਜ਼ਿਲ੍ਹਾ ਫਿਰੋਜ਼ਪੁਰ ਦੇ ਕਾਰਜਕਾਰੀ ਪ੍ਰਧਾਨ ਸ੍ਰੀ ਅਸ਼ੋਕ ਕਪਤਾਨ, ਬਸਪਾ ਜ਼ਿਲ੍ਹਾ ਫਿਰੋਜ਼ਪੁਰ ਦੇ ਖਜ਼ਾਨਚੀ ਪਾਸਟਰ ਪ੍ਰੇਮ ਭਾਰਤੀ ਜੀ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਮੌਕੇ ਬਸਪਾ ਆਗੂ ਪੰਜਾਬ ਸ. ਲਾਲ ਸਿੰਘ ਸੁਲਹਾਣੀ ਵਲੋਂ ਪੰਜਾਬ ਦੇ ਵਰਤਮਾਨ ਰਾਜਨੀਤਕ ਹਾਲਾਤਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਆਜ਼ਾਦੀ ਤੋਂ ਬਾਅਦ ਵੱਖ ਵੱਖ ਰਾਜ ਕਰਤਾ ਪਾਰਟੀਆਂ ਵਲੋਂ ਪੰਜਾਬ ਦੀ ਹਾਲਤ ਉਸ ਖਿਡੌਣੇ ਵਰਗੀ ਬਣਾ ਦਿਤੀ ਗਈ ਹੈ ਜਿਸ ਨਾਲ ਖੇਡਣ ਤੋਂ ਬਾਅਦ ਨਿਆਣਾ ਤੋੜ ਮਰੋੜ ਕੇ ਸੁੱਟ ਦਿੰਦਾ ਹੈ। ਮੌਜੂਦਾ ਸਮੇਂ ਪੰਜਾਬ ਦਾ ਨੌਜਵਾਨ ਤਬਕਾ ਬੇਰੁਜ਼ਗਾਰੀ ਦੀ ਮਾਰ ਹੇਠ ਹੈ ਉਹ ਹਤਾਸ਼ ਹੋ ਕੇ ਬਦੇਸ਼ਾਂ ਵਿਚ ਪਰਵਾਸ ਕਰਨ ਲਈ ਮਜ਼ਬੂਰ ਹੈ। ਚੰਗੇ ਭਵਿੱਖ ਦੀ ਤਲਾਸ਼ ਵਿਚ ਉਨ੍ਹਾਂ ਨੂੰ ਆਏ ਦਿਨ ਨਵੀਂ ਮੁਸ਼ਕਲਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਭਟਕਣ ਦੇ ਇਸ ਦੌਰ ਵਿਚ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿਚ ਧੱਕਿਆ ਜਾ ਰਿਹਾ ਹੈ। ਸਰਕਾਰ ਦੀ ਸ਼ਹਿ ਤੇ ਵਿਕਦੇ ਚਿੱਟੇ ਦੇ ਪ੍ਰਕੋਪ ਨਾਲ ਪਿੰਡ ਪਿੰਡ ਸਥਰ ਵਿਕ ਰਹੇ ਹਨ। ਦੂਜੇ ਪਾਸੇ ਭਗਵੰਤ ਮਾਨ ਦੀ ਸਰਕਾਰ ਯੁੱਧ ਨਸ਼ਿਆਂ ਵਿਰੁੱਧ ਵਰਗੇ ਡਰਾਮੇ ਕਰ ਰਹੀ ਹੈ ਜਦੋਂ ਕਿ



ਸਰਕਾਰੀ ਸਰਪ੍ਰਸਤੀ ਹੇਠ ਨਸ਼ਿਆਂ ਦੀ ਹੋਮ ਡਿਲਿਵਰੀ ਜਾਰੀ ਹੈ। ਨਕਲੀ ਤੇ ਜ਼ਹਿਰੀਲੀ ਸ਼ਰਾਬ ਪਿਆ ਕੇ ਲੋਕਾਂ ਦੇ ਘਰ ਉਜਾੜੇ ਜਾ ਰਹੇ ਹਨ। ਨਸ਼ਾ ਮਾਫੀਆ, ਰੇਤ ਮਾਫੀਆ, ਭੂਮੀ ਮਾਫੀਆ, ਟਰਾਂਸਪੋਰਟ ਮਾਫੀਆ, ਸਿੱਖਿਆ ਮਾਫੀਆ ਵਲੋਂ ਸ਼ਰੇਆਮ ਲੋਕਾਂ ਦਾ ਜਿਉਣਾ ਦੁੱਭਰ ਕੀਤਾ ਜਾ ਰਿਹਾ ਹੈ। ਜੇ ਕਿਸੇ ਪਿੰਡ ਵਿਚ ਨੌਜਵਾਨਾਂ ਵਲੋਂ ਨਸ਼ਿਆਂ ਵਿਰੁੱਧ ਸਚ ਮੁਚ ਕਾਰਵਾਈ ਕੀਤੀ ਜਾਂਦੀ ਹੈ ਤੇ ਨਸ਼ੇ ਦੇ ਸੌਦਾਗਰਾਂ ਵਿਰੁੱਧ ਕਾਰਵਾਈ ਕਰਨ ਲਈ ਉਹਨਾਂ ਨੂੰ ਫੜਾਉਣ ਦਾ ਯਤਨ ਕੀਤਾ ਜਾਂਦਾ ਹੈ ਤਾਂ ਪੁਲਿਸ ਪ੍ਰਸ਼ਾਸਨ ਵਲੋਂ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਉਨ੍ਹਾਂ ਨੂੰ ਫੜਾਉਣ ਦਾ ਯਤਨ ਕਰਨ ਵਾਲੇ ਨੌਜਵਾਨਾਂ ਨੂੰ ਉਲਟਾ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਹੈ ਤੇ ਉਹਨਾਂ ਨੂੰ ਝੂਠੇ ਕੇਸਾਂ ਵਿਚ ਫਸਾ ਦਿੱਤਾ ਜਾਂਦਾ ਹੈ।

ਸ ਸੁਲਹਾਣੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ, ਪੰਜਾਬ ਨੂੰ ਲੁੱਟਣ ਵਾਲੀਆਂ ਨੀਤੀਆਂ ਦੀ ਵਿਰੋਧਤਾ ਕਰਨ ਅਤੇ ਪੰਜਾਬ ਸਰਕਾਰ ਦਾ ਦੋਗਲਾ ਚਿਹਰਾ ਬੇਨਕਾਬ ਕਰਨ ਲਈ ਬਸਪਾ ਸੁਪ੍ਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਦੀ ਗਤੀਸ਼ੀਲ ਅਗਵਾਈ ਵਿਚ ਪੰਜਾਬ ਸੰਭਾਲੋ ਅੰਦੋਲਨ ਚਲਾਇਆ ਜਾ ਰਿਹਾ ਹੈ। ਜਿਸ ਨੂੰ ਪੰਜਾਬੀ ਵਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ। ਸ. ਸੁਲਹਾਣੀ ਨੇ ਬਸਪਾ ਦੇ ਇਸ ਅੰਦੋਲਨ ਨੂੰ ਘਰ ਘਰ ਪੁਚਾਉਣ ਲਈ ਬਸਪਾ ਸੰਗਠਨ ਨੂੰ ਚੁਸਤ ਦਰੁਸਤ ਤੇ ਮਜ਼ਬੂਤ ਕਰ ਲਈ ਕਾਰਜਕਰਤਾਵਾਂ ਤੇ ਆਗੂਆਂ ਨੂੰ ਜ਼ਿਮੇਵਾਰੀ ਸੌਂਪੀ। ਸ. ਸੁਲਹਾਣੀ ਵਲੋਂ ਪੰਜਾਬ ਵਾਸੀਆਂ ਨੂੰ ਬਸਪਾ ਦਾ ਸਾਥ ਦੇਣ ਲਈ ਅਪੀਲ ਕਰਦਿਆਂ ਆਖਿਆ ਗਿਆ ਕਿ ਪੰਜਾਬ ਨੂੰ ਗੁਰੂਆਂ ਦੀ ਸੋਚ ਮੁਤਾਬਕ ਰੰਗਲਾ ਤੇ ਖੁਸ਼ਹਾਲ ਪੰਜਾਬ ਬਨਾਉਣ ਅਤੇ ਦਿੱਲੀ ਦੇ ਦਲਾਲਾਂ ਦੇ ਚੁੰਗਲ ਚੋਂ ਕੱਢਣ ਲਈ ਬਹੁਜਨ ਸਮਾਜ ਪਾਰਟੀ ਦਾ ਹਿੱਸਾ ਬਣਨ ਲਈ ਸੱਦਾ ਦਿਤਾ ਗਿਆ। ਇਸ ਮੌਕੇ ਸ. ਗੁਰਪ੍ਰੀਤ ਸਿੰਘ ਤੂੰਬੜ ਭੰਨ ਆਮ ਆਦਮੀ ਪਾਰਟੀ ਛੱਡਕੇ ਆਪਣੇ ਸਾਥੀਆਂ ਸਮੇਤ ਬਹੁਜਨ ਸਮਾਜ ਪਾਰਟੀ ਵਿਚ ਸ਼ਾਮਿਲ ਹੋਏ। ਉਹਨਾਂ ਨੂੰ ਕੋਟ ਕਰੋੜ ਸੈਕਟਰ ਦਾ ਇੰਚਾਰਜ ਬਣਾਇਆ ਗਿਆ। ਇਸ ਮੌਕੇ ਡਾ. ਗੁਰਮੇਲ ਸਿੰਘ ਤਲਵੰਡੀ ਖਜ਼ਾਨਚੀ ਹਲਕਾ ਫਿਰੋਜ਼ਪੁਰ ਦਿਹਾਤੀ, ਸ. ਬਲਵਿੰਦਰ ਸਿੰਘ ਤਲਵੰਡੀ ਸੈਕਟਰ ਪ੍ਰਧਾਨ, ਜਨਾਬ ਲਾਲ ਦੀਨ ਲੋਹਾਮ ਸੈਕਟਰ ਪ੍ਰਧਾਨ ਮੁਦਕੀ, ਸ. ਬਿੰਦਰ ਸਿੰਘ ਸੈਕਟਰ ਪ੍ਰਧਾਨ ਮੁੱਦਕੀ, ਸ ਹਾਕਮ ਸਿੰਘ ਪੰਛੀ ਸੀਨੀਅਰ ਆਗੂ ਜ਼ਿਲ੍ਹਾ ਫਿਰੋਜ਼ਪੁਰ, ਸ. ਹਰੀ ਸਿੰਘ ਮਿਸ਼ਰੀ ਵਾਲਾ ਸੈਕਟਰ ਪ੍ਰਧਾਨ, ਇਕਬਾਲ ਮਸੀਹ ਸੀਨੀਅਰ ਬਸਪਾ ਆਗੂ ਮੁੱਦਕੀ ਤੋਂ ਇਲਾਵਾ ਹੋਰ ਬਸਪਾ ਆਗੂ ਹਾਜ਼ਰ ਸਨ। ਜੋ ਨਵੀਆਂ ਉਮੀਦਾਂ ਤੇ ਨਵਾਂ ਜੋਸ਼ ਲੈਕੇ ਵਾਪਸ ਪਰਤੇ।

# ਦੇਸ਼ ਭਗਤਾਂ ਵੱਲੋਂ ਡਾ. ਸਵਰਾਜਬੀਰ ਦਾ ਸਨਮਾਨ ਅਤੇ ਅਮਰੀਕੀ ਇਜ਼ਰਾਈਲੀ ਹਾਕਮਾਂ ਦੇ ਮਾਰੂ ਹੱਲਿਆਂ ਦੀ ਨਿੰਦਾ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)-** ਪੰਜਾਬੀ ਸਾਹਿਤ ਜਗਤ ਦੀ ਨਾਮਵਰ ਸਖਸ਼ੀਅਤ, ਕਵੀ, ਲੋਕ-ਜ਼ਿੰਦਗੀ ਦਾ ਸਿਰਮੌਰ ਪੱਤਰਕਾਰ ਗ਼ਦਰੀ ਬਾਬਿਆਂ ਦੇ ਮੇਲੇ ਅੰਦਰ ਇੱਕ ਤੋਂ ਵਧਕੇ ਇੱਕ ਖੂਬਸੂਰਤ ਨਾਟਕ, ਨਾਟਕਾਂ ਭਰੀ ਰਾਤ ਦੇ ਮੱਥੇ ਚੰਨ ਵਾਂਗ ਜੜਨ ਵਾਲੇ ਨਾਟਕਕਾਰ ਡਾ। ਸਵਰਾਜਬੀਰ ਦਾ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਨਮਾਨ ਕਰਨ ਦੀ ਖੁਸ਼ੀ ਮਾਣੀ ਗਈ। ਇਹ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਅੱਜ ਡਾ. ਸਵਰਾਜਬੀਰ ਨੇ ਕਾਫ਼ੀ ਸਮਾਂ ਲਾਇਬ੍ਰੇਰੀ, ਮਿਊਜ਼ੀਅਮ ਅਤੇ ਕਿਤਾਬ-ਘਰ ਵਿੱਚ ਗੁਜ਼ਾਰਿਆ। ਉਹ ਅਗਲੇ ਮਹੀਨਿਆਂ ਵਿੱਚ ਪੰਜਾਬੀ ਸਾਹਿਤ, ਗੀਤ-ਸੰਗੀਤ, ਰੰਗ ਮੰਚ ਅਤੇ ਵਿਚਾਰ-ਮੰਥਨ ਦੇ ਖੇਤਰ 'ਚ ਕਿਸੇ ਨਾ ਕਿਸੇ ਸਬੱਬ ਨਾਲ ਇਤਿਹਾਸਕ ਵਿਰਾਸਤ ਦੀਆਂ ਸਾਹਿਤਕ ਸਭਿਆਚਾਰਕ ਕਦਰਾਂ ਕੀਮਤਾਂ ਸਾਡੇ ਸਮਿਆਂ ਦੀਆਂ ਹਾਨਣਾ ਕਿਵੇਂ ਨੇ ਅਤੇ ਭਵਿੱਖ 'ਚ ਕੀ ਕਰਨਾ ਲੋੜੀਏ ਖੋਜ ਕਾਰਜ ਦੇ ਸਬੰਧ ਵਿੱਚ ਦੇਸ਼ ਭਗਤ ਯਾਦਗਾਰ ਹਾਲ ਆਏ ਸਨ।



ਪੁਸਤਕਾਂ ਦੇ ਸੈਂਟ ਨਾਲ ਡਾ. ਸਵਰਾਜਬੀਰ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਦੇ ਸੀਨੀਅਰ ਟਰੱਸਟੀ ਗੁਰਮੀਤ ਮੌਜੂਦ ਸਨ। ਉਹਨਾਂ ਨੇ ਡਾ. ਸਵਰਾਜਬੀਰ ਨੂੰ ਇਸ ਵਰ੍ਹੇ ਗ਼ਦਰੀ ਗੁਲਾਬ ਕੌਰ ਨੂੰ ਸਮਰਪਤ ਕੀਤੇ ਜਾ ਰਹੇ ਮੇਲੇ 'ਚ ਹਰ ਵਾਰ ਦੀ ਤਰ੍ਹਾਂ ਸ਼ਿਰਕਤ ਕਰਨ ਦੀ ਅਪੀਲ ਵੀ ਕੀਤੀ।

# ਏਸੀਅਨ ਖੇਡ ਵਿੱਚੋਂ ਸਿਲਵਰ ਮੈਡਲ ਜਿੱਤ ਤੇ ਵਾਪਸ ਆਈ ਜ਼ਿਲ੍ਹਾ ਪਠਾਨਕੋਟ ਦੀ ਸੀਮਾ ਦਾ ਕੈਬਨਿਟ ਮੰਤਰੀ ਪੰਜਾਬ ਨੇ ਕੀਤਾ ਵਿਸ਼ੇਸ਼ ਸਵਾਗਤ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਪਿੰਡ ਝੱਕੜ (ਪਠਾਨਕੋਟ) ਦੀ ਰਹਿਣ ਵਾਲੀ ਸੀਮਾ ਜੋ ਕਿ 9ਵੀਂ ਯੂ-ਜਿਤਸੂ ਏਸੀਅਨ ਚੈਂਪਿਅਨਸਿਪ-2025 ਜੋ ਕਿ 23 ਮਈ ਤੋਂ 26 ਮਈ 2025 ਤੱਕ ਜੋਰਡਨ ਯੂ-ਜਿਤਸੂ ਫੈਡਰੇਸਨ ਵੱਲੋਂ ਪ੍ਰਿੰਸ ਹੰਮਜਾ ਹਾਲ ਅਲ ਹੂਸੈਨ ਸਪੋਰਟਸ ਸਿਟੀ ਅਮਾਨ ਜੋਰਡਨ ਵਿੱਚ ਆਯੋਜਿਤ ਕੀਤੀ ਗਈ ਸੀ ਜਿਸ ਵਿੱਚ ਕਰੀਬ 750 ਐਥਲੀਟ ਨੇ ਭਾਗ ਲਿਆ ਸੀ ਅਤੇ ਭਾਰਤ ਨੇ ਇਸ ਚੈਂਪਿਅਨਸਿਪ ਵਿੱਚੋਂ 2 ਗੋਲਡ, 5 ਸਿਲਵਰ ਅਤੇ 10 ਬਰਾਊਨ ਮੈਡਲ ਜਿੱਥੇ ਜਿਸ ਵਿੱਚੋਂ ਪੰਜਾਬ ਦੀ ਲੜਕੀ ਸੀਮਾ ਜੋ ਕਿ ਜਿਲ੍ਹਾ ਪਠਾਨਕੋਟ ਦੀ ਰਹਿਣ ਵਾਲੀ ਹੈ ਨੇ ਇੱਕ ਸਿਲਵਰ ਮੈਂਡਲ ਜਿੱਤ ਕੇ ਅਪਣੇ ਮਾਤਾ ਪਿਤਾ, ਜਿਲ੍ਹਾ ਪਠਾਨਕੋਟ ਅਤੇ ਪੰਜਾਬ ਦਾ ਮਾਣ ਵਧ-ਾਇਆ ਹੈ। ਅੱਜ ਸੀਮਾ ਦੇ ਪਠਾਨਕੋਟ ਪਹੁੰਚਣ ਤੇ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਵਿਸੇਸ ਤੋਰ ਤੇ ਸਵਾਗਤ ਕਰਦਿਆਂ ਵਧਾਈ ਦਿੱਤੀ ਅਤੇ ਸੰਬੋਧਤ ਕਰਦਿਆਂ ਕਿਹਾ ਕਿ ਸਾਡੇ ਲਈ ਬਹੁਤ ਮਾਣ ਦੀ ਗੱਲ ਹੈ ਕਿ ਜਿਲ੍ਹਾ ਪਠਾਨਕੋਟ ਦੀ ਧੀ ਸੀਮਾ ਨੇ ਪੂਰੀ ਦੁਨੀਆ ਅੰਦਰ ਜਿਲ੍ਹਾ ਪਠਾਨਕੋਟ ਅਤੇ ਪੰਜਾਬ ਦਾ ਨਾਮ ਰੋਸਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਕ ਸਖਤ ਮਿਹਨਤ ਦੇ ਸਦਕਾ ਸੀਮਾ ਨੇ ਬਹੁਤ ਵੱਡਾ ਕੰਮ ਕਰ ਕੇ



ਦਿਖਾਇਆ ਹੈ। ਉਨ੍ਹਾਂ ਕਿਹਾ ਕਿ ਸਾਡੀ ਲੋਕਾਂ ਦੀ ਅਕਸਰ ਸੋਚ ਅਜਿਹੀ ਬਣ ਜਾਂਦੀ ਹੈ ਕਿ ਕਈ ਵਾਰ ਧੀਆਂ ਨੂੰ ਪਰਿਵਾਰ ਦੇ ਅੰਦਰ ਦੂਸਰੇ ਨੰਬਰ ਤੇ ਰੱਖਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮਾਜ ਅੰਦਰ ਕੁੜੀਆਂ ਹਰੇਕ ਖੇਤਰ ਅੰਦਰ ਚਾਹੇ ਉਹ ਸਿੱਖਿਆ ਦਾ ਹੋਵੇ ਜਾਂ ਖੇਡਾਂ ਦਾ ਹੋਵੇ ਵੱਡੀਆ ਮੱਲਾਂ ਮਾਰ ਰਹੀਆਂ ਹਨ ਅਤੇ ਕਿਸੇ ਖੇਤਰ ਵਿੱਚ ਵੀ ਮੁੰਡਿਆਂ ਨਾਲੋਂ ਪਿੱਛੇ ਨਹੀਂ ਹਨ।

# ਪ੍ਰਕਾਸ਼ ਦਿਹਾੜਾ, ਗੁਰੂ ਹਰਿਗੋਬਿੰਦ ਸਾਹਿਬ ਜੀ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਗਏ, ਚੰਦਰ-ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ, ਸਾਲ ਦੀ ਲੰਬਾਈ 365.2563 ਦਿਨ) ਕੈਲੰਡਰ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ ਹਾੜ ਵਦੀ 1, 30 ਜੇਠ, 12 ਜੂਨ ਦਰਜ ਹੈ। ਪਿਛਲੇ ਸਾਲ (556 ਨ: ਸ:) ਦੇ ਕੈਲੰਡਰ ਵਿੱਚ ਇਹ ਦਿਹਾੜਾ 9 ਹਾੜ, 22 ਜੂਨ ਦਾ ਦਰਜ ਸੀ। (ਯਾਦ ਰਹੇ ਕਮੇਟੀ ਨੇ ਆਪਣੇ ਕੈਲੰਡਰ ਵਿੱਚ ਵਦੀਆਂ-ਸੁਦੀਆਂ, ਇਸ ਸਾਲ ਹੀ ਦਰਜ ਕੀਤੀਆਂ ਹਨ) ਇਥੇ ਪ੍ਰਵਿਸ਼ਟਿਆਂ ਅਤੇ ਤਾਰੀਖਾਂ ਦੇ ਅੰਤਰ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਸ਼੍ਰੋਮਣੀ ਕਮੇਟੀ ਇਹ ਦਿਹਾੜਾ ਚੰਦ ਦੇ ਕੈਲੰਡਰ ਮੁਤਾਬਕ, ਹਾੜ ਵਦੀ 1 ਨੂੰ ਮਨਾਉਂਦੀ ਹੈ।

ਹੈਰਾਨੀ ਹੋਈ ਜਦੋਂ ਸ਼੍ਰੋਮਣੀ ਕਮੇਟੀ ਦੀ ਵੈੱਬ ਸਾਈਟ ਵੇਖੀ ਤਾਂ ਉਥੇ ਇਹ ਹਾੜ ਵਦੀ 7, 21 ਹਾੜ ਦਰਜ ਹੈ। "Sri GuruHargobind Sahib ji was born at village Guru ki Wadali (district Amritsar) on Harh Vadi 7(21 Harh) Samvat 1652 (19 th June 1595)". (sgpc.net) ਇਨ੍ਹਾਂ ਦੋਵਾਂ ਤਾਰੀਖਾਂ ਵਿੱਚ ਇਕ ਹਫ਼ਤੇ ਦਾ ਫ਼ਰਕ ਹੋਣ ਕਾਰਨ, ਅਸੀਂ ਦਾਵੇ ਨਾਲ ਕਹਿ ਸਕਦੇ ਹਾਂ ਕਿ ਇਹ ਦੋਵੇਂ ਤਾਰੀਖਾਂ ਸਹੀ ਨਹੀਂ ਹੋ ਸਕਦੀਆਂ। ਆ ਵੇਖੀਏ ਕਿ ਸਹੀ ਤਾਰੀਖ ਕਿਹੜੀ ਹੈ?

ਸ਼੍ਰੋਮਣੀ ਕਮੇਟੀ ਦੀ ਵੈੱਬ ਸਾਈਟ ਉੱਪਰ ਦਰਜ ਤਾਰੀਖ, ਹਾੜ ਵਦੀ 7, 21 ਹਾੜ ਸੰਮਤ 1652 ਬਿਕ੍ਰਮੀ (19 ਜੂਨ 1595 ਈ: ਜੂਲੀਅਨ, ਵੀਰਵਾਰ) ਦਰਜ ਹੈ। ਜੇ ਕਮੇਟੀ ਦੇ ਕੈਲੰਡਰ ਮੁਤਾਬਕ ਵੇਖੀਏ ਤਾਂ ਇਹ, ਹਾੜ ਵਦੀ 1, 14 ਹਾੜਸੰਮਤ 1652 ਬਿਕ੍ਰਮੀ (12 ਜੂਨ 1595 ਈ: ਜੂਲੀਅਨ) ਦਿਨ ਵੀਰਵਾਰ ਬਣਦੀ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਲੱਖਾਂ ਦੀ ਗਿਣਤੀ ਵਿੱਚ ਛਾਪੀ ਜਾ ਚੁੱਕੀ, ਧਾਰਮਿਕ ਪ੍ਰੀਖਿਆ ਲਈ ਨਿਰਧਾਰਿਤ ਪੁਸਤਕ "ਗੁਰਮਤਿ ਗਿਆਨ-ਦਰਜਾ ਦੂਜਾ" ਦੇ ਕਰਤਾ ਡਾ ਇੰਦਰਜੀਤ ਸਿੰਘ ਗੋਗੋਆਣੀ ਲਿਖਦੇ ਹਨ, "ਪ੍ਰਕਾਸ਼:- 19 ਜੂਨ 1595 ਈ" (ਪੰਨਾ 8) ਹੁਣ ਜੇ ਇਸ ਅੰਗਰੇਜੀ ਤਾਰੀਖ ਨੂੰ ਬਿਕ੍ਰਮੀ ਕੈਲੰਡਰ ਵਿੱਚ ਬਦਲੀ ਕਰੀਏ ਤਾਂ ਇਹ, ਹਾੜ ਵਦੀ 7, 21ਹਾੜ ਸੰਮਤ 1652 ਬਿਕ੍ਰਮੀ ਹੀ ਬਣਦੀ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਹੀ ਛਾਪੀ ਗਈ, 'ਸ਼੍ਰੀ ਗੁਰੂ ਹਰਿਗੋਬੰਦ ਸਾਹਿਬ ਜੀ' (ਡਾ. ਜੋਧ ਸਿੰਘ) ਵਿੱਚ ਵੀ 21 ਹਾੜ ਹੀਦਰਜ ਹੈ। "ਵਡਾਲੀ ਵਿਖੇ ਹੀ ਸੰਮਤ 1652 (1595 ਈ:) ਦੇ ਇੱਕੀ ਹਾੜ ਨੂੰ (ਗੁਰੂ) ਹਰਿਗੋਬਿੰਦ ਸਾਹਿਬ ਜੀ ਦਾਜਨਮ ਹੋਇਆ"। (ਪੰਨਾ 6)

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਹੀ ਛਾਪੀ ਗਈ ਇਕ ਹੋਰ ਪੁਸਤਕ, "ਸਿੱਖ ਇਤਿਹਾਸ' (ਪ੍ਰੋ: ਕਰਤਾਰ ਸਿੰਘ) ਵਿੱਚ ਵੀ'ਹਾੜ ਵਦੀ 7, 21 ਹਾੜ ਸੰਮਤ 1652, ਮੁਤਾਬਕ 19 ਜੂਨ ਸੰਨ 1595" (ਪੰਨਾ 223) ਹੀ ਦਰਜ ਹੈ।

'History And Philosophy of the Sikh Religion' ਕਰਤਾ ਖਜਾਨ ਸਿੰਘ ਵੀ ਇਸੇ ਤਾਰੀਖ ਨਾਲ ਸਹਿਮਤ ਹੈ। "Guru Arjan had only one son, Hargobind. He was born on 21sthar Sambat 1652 (June1595A.D.) at vadali in Amritsar District. (Page 126)

"ਹਰਿਗੋਬਿੰਦ, ਗੁਰੂ (1595-1644): ਗੁਰੂ ਨਾਨਕ ਦੇਵ ਤੋਂ ਪਿੱਛੋਂ ਅਧਿਆਤਮਿਕ ਪੀੜ੍ਹੀ ਵਿਚੋਂ ਛੇਵੇਂ ਗੁਰੂ ਨੇ ਗੁਰੂ ਅਰਜਨਦੇਵ ਅਤੇ ਮਾਤਾ ਗੰਗਾ ਜੀ ਦੇ ਘਰ ਅੰਮ੍ਰਿਤਸਰ ਦੇ ਨੇੜੇ ਵਡਾਲੀ ਵਿਖੇ ਜਿਸਨੂੰ ਹੁਣ ਗੁਰੂ ਕੀ ਵਡਾਲੀ ਕਹਿੰਦੇ ਹਨ, ਹਾੜ੍ਹ ਵਦੀ 7,1652 ਬਿਕਰਮੀ/19 ਜੂਨ 1595 ਈ। ਨੂੰ ਜਨਮ ਲਿਆ ਸੀ। (ਸਿੱਖ ਧਰਮ ਵਿਸ਼ਵਕੋਸ਼, ਪਬਲੀਕੇਸ਼ਨ ਬਿਊਰੋ)

ਕਵੀ ਸੰਤੋਖ ਸਿੰਘ ਵੀ 21 ਹਾੜ ਸੰਮਤ 1652 ਬਿ: ਹੀ ਲਿਖ ਰਿਹਾ ਹੈ। ਪਰ ਕਵੀ ਜੀ ਵੱਲੋਂ ਲਿਖਿਆ ਨਛੱਤਰ 'ਪੁੱਖ'ਸਹੀ ਨਹੀਂ ਹੈ। ਇਹ ਅੱਠਵਾਂ ਨਛੱਤਰ ਹੈ ਜਦੋਂ ਕਿ 21 ਹਾੜ, ਹਾੜ ਵਦੀ 7 ( ਜੂਨ 19) ਨੂੰ ਛਬੀਵਾਂ ਨਛੱਤਰ 'ਉਤ੍ਰਾਭਾਦ੍ਰਪਦ' ਸੀ।
"ਸੰਮਤ ਸੋਲਹਿ ਸੈ ਅਰੁਬਾਵਨ ਹਾੜ ਇਕਸਵੀ ਕੋ ਦਿਨ ਸੋਊ। ਜਾਮਨੀ ਆਧਿਬਿਤੀਤਿ ਭਈ ਜਬਿ ਪੁੱਖ ਨਿਚੱਤਸਮੋਂ ਤਬਿ ਹੋਊ।" (ਰਾਸ 3 ਅਧਿਆਇ 4)

ਡਾ ਹਰਜਿੰਦਰ ਸਿੰਘ ਦਿਲਗੀਰ, ਭੱਟ ਵਹੀ 'ਮੁਲਤਾਨੀ ਸਿੰਧੀ' ਦੇ ਹਵਾਲੇ ਨਾਲ ਲਿਖਦੇ ਹਨ, " ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਮਾਤਾ ਗੰਗਾ ਜੀ ਦੀ ਕੁਖ ਤੋਂ ਗੁਰੂ ਅਰਜਨ ਸਾਹਿਬ ਦੇ ਘਰ 19 ਜੂਨ 1590 ਦੇ ਦਿਨ ਵਡਾਲੀ, ਨੇੜੇ ਛੇਹਰਟਾ ਸਾਹਿਬ (ਅੰਮ੍ਰਿਤਸਰ) ਵਿੱਚ ਹੋਇਆ"। ਇਥੇ ਤਾਰੀਖ ਤਾਂ '19 ਗੁਰੂ ਹਰਿਗੋਬੰਦ ਮਾਹ', (21 ਹਾੜ) ਹੀ ਲਿਖਦੇ ਹਨ ਪਰ ਸਾਲ 1590 ਈ: ਲਿਖਦੇ ਹਨ। ਜਦੋਂ ਕਿ ਅਸਲ ਲਿਖਤ ਵਿੱਚ "ਸੰਮਤ ਸਤਰਾਂ ਸੈ ਸੰਤਾਲੀਸ, ਮਾਹ ਹਾੜ ਦਿਹੁੰ ਇਕੀਸ ਗਿਆ"(19 ਜੂਨ 1690 ਈ) ਦਰਜ ਹੈ। "ਇਸ ਇੰਦਰਾਜ ਤੋਂ ਸਾਫ਼ ਪਤਾ ਲਗਦਾ ਹੈ ਕਿ ਗੁਰੂ ਜੀ ਦਾ ਜਨਮ ਬਿਕਰਮੀ ਸੰਮਤ 1747, ਯਾਨਿ 1690 ਵਿੱਚ ਹੋਇਆ ਸੀ" । (ਪੰਨਾ 225)

ਡਾ. ਸੁਖਦਿਆਲ ਸਿੰਘ ਜੀ ਵੀ, ਇਸੇ ਭੱਟ ਵਹੀ ਦੇ ਹਵਾਲੇ ਨਾਲ ਲਿਖਦੇ ਹਨ, " ਗੁਰੂ ਹਰਿਗੋਬੰਦ ਸਾਹਿਬ ਜੀ ਦਾ ਜਨਮ ਪ੍ਰਚਲਿਤ ਰਵਾਇਤ ਅਨੁਸਾਰ 9 ਜੂਨ 1595 ਈ: ਨੂੰ ਹੋਇਆ ਮੰਨਿਆ ਜਾਂਦਾ ਹੈ। ਆਧੁਨਿਕ ਸਿਖ ਇਤਿਹਾਸਕਾਰ ਵੀਇਸੇ ਤਿਥੀ ਨੂੰ ਅਪਣਾ ਕੇ ਚਲਦੇ ਹਨ ਪਰ ਭੱਟ ਵਹੀ ਵਿੱਚ ਗੁਰੂ ਜੀ ਦਾ ਜਨਮ ਇੱਕੀ ਹਾੜ ਸੰਮਤ ਸਤਾਰਾਂ ਸੌ ਸੰਤਾਲੀ ਬਿ. ਮੁਤਾਬਕ ਜੁਲਾਈ-ਅਗਸਤ, 1690 ਈ. ਵਿੱਚ ਹੋਇਆ ਦੱਸਿਆ ਗਿਆ ਹੈ। ਇਨਾਂ ਦੋਹਾਂ ਮਿਤੀਆਂ ਵਿੱਚਛੇ ਪੰਜ ਸਾਲ ਦਾ ਫ਼ਰਕ ਹੈ। ਭੱਟ ਵਹੀਆਂ ਵਿੱਚ ਦਿੱਤੀਆਂ ਗਈਆਂ ਮਿਤੀਆਂ ਆਮ ਤੌਰ 'ਤੇ ਸਾਡੇ ਇਤਿਹਾਸਕਾਰਾਂ ਵੱਲੋਂ ਠੀਕਹੀ ਮੰਨੀਆਂ ਗਈਆਂ ਹਨ। ਅਗਲੀ ਕੋਈ ਹੋਰ ਭਰੋਸੇ ਯੋਗ ਗਵਾਹੀ ਮਿਲਣ ਦੀ ਉਡੀਕ ਵਿੱਚ ਇਸ ਬਾਰੇ ਫੈਸਲਾ ਖੁੱਲਾ ਰੱਖਦੇ ਹਾਂ"। (ਗੁਰੂ ਹਰਿਗੋਬਿੰਦ ਸਾਹਿਬ ਜੀਵਨ, ਯੁੱਧ ਅਤੇ ਯਾਤਰਾਵਾਂ, ਪਹਿਲੀ ਵਾਰ 1998, ਪੰਨਾ 15)।

ਇਥੇ 9 ਜੂਨ ਛਪਿਆ ਵੇਖ ਕੇ ਸੋਚਿਆ ਕਿ ਇਹ ਗਲਤੀ ਨਾਲ 19 ਜੂਨ ਦੀ ਬਜਾਏ 9 ਜੂਨ ਛਪ ਗਿਆ ਹੋਵੇਗਾ। ਪਰਹੈਰਾਨੀ ਹੋਈ ਜਦੋਂ ਡਾ. ਸੁਖਦਿਆਲ ਸਿੰਘ ਦੀ ਦੋ ਹੋਰ ਲਿਖਤਾਂ, 'ਸ਼ਿਰੋਮਣੀ ਸਿੱਖ ਇਤਿਹਾਸ' ( ਪੰਨਾ 146, 2010 ਈ)ਅਤੇ 'ਪੰਜਾਬ ਦਾ ਇਤਿਹਾਸ' (ਪੰਨਾ 116, 2012 ਈ:) ਵੇਖੀਆਂ। ਇਨ੍ਹਾਂ ਦੋਵਾਂ ਕਿਤਾਬਾਂ ਵਿੱਚ 9 ਜੂਨ ਅਤੇ ਸਾਲ ਬਾਰੇ ਫੈਸਲਾ ਭਰੋਸੇ ਯੋਗ ਗਵਾਹੀ ਮਿਲਣ ਦੀ ਉਡੀਕ ਵਿੱਚ ਖੁੱਲਾ ਛੱਡਿਆ ਹੋਇਆ ਹੈ। ਪਹਿਲੀ ਕਿਤਾਬ 1998 ਵਿੱਚ ਛਪੀਸੀ ਅਤੇ ਤੀਜੀ 2010 ਈ:, ਭਾਵ 12 ਸਾਲਾਂ ਪਿਛੋਂ ਵੀ ਤਾਰੀਖ ਅਤੇ ਸਾਲ ਬਾਰੇ ਫੈਸਲਾ ਭਵਿੱਖ ਵਿੱਚ ਮਿਲਣ ਵਾਲੀ "ਭਰੋਸੇ ਯੋਗ ਗਵਾਹੀ" ਦੀ ਉਡੀਕ ਵਿੱਚ ਖੁੱਲਾ ਛੱਡਿਆ ਹੋਇਆ ਹੈ। ਉਂਝ ਕਿਤਾਬਾਂ ਦੇ ਅਖੀਰ ਤੇ ਸਾਰੀ ਲਾਇਬਰੇਰੀਦੀਆਂ ਕਿਤਾਬਾਂ ਦੀ ਸੂਚੀ ਛਾਪੀ ਹੋਈ ਹੈ। ਜੇ 21ਵੀਂ ਸਦੀ ਦੇ ਵਿਦਵਾਨਾਂ ਦਾ ਇਹ ਹਾਲ ਹੈ ਤਾਂ ਸਤ੍ਹਾਰਵੀਂ-ਅਠਾਰਵੀਂ ਸਦੀਦੇ ਲੇਖਕਾਂ ਦਾ ਕੀ ਦੋਸ਼?

"ਗੁਰਮਤਿ ਰਹਿਤ ਮਰਯਾਦਾ" ਵਿੱਚ ਗਿਆਨੀ ਗੁਰਬਚਨ ਸਿੰਘ ਭਿੰਡਰ ਕਲਾਂ ਲਿਖਦੇ ਹਨ, "ਅਵਤਾਰ ਧਾਰਨ ਸੰਮਤ:-1652 ਬਿ: ਹਾੜ ਵਦੀ ਏਕਮ, ਦਿਨ ਐਤਵਾਰ, ਪੁੰਨਿਆ ਦੀ ਰਾਤ ਸੀ, 6 ਜੂਨ 1595 ਈ: ਪੁੱਖ ਨਛੱਤਰ ਸੰਗਰਾਂਦੀ 21 ਹਾੜ" (ਪੰਨਾ 37)

ਇਸ ਕਿਤਾਬ ਵਿੱਚ ਦਰਜ ਹੋਰ ਬਹੁਤੀਆਂ ਤਾਰੀਖਾਂ ਵਾਂਗੂੰ, ਇਹ ਤਾਰੀਖ ਵੀ ਗੋਲ ਮਾਲ ਹੀ ਹੈ। ਪਰਵੇਖਣ ਵਾਲੀ ਗੱਲ ਇਹ ਹੈ ਕਿ ਪ੍ਰਵਿਸ਼ਟਾ ਇਥੇ ਵੀ 21 ਹਾੜ ਹੀ ਹੈ। ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀਤਾਰੀਖ, ਚੇਤ ਸੁਦੀ ਪੰਚਮੀ, ਸੰਮਤ 1695 ਬਿ:, 28 ਮਾਰਚ 1638 ਈ: ਅਤੇ ਕੁਲ ਉਮਰ 42 ਬਰਸ ਨੌਂ ਮਹੀਨੇ ਉਨੀ ਦਿਨ ਦਰਜ ਹੈ ਜੋ ਕਿ ਮੰਨਣ ਯੋਗ ਨਹੀ ਹੈ।

'ਬੰਸਾਵਲੀਨਾਮਾ' ਦਾ ਕਰਤਾ, ਕੇਸਰ ਸਿੰਘ ਛਿੱਬਰ (ਸੰਪਾਦਕ ਪਿਆਰਾ ਸਿੰਘ ਪਦਮ) ਪ੍ਰਵਿਸ਼ਟਾ ਤਾਂ 21 ਹਾੜ ਹੀ-ਲਿਖਦਾ ਹੈ ਪਰ ਸੰਮਤ ਇਹ ਵੀ 1647 ਲਿਖਦਾ ਹੈ। ਸਾਹਿਬ ਗੁਰੂ ਹਰਿਗੋਬਿੰਦ ਜੀ ਜਨਮੇ ਵਡਾਲੀ। ਸੰਮਤੁ ਸੋਲਾਂ ਸੈ ਗਏ ਸੈਂਤਾਲੀ।ਹਾੜ ਮਾਸ ਦਿਨ ਬੀਤੇ ਇੱਕੀ ਮਾਤਾ ਗੰਗਾ ਜੀ ਦੇ ਉਦਰੋਂ ਜਨਮ ਪਤ੍ਰੀ ਦਿਜ ਲਿਖੀ। (ਪੰਨਾ 86) ਪਰ ਇਸ ਵੱਲੋਂ ਲਿਖੀ ਗਈ ਕੁਲ ਉਮਰ 48 ਸਾਲ ਸਾਡੀ ਸਮੱਸਿਆ ਨੂੰ ਹਲ ਕਰਨ ਵਿੱਚ ਸਹਾਈ ਹੁੰਦੀ ਹੈ।"ਅਠਤਾਲੀ ਬਰਸ ਕੀ ਆਉਧਗੁਜਾਰੀ" (ਪੰਨਾ 102)

ਹੁਣ ਜੇ ਇਸ ਦੇ ਹਿਸਾਬ ਕਿਤਾਬ ਦੀਆਂ ਕੜੀਆਂ ਮੇਲੀਏ ਤਾਂ ਤਸਵੀਰ ਕਾਫੀ ਸਾਫ ਹੋ ਜਾਂਦੀ ਹੈ। ਗੁਰੂ ਜੀ ਜੋਤੀ ਜੋਤਿ ਸਮਾਉਣ ਦੀ ਤਾਰੀਖ, 6 ਚੇਤ, ਚੇਤ ਸੁਦੀ 5 ਸੰਮਤ 1701 ਬਿਕ੍ਰਮੀ (3 ਮਾਰਚ 1644 ਈ: ਜੂਲੀਅਨ) ਦਿਨ ਐਤਵਾਰ, ਬਾਰੇ ਕੋਈ ਮੱਤ-ਭੇਦ ਨਹੀ ਹੈ। ਕੁੱਲ ਉਮਰ 48 ਸਾਲ ਦੇ ਹਿਸਾਬ ਨਾਲ ਵੇਖੀਏ ਤਾਂ ਗੁਰੂ ਜੀ ਦੀ ਜਨਮ ਤਾਰੀਖ 21 ਹਾੜ ਸੰਮਤ 1652 ਸਹੀ ਬਣਦੀ ਹੈ।

ਗਿਆਨੀ ਗਿਆਨ ਸਿੰਘ, ਇਕ ਥਾਂ ਗੁਰੂ ਜੀ ਦਾ ਜਨਮ ਤਾਰੀਖ, ਹਾੜ ਵਦੀ 1, ਸੰਮਤ 1652 ਬਿਕ੍ਰਮੀ, ਅਤੇ ਦੂਜੀ ਥਾਂ ਹਾੜ ਸੁਦੀ 2, ਕੁਲ ਉਮਰ 48 ਸਾਲ 9 ਮਹੀਨੇ 4 ਦਿਨ ਲਿਖਦੇ ਹਨ। "ਏਹ ਗੁਰੂ ਸੰਮਤ 1652 ਬਿਕ੍ਰਮੀ ਹਾੜ ਸੁਦੀ 2 ਨੂੰ ਪ੍ਰਗਟ ਹੋ ਕੇ, 10 ਬਰਸ 11 ਮਹੀਨੇ ਇੱਕ ਦਿਨ ਦੀ ਉਮਰ ਵਿੱਚ ਗੱਦੀ ਬੈਠਕਰ, 31 ਸਾਲ 10 ਮਹੀਨੇ ਤਿੰਨ ਦਿਨ ਗੁਰਿਆਈ ਕਰ ਕੇ, 48 ਵਰ੍ਹੇ 9 ਮਹੀਨੇ 4 ਦਿਨ ਸਾਰੀ ਉਮਰ ਭੋਗਕੇ, ਚੇਤਰ ਸੁਦੀ 5 ਸ਼ੁਕ੍ਰਵਾਰ 9 ਘੜੀ ਰਾਤੀ ਰਹੀ, ਸੰਮਤ 1701 ਬਿਕ੍ਰਮੀ ਤੇ ਸਾਲ 174 ਨਾਨਕਸ਼ਾਹੀ ਨੂੰ ਚੋਲਾ ਛੱਡ ਕੇ ਸੱਚਖੰਡ ਗੁਰਪੁਰ ਵਿੱਚ ਜਾ ਬਸੇ"। (ਤਵਾਰੀਖ਼ ਗੁਰੂ ਖਾਲਸਾ ਪਾ: 6)

ਸਿਖ ਇਤਿਹਾਸ ਰੀਸਰਚ ਬੋਰਡ ਵੱਲੋਂ ਛਾਪੀ ਗਈ 1965-66 ਦੀ ਡਾਇਰੀ ਵਿੱਚ, ਗੁਰੂ ਜੀ ਪ੍ਰਕਾਸ਼ ਦਿਹਾੜੇ ਦੀ ਤਾਰੀਖ 21 ਹਾੜ1652 ਸੰਮਤ (14 ਜੂਨ 1595 A.D.) ਦਰਜ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਛਾਪੀ ਗਈ ਖਾਲਸਾ ਡਾਇਰੀ 1975-76 ਈ: ਵਿੱਚ , "ਹਾੜ ਵਦੀ 7, ਹਾੜ ਪ੍ਰਵਿਸ਼ਟੇ 21 ਸੰਮਤ 1652 ਬਿ:, 19 ਜੂਨ, ਸੰਨ 1594 ਈ: ਦਿਨ ਵੀਰਵਾਰ ਦਰਜ ਹੈ। ਸ਼੍ਰੋਮਣੀ ਡਾਇਰੀ 1991 ਵਿੱਚ, "ਹਾੜ ਵਦੀ 6, ਸੰਮਤ 1652 ਬਿ:, 14 ਜੂਨ, ਸੰਨ 1595 ਈ: ਦਰਜ ਹੈ।

ਸ਼੍ਰੋਮਣੀ ਡਾਇਰੀ 1992 ਵਿੱਚ, "ਹਾੜ ਵਦੀ 1, ਸੰਮਤ 1652 ਬਿ:, 19 ਜੂਨ, ਸੰਨ 1595 ਈ: ਦਰਜ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ 1998 ਈ: ਵਿੱਚ ਛਾਪੀ ਗਈ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਡਾ ਅਮਰਜੀਤਸਿੰਘ ਵੱਲੋਂ ਸੰਪਾਦਨ ਕੀਤੀ ਗਈ 'ਗੁਰਬਿਲਾਸ ਪਾਤਸ਼ਾਹੀ 6' ਮੁਤਾਬਕ ਵੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ 21 ਹਾੜਸੰਮਤ 1652 ਬਿਕ੍ਰਮੀ ਨੂੰ ਹੀ ਹੋਇਆਂ ਸੀ। ਸੰਮਤ ਸੋਰਹ ਸੈ ਸੁ ਬਵੰਜਾ ਹਾੜ ਇੱਕੀ ਨਿਸਿਆਧੀ ਮੰਝਾ। (ਪੰਨਾ 19)

ਉਪ੍ਰੋਕਤ ਖੋਜ-ਪੜਤਾਲ ਤੋਂ ਸਹਿਜੇ ਹੀ ਇਸ ਨਤੀਜੇ ਤੇ ਪੁੱਜਿਆ ਜਾ ਸਕਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ 21ਹਾੜ, ਹਾੜ ਵਦੀ 7 ਸੰਮਤ 1652 ਬਿ: ਦਿਨ ਵੀਰਵਾਰ ਨੂੰ ਹੋਇਆ ਸੀ।

ਜਦੋਂ ਇਸ ਨੂੰ ਅੰਗਰੇਜੀ ਕੈਲੰਡਰ ਵਿੱਚ ਬਦਲਿਆ ਗਿਆਤਾਂ ਇਹ 19 ਜੂਨ 1595 ਈ: (ਜੂਲੀਅਨ) ਲਿਖੀ ਗਈ। ਨਾਨਕਸ਼ਾਹੀ ਕੈਲੰਡਰ ਵਿੱਚ ਇਹ ਦਿਹਾੜਾ 21 ਹਾੜ ਦਾ ਹੀ ਦਰਜ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਹੈ ਕਿ ਜੇ ਇਹ ਦਿਹਾੜਾ ਪ੍ਰਵਿਸ਼ਟਿਆਂ ਮੁਤਾਬਕ ਦਰਜ ਕਰਨ ਦੀ ਬਿਜਾਏ ਵਦੀ-ਸੁਦੀ ਮੁਤਾਬਕ ਦਰਜ ਕਰਨਾ ਤੁਹਾਡੀ ਕੋਈ ਮਜ਼ਬੂਰੀ ਹੈ ਤਾਂ ਘੱਟੋ-ਘੱਟ ਆਪਣੇ ਕੈਲੰਡਰ ਵਿੱਚ ਤਿੱਥ (ਹਾੜ ਵਦੀ 7) ਤਾਂ ਸਹੀ ਛਾਪੋ।

# ਅਵਾਰਾ ਪਸ਼ੂ ਅਤੇ ਕੁੱਤੇ ਬਣੇ ਪੰਜਾਬ ਦੇ ਲੋਕਾਂ ਲਈ ਗੰਭੀਰ ਸਮੱਸਿਆ



ਪ੍ਰਮੋਦ ਧੀਰ,
98550-31081

ਪੰਜਾਬ ਵਿੱਚ ਅਵਾਰਾ ਪਸ਼ੂਆਂ ਦੀ ਸਮੱਸਿਆ ਗੰਭੀਰ ਬਣਦੀ ਜਾ ਰਹੀ ਹੈ। ਇਹਨਾਂ ਅਵਾਰਾ ਪਸ਼ੂਆਂ ਕਾਰਨ ਪੰਜਾਬ ਵਿੱਚ ਮਨੁੱਖੀ ਜਾਨਾਂ ਜਾਣ ਦਾ ਰੁਝਾਨ ਦਿਨੋਂ ਦਿਨ ਵੱਧ ਰਿਹਾ ਹੈ। ਜਿਸ ਕਾਰਨ ਪੂਰੇ ਸਮਾਜ ਵਿੱਚ ਡਰ ਦੀ ਭਾਵਨਾ ਪੈਦਾ ਹੋ ਗਈ ਹੈ। ਅੱਜ ਕਲ੍ਹ ਹਰ ਇੱਕ ਵਿਅਕਤੀ ਅਵਾਰਾ ਪਸ਼ੂਆ ਤੋਂ ਬਹੁਤ ਪ੍ਰੇਸ਼ਾਨ ਹੈ। ਅਵਾਰਾ ਪਸ਼ੂ ਅਕਸਰ ਹੀ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ ਤੇ ਇਹਨਾਂ ਅਵਾਰਾ ਢੱਠਿਆਂ ਦੇ ਪਿੰਡਾਂ ਅਤੇ ਕਸਬਿਆਂ ਦੀਆਂ ਗਲੀਆਂ ਵਿਚ ਹਰਲ-ਹਰਲ ਘੁੰਮਣ ਨਾਲ ਜਿੱਥੇ ਹਰ ਕੋਈ ਭੈਅ ਭੀਤ ਜਿਹਾ ਰਹਿੰਦਾ ਹੈ, ਉੱਥੇ ਛੋਟੇ ਬੱਚੇ ਤੇ ਬਜ਼ੁਰਗ ਜ਼ਿਆਦਾ ਖੌਫਜਦਾ ਹੋ ਰਹੇ ਹਨ ਅਤੇ ਕਈ ਵਾਰ ਬੱਚਿਆਂ ਦਾ ਸ਼ਾਮ ਵੇਲੇ ਖੇਡਣਾ ਮੁਸ਼ਕਲ ਹੋਇਆ ਪਿਆ ਹੈ, ਉਧਰ ਦੂਸਰੇ ਪਾਸੇ ਨਿੱਤ ਆਉਂਦੀਆਂ ਦਿਲ ਕੰਬਾਊ ਖਬਰਾਂ ਕਿ ਹਲਕਾਏ 'ਤੇ ਅਵਾਰਾ ਕੁੱਤਿਆਂ ਦੇ ਵੱਡਣ ਨਾਲ ਅਤੇ ਅਵਾਰਾ ਪਸ਼ੂਆਂ ਦੇ ਹਮਲਿਆਂ ਨਾਲ ਹੁੰਦੀਆਂ ਮੌਤਾਂ ਅਤੇ ਕਈਆਂ ਦੇ ਜਖਮੀ ਹੋਣ ਸਬੰਧੀ ਸੁਣ ਕੇ ਦਿਲ ਕੰਬ ਉਠਦਾ ਹੈ, ਪਰ ਇਹਨਾਂ ਦੁਰਘਟਨਾਵਾਂ ਦੇ ਬਾਵਜੂਦ ਇਸ ਸਮੱਸਿਆ ਤੋਂ ਨਿਜ਼ਾਤ ਦਿਵ-ਾਉਣ ਲਈ ਕੋਈ ਵੀ ਠੋਸ ਹੱਲ ਨਹੀਂ ਕੱਢਿਆ ਜਾ ਰਿਹਾ। ਅੱਜ ਕੱਲ ਅਵਾਰਾ ਪਸ਼ੂਆਂ ਦੀ ਭਰਮਾਰ ਦਿਨੋਂ ਦਿਨ ਵਧ ਰਹੀ ਹੈ।

ਅਵਾਰਾ ਪਸ਼ੂ ਕਿਸਾਨਾਂ ਦੇ ਖੇਤਾਂ ਵਿੱਚ ਚਲੇ ਜਾਂਦੇ ਹਨ ਜਿੱਥੇ ਉਹ ਕਿਸਾਨਾ ਦੀ ਪੁੱਤਾਂ ਵਾਂਗੂ ਪਾਲੀ ਫ਼ਸਲ ਦਾ ਭਾਰੀ ਨੁਕਸਾਨ ਕਰਦੇ ਹਨ। ਕਿਸਾਨ ਆਪਣੀਆ ਫ਼ਸਲਾ ਬਚਾਉਣ ਲਈ ਦਿਨੇ 'ਤੇ ਰਾਤਾਂ ਨੂੰ ਆਪਣੀ ਫਸਲ ਦੀ ਰਾਖੀ ਕਰਦੇ ਹਨ ਤਾਂ ਜੋ ਅਵਾਰਾ ਪਸ਼ੂਆਂ ਤੋਂ ਫਸਲ ਦੇ ਨੁਕਸਾਨ ਨੂੰ ਬਚਾਇਆ ਜਾ ਸਕੇ। ਪਰ ਇਸ ਮੁਸ਼ਕਿਲ ਦਾ ਕੋਈ ਠੋਸ ਹੱਲ ਨਹੀਂ ਨਿਕਲ ਰਿਹਾ ਤੇ ਅਵਾਰਾ ਪਸ਼ੂਆ ਦੀ ਗਿਣਤੀ ਦਿਨੋਂ ਦਿਨ ਵੱਧ ਰਹੀ ਹੈ। ਹੁਣ ਇਹ ਪਸ਼ੂ ਬਜ਼ਾਰਾ, ਭੀੜ-ਭੜੱਕੇ ਵਾਲੀਆਂ ਥਾਵਾਂ, ਗਲੀਆ, ਮੁਹੱਲਿਆਂ ਵਿੱਚ ਆਮ ਅਵਾਰਾ ਘੁੰਮ ਰਹੇ ਹਨ। ਜਿਸ ਕਾਰਨ ਛੋਟੇ ਬੱਚਿਆਂ,ਬਜੁਰਗਾਂ,ਔਰਤਾਂ ਆਦਿ ਨੂੰ ਘਰੋਂ ਬਾਹਰ ਨਿਕਲਣ ਵਿੱਚ ਸਮੱਸਿਆ ਆਉਂਦੀ ਹੈ ਤੇ ਇਹਨਾਂ ਤੋਂ ਸੱਟ ਫੇਟ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ।

ਕੁਝ ਸਾਲ ਪਹਿਲਾਂ ਸਾਡਾ ਗੁਆਂਢੀ ਆਪਣੇ ਸਕੂਟਰ ਤੇ ਘਰ ਆ ਰਿਹਾ ਸੀ ਤਾਂ ਅਚਾਨਕ ਅਵਾਰਾ ਢੱਠੇ ਨੇ ਚੱਕ ਕੇ ਮਾਰਿਆ ਇਨ੍ਹੀਂ ਭਿਆਨਕ ਸੱਟ ਲੱਗੀ ਕਿ ਉਸ ਨੌਜਵਾਨ ਦੀ ਮੌਤ ਹੋ ਗਈ। ਇਸੇ ਤਰਾਂ ਕੁਝ ਕੁ ਮਹੀਨੇ ਪਹਿਲਾਂ ਜੈਤੋ ਵਿਖੇ ਹੀ ਮੇਰੀਆਂ ਅੱਖਾਂ ਸਾਹਮਣੇ ਬਾਜ਼ਾਰ ਵਿੱਚ ਇੱਕ ਅਵਾਰਾ ਢੱਠੇ ਨੇ ਤੁਰੇ ਜਾਂਦੇ ਨੌਜਵਾਨ ਨੂੰ ਪਿਛੋਂ ਦੀ ਸਿੰਘਾਂ ਤੇ



ਚੁੱਕ ਲਿਆ ਤੇ 50-60 ਗਜ ਦੂਰ ਚਲਾ ਕੇ ਮਾਰਿਆ ਬਾਅਦ ਵਿੱਚ ਉਸਦੇ ਪੇਟ ਤੇ ਲੱਤ ਰੱਖਣ ਲੱਗਾ ਤਾਂ ਨੇੜਲੇ ਦੁਕਾਨਦਾਰਾਂ ਨੇ ਢੱਠੇ ਦੇ ਮੂੰਹ ਤੇ ਅੱਖਾਂ ਤੇ ਪਾਣੀ ਪਾ ਕੇ,ਸੋਟੀਆਂ ਆਦਿ ਮਾਰ ਕੇ ਉਸ ਨੌਜਵਾਨ ਦੀ ਜਾਣ ਬਚਾਈ ਪਰ ਫਿਰ ਵੀ ਉਸ ਨੌਜਵਾਨ ਦੇ ਕਈ ਸੱਟਾਂ ਲੱਗ ਚੁੱਕੀਆਂ ਸਨ।

ਇਸੇ ਤਰਾਂ ਕੁਝ ਕੁ ਦਿਨ ਪਹਿਲਾਂ ਮੈਂ ਆਪਣੇ ਪਿਤਾ ਜੀ ਨਾਲ ਐਕਟਿਵਾ ਤੇ ਆ ਰਿਹਾ ਸੀ ਤਾਂ ਸਾਹਮਣੇ ਤੋਂ ਦੋ ਢੱਠੇ ਲੜਦੇ ਹੋਏ ਸਾਡੇ ਅੱਗੇ ਆਉਣ ਲੱਗੇ ਉਹਨਾਂ ਤੋਂ ਬਚਣ ਲਈ ਮੈਂ ਨਾਲ ਦੀ ਗਲੀ ਵਿੱਚ ਵੜਨ ਲੱਗਾ ਤਾਂ ਡਿੱਗ ਕੇ ਕਈ ਸੱਟਾਂ ਮਰਵਾ ਲਈਆਂ। ਕਾਰ ਚਲਾਉਂਦੇ ਸਮੇਂ ਖਾਸ ਕਰਕੇ ਹਨੇਰੇ ਵਿੱਚ ਹਾਈਵੇ ਤੇ ਅਵਾਰਾ ਪਸ਼ੂ ਅੱਗੇ ਆ ਜਾਣ ਕਾਰਣ ਰੋਜ਼ਾਨਾ ਕਈ ਦੁਰਘਟਨਾਵਾਂ ਹੁੰਦੀਆਂ ਹਨ। ਕੁਝ ਦਿਨ ਪਹਿਲਾਂ ਹਾਈਵੇ ਤੇ ਮੈਂ ਅਤੇ ਮੇਰੇ ਦੋਸਤ ਦੋ ਕਾਰਾਂ ਤੇ ਅੱਗੇ ਪਿੱਛੇ ਕਿਤੇ ਜਾ ਰਹੇ ਤਾਂ ਅਚਾਨਕ ਇੱਕ ਕੁੱਤਾ ਉਸਦੀ ਕਾਰ ਅੱਗੇ ਆ ਗਿਆ ਕਾਰ ਦਾ ਬੰਪਰ ਟੁੱਟ ਕੇ ਦੂਰ ਜਾ ਡਿੱਗਾ ਪਰ ਬੜੀ ਮੁਸ਼ਕਲ ਨਾਲ ਜਾਨੀ ਨੁਕਸਾਨ ਤੋ ਬਚਾਅ ਰਿਹਾ। ਹਰ ਰੋਜ਼ ਇਸ ਤਰਾਂ ਦੀਆਂ ਹੋਰ ਵੀ ਹਜ਼ਾਰਾਂ ਦੁਰਘਟਨਾਵਾਂ ਇਨ੍ਹਾਂ ਆਵਾਰਾ ਪਸ਼ੂਆਂ ਕਾਰਨ ਵਾਪਰ ਰਹੀਆਂ ਹਨ। ਅੱਜ ਕੱਲ ਲੋਕ ਘਰੋਂ ਨਿਕਲਣ ਤੋਂ ਵੀ



ਡਰਦੇ ਹਨ ਕਿ ਪਤਾ ਨਹੀਂ ਕਦੋਂ ਕੋਈ ਆਵਾਰਾ ਪਸ਼ੂ ਸਾਡਾ ਨੁਕਸਾਨ ਨਾਂ ਕਰ ਦੇਵੇ।

ਡਰਦੇ ਮਾਰੇ ਲੋਕ ਆਪਣੇ ਘਰਾਂ ਦੇ ਦਰਵਾਜੇ ਵੀ ਬੰਦ ਰੱਖਦੇ ਹਨ। ਅਵਾਰਾ ਪਸ਼ੁਆਂ ਦੇ ਡਰੋਂ ਲੋਕਾਂ ਨੇ ਗਲੀਆਂ ਵਿੱਚ ਬੈਠ ਕੇ ਦੁੱਖ ਸੁੱਖ ਸਾਂਝੇ ਕਰਨੇ ਵੀ ਘਟਾ ਦਿੱਤੇ ਹਨ। ਸਾਡੇ ਸਮਾਜ ਦੇ ਲੋਕਾਂ ਵੱਲੋਂ ਇਸ ਸਮੱਸਿਆ ਦੇ ਸਥਾਈ ਹੱਲ ਲਈ ਕੀ ਕੀਤਾ ਜਾ ਰਿਹਾ ਹੈ।

ਅਸੀਂ ਕੀ ਕਰ ਰਹੇ ਹਾਂ? - ਪੁਰਾਣੇ ਸਮਿਆਂ ਵਿੱਚ ਬਲਦਾਂ ਨਾਲ ਖੇਤੀ ਕੀਤੀ ਜਾਂਦੀ ਸੀ ਤੇ ਵੱਛੇ ਵਾਲੀ ਗਾਂ ਦਾ ਸਤਿਕਾਰ ਕੀਤਾ ਜਾਦਾ ਸੀ। ਮਸ਼ੀਨੀ ਯੁਗ ਆਉਣ ਨਾਲ ਗਾਂ ਦੀ ਮੂਲੋਂ ਕਦਰ ਘਟ ਗਈ ਦੂਸਰਾ ਦੇਸੀ ਗਾਂ ਦਾ ਦੁੱਧ ਵਲੈਤੀ ਗਾਂ ਦੇ ਦੁੱਧ ਮੁਕਾਬਲੇ ਬਹੁਤ ਘੱਟ ਹੁੰਦਾ ਹੈ। ਇਹੀ ਕਾਰਨ ਹੈ ਕਿ ਲੋਕ ਫੰਡਰ ਗਾਂ ਨੂੰ ਸੋਟੀ ਮਾਰ ਕੇ ਘਰੋਂ ਕੱਢ ਦਿੰਦੇ ਹਨ। ਗਾਂ ਨਾਲ ਧਾਰਮਿਕ ਭਾਵਨਾਵਾ ਜੁੜੀਆ ਹੋਣ ਕਾਰਨ, ਇਹ ਲੋਕਾਂ ਦੀ ਜਾਨ ਦਾ ਖਤਰਾ ਬਣਦੀਆ ਹਨ। ਇਹਨਾਂ ਗਊਆਂ ਦੀ ਸਾਂਭ-ਸੰਭਾਲ ਲਈ ਬਣਾਈਆ ਗਊਸ਼ਾਲਾ ਵਿੱਚ ਵੀ ਜ਼ਿਆਦਾਤਰ ਉਹੀ ਪਸ਼ੂ ਰੱਖੇ ਜਾਂਦੇ ਹਨ ਜੋ ਦੁੱਧ ਦਿੰਦੇ ਹਨ, ਅਵਾਰਾ ਪਸ਼ੂਆ ਨੂੰ ਦਰ-ਨਿਕਾਰ ਕਰ ਦਿੱਤਾ ਜਾਂਦਾ ਹੈ।

ਅਵਾਰਾ ਪਸ਼ੂਆਂ ਦੀ ਸਾਂਭ-ਸੰਭਾਲ ਲਈ ਸਾਡਾ ਸਿਸਟਮ ਪੂਰੀ ਤਰ੍ਹਾਂ ਫੇਲ ਹੀ ਨਜ਼ਰ ਆ ਰਿਹਾ ਹੈ। ਪਰ ਲੋੜ ਹੈ ਇਸ ਸਮੱਸਿਆ ਨੂੰ ਛੇਤੀ ਤੋਂ ਛੇਤੀ ਦੂਰ ਕਰਨ ਦੀ ਤਾਂ ਜੋ ਹਰ ਰੋਜ਼ ਹੁੰਦੇ ਸੜਕ ਹਾਦਸੇ ਰੁਕ ਸਕਣ, ਮਨੁੱਖੀ ਕੀਮਤੀ ਜਾਨਾਂ ਬਚਾਈਆ ਜਾ ਸਕਣ ਤੇ ਕਿਸਾਨਾਂ ਦੀਆਂ ਫ਼ਸਲਾਂ ਦੇ ਹੋ ਰਹੇ ਨੁਕਸਾਨ ਨੂੰ ਰੋਕਿਆ ਜਾ ਸਕੇ।

ਇਸ ਭਿਆਨਕ ਸਮੱਸਿਆ ਨੂੰ ਰੋਕਣਾ ਸਮੇਂ ਦੀ ਮੁੱਖ ਲੋੜ ਹੈ। ਇਹਨਾਂ ਅਵਾਰਾ ਪਸ਼ੂਆਂ ਦੀ ਬਣੀ ਸਮਾਜ ਲਈ ਚੁਣੌਤੀ ਸਬੰਧੀ ਸਰਕਾਰ ਦੇ ਨਾਲ ਨਾਲ ਆਮ ਲੋਕਾਂ ਨੂੰ ਵੀ ਅੱਗੇ ਆਉਣਾ ਪਵੇਗਾ ਤੇ ਇਸਦੇ ਹੱਲ ਲਈ ਬਦਲਵੇਂ ਤਰੀਕੇ ਲੱਭਣੇ ਪੈਣਗੇ । ਆਖਰ ਕਦੋਂ ਤੱਕ ਅਸੀਂ ਇਸ ਸਮੱਸਿਆ ਅੱਗੇ ਗੋਡੇ ਟੇਕ ਕੇ ਬੈਠੇ ਰਹਾਂਗੇ, ਹੁਣ ਵੇਲਾ ਆ ਗਿਆ ਹੈ ਇਸ ਸਮੱਸਿਆ ਤੋਂ ਜਲਦੀ ਨਿਜਾਤ ਪਾਉਣ ਦਾ, ਨਹੀਂ ਤਾਂ ਇਸਦੇ ਆਉਣ ਵਾਲੇ ਸਮੇਂ ਵਿੱਚ ਸਮਾਜ ਨੂੰ ਭਿਆਨਕ ਨਤੀਜੇ ਭੁਗਤਣੇ ਪੈਣਗੇ।

# ਵਿਕਾਸ ਦੇ ਸਮਾਨਾਂਤਰ ਚੁਣੌਤੀਆਂ ਦਾ ਰਸਤਾ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਜੇਕਰ ਅੱਜ ਭਾਰਤ ਦੀ ਅਰਥਵਿਵਸਥਾ ਤੇਜ਼ੀ ਨਾਲ ਵਧ ਰਹੀ ਹੈ, ਤਾਂ ਇਹ ਆਰਥਿਕ ਨੀਤੀਆਂ ਕਾਰਨ ਸੰਭਵ ਹੋਇਆ ਹੈ। ਪਰ ਇਸ ਦੇ ਨਾਲ ਹੀ ਕੁਝ ਚੁਣੌਤੀਆਂ ਵੀ ਹਨ। ਅੰਤਰਰਾਸ਼ਟਰੀ ਮੁਦਰਾ ਫੰਡ ਦੇ ਤਾਜ਼ਾ ਅੰਕੜਿਆਂ ਅਨੁਸਾਰ, ਅਸੀਂ ਚਾਰ ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਹਾਂ। ਅੱਜ ਭਾਰਤ ਜਾਪਾਨ ਨਾਲੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ। ਹੁਣ ਸਿਰਫ਼ ਅਮਰੀਕਾ, ਚੀਨ ਅਤੇ ਜਰਮਨੀ ਹੀ ਭਾਰਤ ਨਾਲੋਂ ਵੱਡੀਆਂ ਅਰਥਵਿਵਸਥਾਵਾਂ ਹਨ। ਨੀਤੀ ਆਯੋਗ ਦਾ ਮੰਨਣਾ ਹੈ ਕਿ ਜੇਕਰ ਅਸੀਂ ਆਪਣੀਆਂ ਆਰਥਿਕ ਯੋਜਨਾਵਾਂ ਸੋਚ-ਸਮਝ ਕੇ ਬਣਾਉਂਦੇ ਰਹੇ, ਤਾਂ ਅਗਲੇ ਢਾਈ ਤੋਂ ਤਿੰਨ ਸਾਲਾਂ ਦੇ ਅੰਦਰ ਅਸੀਂ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵਾਂਗੇ। ਪਿਛਲੇ ਸਾਲਾਂ ਵਿੱਚ ਕੀਤੇ ਗਏ ਆਰਥਿਕ ਸੁਧਾਰਾਂ ਨੇ ਦੇਸ਼ ਦੀ ਆਰਥਿਕਤਾ ਨੂੰ ਇਸ ਮੁਕਾਮ 'ਤੇ ਲਿਆਉਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਸਾਲ 1991 ਵਿੱਚ, ਜਦੋਂ ਦੇਸ਼ ਭੁਗਤਾਨ ਸੰਤੁਲਨ ਸੰਕਟ ਦਾ ਸਾਹਮਣਾ ਕਰ ਰਿਹਾ ਸੀ, ਤਾਂ ਮੁਦਰਾ ਫੰਡ ਤੋਂ ਮਦਦ ਲੈਣੀ ਪਈ। ਇਸ ਸਮੇਂ ਦੌਰਾਨ ਆਰਥਿਕ ਸੁਧਾਰ ਸ਼ੁਰੂ ਕੀਤੇ ਗਏ ਸਨ। ਇਨ੍ਹਾਂ ਸੁਧਾਰਾਂ ਦਾ ਉਦੇਸ਼ ਅਰਥਵਿਵਸਥਾ ਦੇ ਵੱਖ-ਵੱਖ ਖੇਤਰਾਂ ਜਿਵੇਂ ਕਿ ਉਦਯੋਗ, ਵਪਾਰ, ਵਿੱਤ ਅਤੇ ਵਿਦੇਸ਼ੀ ਨਿਵੇਸ਼ ਵਿੱਚ ਸਰਕਾਰੀ ਦਖਲਅੰਦਾਜ਼ੀ ਅਤੇ ਨਿਯਮਨ ਨੂੰ ਘਟਾਉਣਾ ਸੀ। ਇਨ੍ਹਾਂ ਸੁਧਾਰਾਂ ਵਿੱਚ ਲਾਇਸੈਂਸ ਅਤੇ ਪਰਮਿਟ-ਕੋਟਾ ਪ੍ਰਣਾਲੀ ਨੂੰ ਖਤਮ ਕਰਨਾ ਵੀ ਸ਼ਾਮਲ ਸੀ, ਜਿਸ ਨੇ ਨਿੱਜੀ ਕੰਪਨੀਆਂ ਦੇ ਦਾਖਲੇ ਅਤੇ ਵਿਸਥਾਰ ਨੂੰ ਸੀਮਤ ਕੀਤਾ ਸੀ। ਉਦਾਰੀਕਰਨ ਦੀਆਂ ਇਨ੍ਹਾਂ ਨੀਤੀਆਂ ਨੇ ਭਾਰਤ ਨੂੰ ਉੱਚ ਵਿਕਾਸ ਦਰ ਪ੍ਰਾਪਤ ਕਰਨ ਅਤੇ ਵਿਸ਼ਵ ਅਰਥਵਿਵਸਥਾ ਨਾਲ ਏਕੀਕ੍ਰਿਤ ਹੋਣ ਵਿੱਚ ਮਦਦ ਕੀਤੀ। ਸਰਕਾਰ ਦੀ ਮਲਕੀਅਤ ਵਾਲੇ ਜਾਂ ਨਿਯੰਤਰਿਤ ਜਨਤਕ ਖੇਤਰ ਦੇ ਅਦਾਰਿਆਂ ਦਾ ਵੀ ਨਿੱਜੀਕਰਨ ਕੀਤਾ ਗਿਆ। 1991 ਤੋਂ ਬਾਅਦ, ਭਾਰਤ ਨੇ 60 ਤੋਂ ਵੱਧ ਜਨਤਕ ਖੇਤਰ ਦੇ ਅਦਾਰਿਆਂ ਦਾ ਨਿੱਜੀਕਰਨ ਕੀਤਾ, ਜਿਸ ਨਾਲ 3 ਲੱਖ ਕਰੋੜ ਰੁਪਏ ਤੋਂ ਵੱਧ ਦਾ ਪੂੰਜੀ ਇਕੱਠੀ ਹੋਈ। ਭਾਰਤ ਨੇ ਵੀ ਉਦਾਰੀਕਰਨ ਨੂੰ ਅਪਣਾਇਆ, ਜਿਸਦਾ ਉਦੇਸ਼ ਵਿਸ਼ਵ ਅਰਥਵਿਵਸਥਾ ਨਾਲ ਖੁੱਲ੍ਹਾਪਣ ਅਤੇ ਏਕੀਕਰਨ ਸੀ। ਦੇਸ਼ ਵਿੱਚ ਕੋਵਿਡ-19 ਮਹਾਂਮਾਰੀ ਅਤੇ ਅਰਥਵਿਵਸਥਾ 'ਤੇ ਇਸਦੇ ਪ੍ਰਭਾਵ ਨੂੰ ਦੇਖਦੇ ਹੋਏ, 2020 ਵਿੱਚ ਇੱਕ ਨਵੀਂ ਆਰਥਿਕ ਨੀਤੀ ਦਾ ਐਲਾਨ ਕੀਤਾ ਗਿਆ। ਇਸ ਨੀਤੀ ਵਿੱਚ, ਅਰਥਵਿਵਸਥਾ ਦੇ ਵੱਖ-ਵੱਖ ਖੇਤਰਾਂ ਅਤੇ ਹਿ-ਸਿਆਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ 20 ਲੱਖ ਕਰੋੜ ਰੁਪਏ ਦੇ ਪ੍ਰੋਤਸਾਹਨ ਪੈਕੇਜ ਦਿੱਤੇ ਗਏ ਸਨ, ਜੋ ਕਿ ਜੀਡੀਪੀ ਦਾ ਦਸ ਪ੍ਰਤੀਸ਼ਤ ਸਨ। ਇਸ ਨੀਤੀ ਵਿੱਚ ਖੇਤੀਬਾੜੀ, ਕਿਰਤ, ਸਿੱਖਿਆ, ਸਿਹਤ, ਰੱਖਿਆ, ਖਣਨ, ਬਿਜਲੀ ਅਤੇ ਟੈਕਸੇਸ਼ਨ ਵਰਗੇ ਖੇਤਰਾਂ ਵਿੱਚ ਸੁਧਾਰਾਂ ਦੀ ਇੱਕ ਲੜੀ ਵੀ ਸ਼ਾਮਲ ਸੀ। ਇਸ ਨੀਤੀ ਦਾ ਉਦੇਸ਼ ਮਹਾਂਮਾਰੀ ਤੋਂ ਬਾਅਦ ਦੀ ਦੁਨੀਆ ਵਿੱਚ ਭਾਰਤ ਨੂੰ ਸਵੈ-ਨਿਰਭਰ ਬਣਾਉਣਾ ਸੀ।



ਆਰਥਿਕ ਸੁਧਾਰਾਂ ਦੇ ਹਿੱਸੇ ਵਜੋਂ, ਦੀਵਾਲੀਆਪਨ ਅਤੇ ਦੀਵਾਲੀਆਪਨ ਕੋਡ ਲਾਗੂ ਕੀਤਾ ਗਿਆ ਸੀ, ਜਿਸਦਾ ਉਦੇਸ਼ ਕਾਰਪੋਰੇਟ ਕਰਜ਼ਦਾਰਾਂ, ਵਿੱਤੀ ਲੈਣਦਾਰਾਂ ਅਤੇ ਕਾਰਜਸ਼ੀਲ ਲੈਣਦਾਰਾਂ ਦੇ ਦੀਵਾਲੀਆਪਨ ਅਤੇ ਦੀਵਾਲੀਆਪਨ ਦੇ ਮਾਮਲਿਆਂ ਨੂੰ ਹੱਲ ਕਰਨ ਲਈ ਇੱਕ ਸਮਾਂ-ਬੱਧ ਅਤੇ ਬਾਜ਼ਾਰ-ਅਧਾਰਤ ਵਿਧੀ ਪ੍ਰਦਾਨ ਕਰਨਾ ਸੀ।

ਇਸ ਕ੍ਰਮ ਵਿੱਚ, ਕਿਰਤ ਸੁਧਾਰ ਦੇ ਉਦੇਸ਼ ਨਾਲ ਚਾਰ ਕੋਡ ਬਣਾਏ ਗਏ ਸਨ, ਜਿਸਦਾ ਉਦੇਸ਼ ਕੇਂਦਰੀ ਕਿਰਤ ਕਾਨੂੰਨਾਂ ਨੂੰ ਚਾਰ ਵਿਆਪਕ ਸ਼੍ਰੇਣੀਆਂ ਵਿੱਚ ਇਕਜੁੱਟ ਅਤੇ ਸਰਲ ਬਣਾਉਣਾ ਸੀ, ਜਿਸ ਦੇ ਤਹਿਤ ਤਨਖਾਹ, ਉਦਯੋਗਿਕ ਸਬੰਧ, ਸਮਾਜਿਕ ਸੁਰੱਖਿਆ ਅਤੇ ਕਿੱਤਾਮੁਖੀ ਸੁਰੱਖਿਆ ਅਤੇ ਸਿਹਤ ਨਾਲ ਸਬੰਧਤ ਉਪਬੰਧ ਸ਼ਾਮਲ ਕੀਤੇ ਗਏ ਸਨ। ਇਹ ਕੋਡ ਮਾਲਕਾਂ ਨੂੰ ਮਜ਼ਦੂਰਾਂ ਨੂੰ ਰੁਜ਼ਗਾਰ ਦੇਣ ਅਤੇ ਰਾਹਤ ਦੇਣ ਵਿੱਚ ਲਚਕਤਾ ਪ੍ਰਦਾਨ ਕਰਨ, ਕਾਰੋਬਾਰਾਂ ਲਈ ਰਜਿਸਟ੍ਰੇਸ਼ਨ ਅਤੇ ਪਾਲਣਾ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ, ਗੈਰ-ਰਸਮੀ ਕਾਮਿਆਂ ਨੂੰ ਸਮਾਜਿਕ ਸੁਰੱਖਿਆ ਲਾਭ ਪ੍ਰਦਾਨ ਕਰਨ ਅਤੇ ਮਜ਼ਦੂਰ ਸੰਗਠਨਾਂ ਰਾਹੀਂ ਸਮੂਹਿਕ ਸੌਦੇਬਾਜ਼ੀ ਨੂੰ ਉਤਸ਼ਾਹਿਤ ਕਰਨ ਦੇ ਮਾਮਲੇ ਵਿੱਚ ਮਹੱਤਵਪੂਰਨ ਹਨ। ਇਸੇ ਤਰ੍ਹਾਂ, ਕੁਝ ਖੇਤਰਾਂ ਵਿੱਚ ਉਤਪਾਦਨ ਅਧਾਰਤ ਪ੍ਰੋਤਸਾਹਨ ਯੋਜਨਾ ਵੀ ਲਾਗੂ ਕੀਤੀ ਗਈ ਸੀ। ਇਹ ਯੋਜਨਾ ਸਾਲ 2020 ਵਿੱਚ ਆਟੋਮੋਬਾਈਲ, ਇਲੈਕਟ੍ਰਾਨਿਕਸ, ਟੈਕਸਟਾਈਲ, ਫਾਰਮਾਸਿਊਟੀਕਲ ਅਤੇ ਨਵਿਆਉਣਯੋਗ ਊਰਜਾ ਵਰਗੇ ਪ੍ਰਮੁੱਖ ਖੇਤਰਾਂ ਵਿੱਚ ਨਿਰਮਾਣ ਅਤੇ ਨਿਰਯਾਤ ਨੂੰ ਉਤਸ਼ਾਹਿਤ ਕਰਨ ਲਈ ਸ਼ੁਰੂ ਕੀਤੀ ਗਈ ਸੀ। ਇਸ ਯੋਜਨਾ ਦੇ ਤਹਿਤ, ਯੋਗ ਨਿਰਮਾਤਾਵਾਂ ਨੂੰ ਪੰਜ ਸਾਲਾਂ ਦੀ ਮਿਆਦ ਵਿੱਚ ਉਨ੍ਹਾਂ ਦੀ ਵਿਕਰੀ ਅਤੇ ਨਿਵੇਸ਼ ਦੇ ਅਧਾਰ ਤੇ ਵਿੱਤੀ ਪ੍ਰੋਤਸਾਹਨ ਦਿੱਤੇ ਗਏ ਸਨ। ਇਸਦਾ ਕੁੱਲ ਖਰਚ 1.46 ਲੱਖ ਕਰੋੜ ਰੁਪਏ ਸੀ। ਰੁਜ਼ਗਾਰ ਪੈਦਾ ਕਰਨ, ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨ, ਮੁਕਾਬਲਾ ਵਧਾਉਣ ਅਤੇ ਆਯਾਤ 'ਤੇ ਨਿਰਭਰਤਾ ਘਟਾਉਣ ਦੇ ਯਤਨ ਕੀਤੇ ਗਏ ਸਨ। ਇਨ੍ਹਾਂ ਸਾਰੇ ਉਪਾਵਾਂ ਦੇ ਨਤੀਜੇ ਵਜੋਂ, ਅਰਥਵਿਵਸਥਾ ਵਿੱਚ ਸੁਧਾਰ ਹੁੰਦਾ ਰਿਹਾ ਅਤੇ ਅਸੀਂ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਏ। ਆਰਥਿਕ ਵਿਕਾਸ ਦੇ ਨਾਲ-ਨਾਲ, ਅਜੇ ਵੀ ਬਹੁਤ ਸਾਰੀਆਂ ਚੁਣੌਤੀਆਂ ਹਨ ਜੋ ਅਰਥਵਿਵਸਥਾ ਦੀ ਵਧਦੀ ਗਤੀ ਵਿੱਚ ਰੁਕਾਵਟਾਂ ਪੈਦਾ ਕਰ ਸਕਦੀਆਂ ਹਨ। ਘੱਟ ਆਮਦਨੀ ਵਿਕਾਸ, ਉੱਚ ਮਹਿੰਗਾਈ ਅਤੇ ਬੇਰੁਜ਼ਗਾਰੀ ਦੇ ਕਾਰਨ, ਭਾਰਤ ਵਿੱਚ ਵਸਤੂਆਂ ਅਤੇ ਸੇਵਾਵਾਂ ਦੀ ਮੰਗ ਇੱਕ ਵਿਕਸਤ ਅਰਥਵਿਵਸਥਾ ਲਈ ਉਮੀਦ ਅਨੁਸਾਰ ਤੇਜ਼ੀ ਨਾਲ ਨਹੀਂ ਵਧ ਰਹੀ ਹੈ। ਇਸ ਨਾਲ ਅਰਥਵਿਵਸਥਾ ਵਿੱਚ ਖਪਤ ਅਤੇ ਨਿਵੇਸ਼ ਦੇ ਪੱਧਰ 'ਤੇ ਵੀ ਅਸਰ ਪਿਆ, ਜਿਸ ਕਾਰਨ ਸਰਕਾਰੀ ਮਾਲੀਆ ਵਿੱਚ ਕਾਫ਼ੀ ਵਾਧਾ ਨਹੀਂ ਹੋ ਸਕਿਆ। ਤੇਜ਼ ਆਰਥਿਕ ਵਿਕਾਸ ਦੇ ਬਾਵਜੂਦ, ਪੇਂਡੂ ਅਤੇ ਸ਼ਹਿਰੀ ਦੋਵਾਂ ਖੇਤਰਾਂ ਵਿੱਚ ਬੇਰੁਜ਼ਗਾਰੀ ਅਜੇ ਵੀ ਇੱਕ ਗੰਭੀਰ ਸਮੱਸਿਆ ਹੈ। ਕੋਵਿਡ-19 ਮਹਾਂਮਾਰੀ ਕਾਰਨ ਬੰਦ ਹੋਏ ਕਾਰੋਬਾਰ ਅਜੇ ਪੂਰੀ ਤਰ੍ਹਾਂ ਠੀਕ ਨਹੀਂ ਹੋਏ ਹਨ, ਜਿਸ ਕਾਰਨ ਰੁਜ਼ਗਾਰ ਦੇ ਪੱਧਰ ਵਿੱਚ ਕੋਈ ਸੁਧਾਰ ਨਹੀਂ ਹੋਇਆ ਹੈ। 'ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕਾਨਮੀ' ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ, ਜੂਨ 2024 ਵਿੱਚ ਭਾਰਤ ਦੀ ਬੇਰੁਜ਼ਗਾਰੀ ਦਰ 9.2 ਪ੍ਰਤੀਸ਼ਤ ਸੀ, ਜੋ ਕਿ ਮਈ 2024 ਵਿੱਚ ਸੱਤ ਪ੍ਰਤੀਸ਼ਤ ਤੋਂ ਵੱਧ ਹੈ। ਅਪ੍ਰੈਲ 2025 ਵਿੱਚ, 15 ਸਾਲ ਦੀ ਉਮਰ ਦੇ ਨੌਜਵਾਨਾਂ ਲਈ ਆਮ ਹਾਲਤਾਂ ਵਿੱਚ ਬੇਰੁਜ਼ਗਾਰੀ ਦਰ 10।2 ਪ੍ਰਤੀਸ਼ਤ ਸੀ। ਦੇਸ਼ ਵਿੱਚ ਸੜਕਾਂ, ਰੇਲਵੇ, ਬੰਦਰਗਾਹਾਂ, ਬਿਜਲੀ, ਪਾਣੀ ਅਤੇ ਸੈਨੀਟੇਸ਼ਨ ਵਰਗੇ ਢੁਕਵੇਂ ਬੁਨਿਆਦੀ ਢਾਂਚੇ ਦੀ ਵੀ ਘਾਟ ਹੈ, ਜੋ ਤੇਜ਼ ਆਰਥਿਕ ਵਿਕਾਸ ਅਤੇ ਮੁਕਾਬਲੇਬਾਜ਼ੀ ਵਿੱਚ ਰੁਕਾਵਟ ਪਾਉਂਦੀ ਹੈ। ਵਿਸ਼ਵ ਬੈਂਕ ਦੇ ਅਨੁਸਾਰ, ਭਾਰਤ ਵਿੱਚ ਬੁਨਿਆਦੀ ਢਾਂਚੇ ਦਾ ਪਾੜਾ ਲਗਭਗ 1।5 ਟ੍ਰਿਲੀਅਨ ਡਾਲਰ ਹੋਣ ਦਾ ਅਨੁਮਾਨ ਹੈ। ਮਾੜਾ ਬੁਨਿਆਦੀ ਢਾਂਚਾ ਲੋਕਾਂ ਦੇ ਜੀਵਨ ਦੀ ਗੁਣਵੱਤਾ ਅਤੇ ਸਿਹਤ ਨੂੰ ਵੀ ਪ੍ਰਭਾਵਿਤ ਕਰਦਾ ਹੈ, ਜਿਸਦਾ ਪ੍ਰਭਾਵ ਪੇਂਡੂ ਖੇਤਰਾਂ ਵਿੱਚ ਵਧੇਰੇ ਹੁੰਦਾ ਹੈ। ਭੁਗਤਾਨ ਸੰਤੁਲਨ ਦਾ ਵਿਗੜਨਾ ਵੀ ਇੱਕ ਵੱਡੀ ਸਮੱਸਿਆ ਹੈ। ਚਾਲੂ ਖਾਤੇ ਨੂੰ ਲਗਾਤਾਰ ਘਾਟੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸਾਡੀ ਦਰਾਮਦ ਅਤੇ ਨਿਰਯਾਤ ਨਾਲੋਂ ਵੱਧ ਹੈ, ਇਸੇ ਕਰਕੇ ਇਹ ਸਮੱਸਿਆ ਹੈ। ਵਧਦੀ ਅਰਥਵਿਵਸਥਾ ਦੇ ਨਾਲ, ਪ੍ਰਤੀ ਵਿਅਕਤੀ ਆਮਦਨ ਨੂੰ ਵੇਖਣਾ ਵੀ ਜ਼ਰੂਰੀ ਹੈ। ਭਾਰਤ ਨੇ ਜਾਪਾਨ ਨੂੰ ਪਿੱਛੇ ਛੱਡ ਕੇ ਚੌਥੀ ਅਰਥਵਿਵਸਥਾ ਦਾ ਦਰਜਾ ਪ੍ਰਾਪਤ ਕੀਤਾ ਹੈ, ਪਰ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ਵਿੱਚ, ਇਹ ਅਜੇ ਵੀ ਪਿੱਛੇ ਹੈ। ਭਾਰਤ ਦੀ ਪ੍ਰਤੀ ਵਿਅਕਤੀ ਸਾਲਾਨਾ ਆਮਦਨ 2.44 ਲੱਖ ਰੁਪਏ ਹੈ। ਜਦੋਂ ਕਿ ਜਾਪਾਨ ਦੀ ਪ੍ਰਤੀ ਵਿਅਕਤੀ ਆਮਦਨ 28.81 ਲੱਖ ਰੁਪਏ ਹੈ ਅਤੇ ਅਮਰੀਕਾ 75.64 ਰੁਪਏ ਦੇ ਨਾਲ ਸਭ ਤੋਂ ਉੱਚੇ ਸਥਾਨ 'ਤੇ ਹੈ। ਸਾਨੂੰ ਅਰਥਵਿਵਸਥਾ ਨੂੰ ਹੋਰ ਹੁਲਾਰਾ ਦੇਣ ਲਈ ਖਪਤ ਅਤੇ ਨਿਵੇਸ਼ ਦੀ ਮੰਗ ਨੂੰ ਵਧਾਉਣਾ ਚਾਹੀਦਾ ਹੈ। ਸਰਕਾਰ ਨੂੰ ਜਨਤਕ ਬੁਨਿਆਦੀ ਢਾਂਚੇ, ਸਿਹਤ, ਸਿੱਖਿਆ ਅਤੇ ਸਮਾਜਿਕ ਸੁਰੱਖਿਆ ਵਿੱਚ ਵਧੇਰੇ ਨਿਵੇਸ਼ ਕਰਨਾ ਚਾਹੀਦਾ ਹੈ, ਜਿਸ ਨਾਲ ਨੌਕਰੀਆਂ ਪੈਦਾ ਹੋਣਗੀਆਂ, ਉਤਪਾਦਕਤਾ ਵਿੱਚ ਸੁਧਾਰ ਹੋਵੇਗਾ ਅਤੇ ਮਨੁੱਖੀ ਪੂੰਜੀ ਵਿੱਚ ਵਾਧਾ ਹੋਵੇਗਾ। ਸਰਕਾਰ ਨੂੰ ਨਵੇਂ ਬਾਜ਼ਾਰਾਂ ਤੱਕ ਪਹੁੰਚ ਕਰਨ ਅਤੇ ਆਪਣੀ 'ਨਿਰਯਾਤ ਟੋਕਰੀ' ਨੂੰ ਵਿਭਿੰਨ ਬਣਾਉਣ ਲਈ ਸੰਯੁਕਤ ਰਾਜ, ਯੂਰਪੀਅਨ ਯੂਨੀਅਨ, ਜਾਪਾਨ ਅਤੇ ਆਸੀਆਨ ਵਰਗੇ ਰਣਨੀਤਕ ਭਾਈਵਾਲਾਂ ਨਾਲ ਵਪਾਰਕ ਸਮਝੌਤੇ ਕਰਨੇ ਚਾਹੀਦੇ ਹਨ। ਬੈਂਕਾਂ ਦੀਆਂ ਗੈਰ-ਪ੍ਰਦਰਸ਼ਨ ਵਾਲੀਆਂ ਜਾਇਦਾਦਾਂ ਦੀ ਸਮੱਸਿਆ ਨੂੰ ਹੱਲ ਕਰਕੇ, ਜਨਤਕ ਖੇਤਰ ਦੇ ਬੈਂਕਾਂ ਨੂੰ ਮੁੜ-ਪ੍ਰਾਪਤ ਕਰਕੇ, ਸ਼ਾਸਨ ਅਤੇ ਨਿਯਮਨ ਵਿੱਚ ਸੁਧਾਰ ਕਰਕੇ ਅਤੇ ਵਿੱਤੀ ਸ਼ਮੂਲੀਅਤ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਕੇ ਵਿੱਤੀ ਖੇਤਰ ਨੂੰ ਮਜ਼ਬੂਤ ਕਰੋ। ਬੈਂਕਾਂ ਦੀਆਂ ਗੈਰ-ਪ੍ਰਦਰਸ਼ਨ ਵਾਲੀਆਂ ਜਾਇਦਾਦਾਂ ਦੀ ਸਮੱਸਿਆ ਨੂੰ ਹੱਲ ਕਰਕੇ, ਜਨਤਕ ਖੇਤਰ ਦੇ ਬੈਂਕਾਂ ਨੂੰ ਮੁੜ-ਪ੍ਰਾਪਤ ਕਰਕੇ, ਸ਼ਾਸਨ ਅਤੇ ਨਿਯਮਨ ਵਿੱਚ ਸੁਧਾਰ ਕਰਕੇ ਅਤੇ ਵਿੱਤੀ ਸ਼ਮੂਲੀਅਤ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਕੇ ਵਿੱਤੀ ਖੇਤਰ ਨੂੰ ਮਜ਼ਬੂਤ ਕਰੋ।

# ਜ਼ਿੰਦਗੀ ਇੱਕ ਜਸ਼ਨ ਵਾਂਗ ਜੀਓ

ਵਿਜੈ ਗਰਗ

ਬਹੁਤ ਸਾਰੇ ਲੋਕ ਆਪਣੀ ਜ਼ਿੰਦਗੀ ਨੂੰ ਬੋਝ ਵਾਂਗ ਚੁੱਕਦੇ ਦੇਖੇ ਜਾਂਦੇ ਹਨ। ਮਨ ਵਿੱਚ ਕੋਈ ਉਤਸ਼ਾਹ ਨਹੀਂ ਹੁੰਦਾ, ਕੋਈ ਉਤਸ਼ਾਹ ਨਹੀਂ ਹੁੰਦਾ। ਅਜਿਹੇ ਲੋਕ ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਗੱਪਾਂ ਮਾਰਦੇ ਜਾਂ ਮਜ਼ਾਕ ਵੀ ਨਹੀਂ ਕਰਦੇ। ਜਨਮਦਿਨ ਹੋਵੇ ਜਾਂ ਵਿਆਹ ਦੀ ਵਰ੍ਹੇਗੰਢ, ਕੋਈ ਜਸ਼ਨ ਨਹੀਂ ਹੁੰਦਾ। ਤਰੱਕੀ ਹੋਵੇ ਜਾਂ ਤਨਖਾਹ ਵਿੱਚ ਵਾਧਾ, ਚਿਹਰੇ 'ਤੇ ਮੁਸਕਰਾਹਟ ਵੀ ਨਹੀਂ ਹੁੰਦੀ। ਅਜਿਹੇ ਲੋਕ ਹਮੇਸ਼ਾ ਹੈਰਾਨ ਅਤੇ ਚਿੰਤਤ ਦਿਖਾਈ ਦਿੰਦੇ ਹਨ। ਦੂਜੇ ਪਾਸੇ, ਕੁਝ ਲੋਕ ਬਿਮਾਰ ਹੋਣ 'ਤੇ ਵੀ ਹੱਸਦੇ ਅਤੇ ਮੁਸਕਰਾਉਂਦੇ ਰਹਿੰਦੇ ਹਨ। ਉਹ ਮੁਸੀਬਤ ਵਿੱਚ ਵੀ ਪੂਰੀ ਊਰਜਾ ਨਾਲ ਸਰਗਰਮ ਰਹਿੰਦੇ ਹਨ। ਉਹ ਦਫ਼ਤਰ ਵਿੱਚ ਆਪਣੇ ਸਾਥੀਆਂ ਨਾਲ ਗੱਪਾਂ ਮਾਰਦੇ ਰਹਿੰਦੇ ਹਨ। ਅਜਿਹੇ ਖੁਸ਼ਹਾਲ ਲੋਕ ਲੱਡੂ ਅਤੇ ਪੇੜੇ ਵੰਡਦੇ, ਕੇਕ ਕੱਟਦੇ ਜਾਂ ਹਰ ਛੋਟੀ ਜਿਹੀ ਖੁਸ਼ੀ 'ਤੇ ਲੋਕਾਂ ਲਈ ਪਾਰਟੀਆਂ ਕਰਦੇ ਦੇਖੇ ਜਾਂਦੇ ਹਨ। ਦਰਅਸਲ, ਅਜਿਹੇ ਲੋਕ ਜ਼ਿੰਦਗੀ ਜੀਉਂਦੇ ਹਨ। ਉਹ ਜ਼ਿੰਦਗੀ ਨੂੰ ਇੱਕ ਜਸ਼ਨ ਵਾਂਗ ਜੀਉਂਦੇ ਹਨ। ਸਾਡੀ ਜ਼ਿੰਦਗੀ ਵਿਭਿੰਨਤਾਵਾਂ ਨਾਲ ਭਰੀ ਹੋਈ ਹੈ। ਇਸ ਵਿੱਚ ਹਮੇਸ਼ਾ ਉਤਰਾਅ-ਚੜ੍ਹਾਅ, ਖੁਸ਼ੀ ਅਤੇ ਉਦਾਸੀ, ਸਫਲਤਾ ਅਤੇ ਅਸਫਲਤਾ, ਦੋਸਤੀ ਅਤੇ ਦੁਸ਼ਮਣੀ ਰਹੇਗੀ। ਸਾਨੂੰ ਇਨ੍ਹਾਂ ਸਾਰੀਆਂ ਚੀਜ਼ਾਂ ਨਾਲ ਜ਼ਿੰਦਗੀ ਜੀਣੀ ਪਵੇਗੀ। ਸਾਨੂੰ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਅਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਜਿਉਣਾ ਪਵੇਗਾ। ਇਸ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਜਿੰਨੀ ਆਸਾਨੀ ਨਾਲ, ਆਰਾਮਦਾਇਕ ਅਤੇ ਸਰਲਤਾ ਨਾਲ ਅਸੀਂ ਆਪਣੇ ਆਪ ਨੂੰ ਤਿਆਰ ਕਰਾਂਗੇ, ਨਾ ਹੀ ਸ਼ਾਂਤੀਪੂਰਨ ਜੀਵਨ ਅਸੀਂ ਜੀਣ ਦੇ ਯੋਗ ਹੋਵਾਂਗੇ। ਜੋ ਲੋਕ ਹਮੇਸ਼ਾ ਚਿੰਤਾ ਵਿੱਚ ਡੁੱਬੇ ਰਹਿੰਦੇ ਹਨ, ਉਹ ਅਜਿਹਾ ਕਰਨ ਦੇ ਯੋਗ ਨਹੀਂ ਹੁੰਦੇ। ਅਜਿਹੇ ਚਿੰਤਤ ਲੋਕ ਨਾ ਤਾਂ ਆਪਣੇ ਆਪ ਨੂੰ ਕੁਝ ਦੇ ਸਕਦੇ ਹਨ, ਨਾ ਹੀ ਆਪਣੇ ਪਰਿਵਾਰ, ਸਮਾਜ ਜਾਂ ਦੇਸ਼ ਨੂੰ। ਜੋ ਲੋਕ ਹਰ ਸਮੇਂ ਉਦਾਸੀ, ਉਦਾਸੀ ਅਤੇ ਚਿੜਚਿੜੇਪਨ ਵਿੱਚ ਰਹਿੰਦੇ ਹਨ, ਉਹ ਕਦੇ ਵੀ ਅੱਗੇ ਨਹੀਂ ਵਧ ਸਕਦੇ। ਇਸ ਲਈ, ਜ਼ਿੰਦਗੀ ਨੂੰ ਇੱਕ ਖੇਡ ਜਾਂ ਤਿਉਹਾਰ ਵਾਂਗ ਜੀਣਾ ਚਾਹੀਦਾ ਹੈ। ਇਸ ਵਿੱਚ ਜਿੱਤ ਜਾਂ ਹਾਰ ਮਹੱਤਵਪੂਰਨ ਨਹੀਂ ਹੈ, ਕੋਸ਼ਿਸ਼ ਮਹੱਤਵਪੂਰਨ ਹੈ। ਮਨ ਨੂੰ ਬੇਕਾਰ ਚਿੰਤਾਵਾਂ ਤੋਂ ਮੁਕਤ ਰੱਖਣ ਲਈ ਇਕਾਗਰਤਾ ਜ਼ਰੂਰੀ ਹੈ। ਇਸ ਲਈ, ਸਵੇਰੇ ਅਤੇ ਸ਼ਾਮ ਨੂੰ ਪ੍ਰਾਣਾਯਾਮ, ਧਿਆਨ ਅਤੇ ਯੋਗਾ ਜ਼ਰੂਰੀ ਹੈ। ਉਤਸ਼ਾਹ ਅਤੇ ਖੁਸ਼ੀ ਸਾਡੀ ਜ਼ਿੰਦਗੀ ਦੇ ਅੰਦਰ ਛੁਪੀ ਹੋਈ ਹੈ। ਉਨ੍ਹਾਂ ਨੂੰ ਬਾਹਰ ਲਿਆਉਣਾ ਚਾਹੀਦਾ ਹੈ। ਨੀਲ ਪਸਰੀਚਾ ਨੇ ਆਪਣੀ ਕਿਤਾਬ 'ਦਿ ਹੈਪੀਨੈੱਸ ਇਕੁਏਸ਼ਨ' ਵਿੱਚ ਕਿਹਾ ਹੈ ਕਿ ਮਨ ਨੂੰ ਹਲਕਾ ਰੱਖਣ ਅਤੇ ਆਰਾਮਦਾਇਕ ਮਹਿਸੂਸ ਕਰਨ ਲਈ, ਰਾਤ ਨੂੰ ਫ਼ੋਨ ਬੰਦ ਕਰਨਾ ਚਾਹੀਦਾ ਹੈ, ਚੰਗੇ ਪਲਾਂ ਨੂੰ ਰਿਕਾਰਡ ਕਰਨਾ ਚਾਹੀਦਾ ਹੈ, ਸਵੇਰੇ ਦਸ ਤੋਂ ਪੰਦਰਾਂ ਮਿੰਟ ਬਿਤਾਉਣੇ ਚਾਹੀਦੇ ਹਨ। ਪਿਛਲੇ ਦਿਨ ਦੀਆਂ ਚੰਗੀਆਂ ਗੱਲਾਂ ਨੂੰ ਇੱਕ ਰਜਿਸਟਰ ਵਿੱਚ ਲਿਖਣਾ ਚਾਹੀਦਾ ਹੈ। ਹਰ ਹਫ਼ਤੇ ਘੱਟੋ-ਘੱਟ ਦੋ ਚੰਗੇ ਕੰਮ ਕਰੋ, ਜਿਵੇਂ ਕਿ ਕਿਸੇ ਦੀ ਮਦਦ ਕਰਨਾ, ਕਿਸੇ ਦੇ ਗਊਸ਼ਾਲਾ ਜਾਂ ਅਨਾਥ ਆਸ਼ਰਮ ਵਿੱਚ ਦਾਨ ਕਰਨਾ, ਆਦਿ। ਇੱਕ ਖੋਜ ਦੇ ਅਨੁਸਾਰ, ਪ੍ਰਸ਼ੰਸਾ ਦੇ ਸ਼ਬਦ ਸਾਨੂੰ ਪੈਸੇ ਪ੍ਰਾਪਤ ਕਰਨ ਵਾਂਗ ਹੀ ਉਤਸ਼ਾਹਿਤ ਕਰਦੇ ਹਨ। ਇਸ ਲਈ, ਕਿਸੇ ਨਜ਼ਦੀਕੀ ਦੋਸਤ ਜਾਂ ਪਰਿਵਾਰਕ ਮੈਂਬਰ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਇਸ ਨਾਲ ਖੁਸ਼ੀ ਮਿਲੇਗੀ। ਹਰ ਰੋਜ਼ ਸਵੇਰੇ ਕੁਝ ਚੰਗਾ ਪੜ੍ਹਨਾ, ਸੰਗੀਤ ਸੁਣਨਾ ਅਤੇ ਪਾਰਕ ਵਿੱਚ ਸੈਰ ਕਰਨਾ ਚਾਹੀਦਾ ਹੈ। ਸਾਨੂੰ ਮੁਸ਼ਕਲਾਂ ਤੋਂ ਡਰਨਾ ਨਹੀਂ ਚਾਹੀਦਾ, ਸਗੋਂ ਉਨ੍ਹਾਂ ਨੂੰ ਡੂੰਘਾਈ ਨਾਲ ਸਮਝਣਾ ਚਾਹੀਦਾ ਹੈ। ਜਦੋਂ ਗਲੀ ਦੇ ਕੁੱਤੇ ਸਾਡੇ 'ਤੇ ਭੌਂਕਦੇ ਹਨ ਅਤੇ ਅਸੀਂ ਉਨ੍ਹਾਂ ਨੂੰ ਦੇਖ ਕੇ ਭੱਜ ਜਾਂਦੇ ਹਾਂ, ਤਾਂ ਉਹ ਹੋਰ ਵੀ ਉੱਚੀ ਆਵਾਜ਼ ਵਿੱਚ ਭੌਂਕਦੇ ਹੋਏ ਸਾਡਾ ਪਿੱਛਾ ਕਰਨਾ ਸ਼ੁਰੂ ਕਰ ਦਿੰਦੇ ਹਨ। ਪਰ ਜਦੋਂ ਅਸੀਂ ਇੱਕ ਜਗ੍ਹਾ ਖੜ੍ਹੇ ਹੋ ਕੇ ਉਨ੍ਹਾਂ ਵੱਲ ਦੇਖਦੇ ਹਾਂ, ਤਾਂ ਉਹ ਸ਼ਾਂਤ ਹੋ ਜਾਂਦੇ ਹਨ ਅਤੇ ਸਾਡਾ ਪਿੱਛਾ ਕਰਨਾ ਬੰਦ ਕਰ ਦਿੰਦੇ ਹਨ। ਸਮੱਸਿਆਵਾਂ ਅਤੇ ਮੁਸ਼ਕਲਾਂ ਦਾ ਵੀ ਇਹੀ ਹਾਲ ਹੈ। ਅਸੀਂ ਭੱਜ ਕੇ ਉਨ੍ਹਾਂ ਤੋਂ ਨਹੀਂ ਬਚ ਸਕਦੇ। ਸਾਨੂੰ ਉਨ੍ਹਾਂ ਦੀ ਪਛਾਣ ਕਰਨ ਅਤੇ ਧੀਰਜ ਨਾਲ ਉਨ੍ਹਾਂ ਦਾ ਹੱਲ ਲੱਭਣ ਦੀ ਲੋੜ ਹੈ। ਜ਼ਿੰਦਗੀ ਵਿੱਚ ਸਫਲ ਹੋਣ ਲਈ, ਸਾਨੂੰ ਉਨ੍ਹਾਂ ਯਤਨਾਂ, ਊਰਜਾ ਅਤੇ ਸਰੋਤਾਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਜੋ ਕਿਸੇ ਨਾ ਕਿਸੇ ਤਰੀਕੇ ਨਾਲ ਸਾਡੇ ਲਈ ਲਾਭਦਾਇਕ ਹੋ ਸਕਦੇ ਹਨ। ਜੇਕਰ ਕਿਸੇ ਕੋਲ ਹੁਨਰ, ਸਬਰ ਅਤੇ ਸਖ਼ਤ ਮਿਹਨਤ ਹੈ, ਤਾਂ ਉਸਨੂੰ ਅੱਗੇ ਵਧਣ ਦਾ ਮੌਕਾ ਮਿਲਦਾ ਹੈ। ਸਾਨੂੰ ਉਨ੍ਹਾਂ ਲੋਕਾਂ ਪ੍ਰਤੀ ਸ਼ੁਕਰਗੁਜ਼ਾਰੀ ਪ੍ਰਗਟ ਕਰਨੀ ਚਾਹੀਦੀ ਹੈ ਜੋ ਮੁਸ਼ਕਲ ਸਮੇਂ ਵਿੱਚ ਸਾਡੀ ਮਦਦ ਕਰਦੇ ਹਨ, ਜਿਸ ਨਾਲ ਸਾਨੂੰ ਚੰਗਾ ਵੀ ਮਹਿਸੂਸ ਹੋਵੇਗਾ। ਮਸ਼ਹੂਰ ਲੇਖਕ ਰੋਂਡਾ ਬਾਇਰਨ ਆਪਣੀ ਕਿਤਾਬ 'ਦ ਮੈਜਿਕ' ਵਿੱਚ ਲਿਖਦੀ ਹੈ ਕਿ ਸ਼ੁਕਰਗੁਜ਼ਾਰੀ ਦਾ ਜਾਦੂ ਸਾਡੀ ਪੂਰੀ ਜ਼ਿੰਦਗੀ ਬਦਲ ਦੇਵੇਗਾ। ਹਜ਼ਾਰਾਂ ਲੋਕਾਂ ਨੇ ਸਭ ਤੋਂ ਮਾੜੇ ਹਾਲਾਤਾਂ ਵਿੱਚ ਰਹਿਣ ਦੇ ਬਾਵਜੂਦ ਸ਼ੁਕਰਗੁਜ਼ਾਰੀ ਦਾ ਅਭਿਆਸ ਕਰਕੇ ਆਪਣੀ ਜ਼ਿੰਦਗੀ ਪੂਰੀ ਤਰ੍ਹਾਂ ਬਦਲ ਦਿੱਤੀ ਹੈ। ਜੇਕਰ ਤੁਸੀਂ ਜ਼ਿੰਦਗੀ ਨੂੰ ਇੱਕ ਜਸ਼ਨ ਵਾਂਗ ਜਿਉਣਾ ਚਾਹੁੰਦੇ ਹੋ, ਤਾਂ ਤੁਹਾਨੂੰ ਲੋਕਾਂ ਪ੍ਰਤੀ ਦੋਸਤਾਨਾ ਰਵੱਈਆ ਰੱਖਣਾ ਚਾਹੀਦਾ ਹੈ। ਤੁਹਾਨੂੰ ਆਪਣੇ ਮਨ ਵਿੱਚੋਂ ਇਹ ਵਿਚਾਰ ਕੱਢ ਦੇਣਾ ਚਾਹੀਦਾ ਹੈ ਕਿ ਦੁਨੀਆਂ ਬਹੁਤ ਬੁਰੀ ਹੈ। ਤੁਹਾਨੂੰ ਇਹ ਸਮਝਣ ਦੀ ਲੋੜ ਹੈ ਕਿ ਜੇਕਰ ਦੁਨੀਆਂ ਬੁਰੀ ਹੈ, ਤਾਂ ਤੁਸੀਂ ਵੀ ਇਸਦਾ ਹਿੱਸਾ ਹੋ। ਜੇਕਰ ਅਸੀਂ ਲੋਕਾਂ ਨੂੰ ਮੁਸਕਰਾਹਟ ਨਾਲ ਮਿਲਦੇ ਹਾਂ, ਤਾਂ ਲੋਕ ਵੀ ਸਾਨੂੰ ਮੁਸਕਰਾਹਟ ਨਾਲ ਮਿਲਣਗੇ। ਜੇਕਰ ਅਸੀਂ ਕਿਸੇ ਨਾਲ ਖੇਡਾਂ ਖੇਡਦੇ ਹਾਂ, ਤਾਂ ਉਹ ਸਾਨੂੰ ਕਿਉਂ ਛੱਡ ਦੇਣਗੇ? ਨਿਮਰਤਾ, ਦੋਸਤਾਨਾ, ਜੀਵੰਤਤਾ ਅਤੇ ਖੁਸ਼ਹਾਲ ਸੁਭਾਅ ਬਹੁਤ ਊਰਜਾ ਦਿੰਦਾ ਹੈ। ਇਸ ਨਾਲ ਸਾਨੂੰ ਫਾਇਦਾ ਹੋਵੇਗਾ, ਦੂਜਿਆਂ ਨੂੰ ਨਹੀਂ। ਊਰਜਾ ਬਣੀ ਰਹੇਗੀ, ਮੂਡ ਚੰਗਾ ਰਹੇਗਾ ਅਤੇ ਤੁਸੀਂ ਕੰਮ 'ਤੇ ਧਿਆਨ ਕੇਂਦਰਿਤ ਕਰ ਸਕੋਗੇ। ਤੁਹਾਨੂੰ ਹਮੇਸ਼ਾ ਸਵਾਰਥੀ ਕਾਰਨਾਂ ਕਰਕੇ ਲੋਕਾਂ ਨਾਲ ਗੱਲ ਨਹੀਂ ਕਰਨੀ ਚਾਹੀਦੀ, ਤੁਹਾਨੂੰ ਆਪਣੇ ਵਿਵਹਾਰ ਲਈ ਪਿਆਰ ਦੇ ਧਾਗੇ ਵੀ ਬੁਣਨੇ ਚਾਹੀਦੇ ਹਨ, ਤਾਂ ਜੋ ਗੱਲ ਕਰਕੇ ਅਸੀਂ ਆਪਣੇ ਮਨ ਨੂੰ ਹਲਕਾ ਰੱਖ ਸਕੀਏ ਅਤੇ ਕਿਸੇ ਨਾਲ ਸੁਝਾਅ ਦੇ ਸਕੀਏ। ਜ਼ਿੰਦਗੀ ਦੀ ਰਫ਼ਤਾਰ ਨੂੰ ਕਾਬੂ ਵਿੱਚ ਰੱਖਣਾ ਬਿਹਤਰ ਹੈ। ਜ਼ਿਆਦਾਤਰ ਹਾਦਸੇ ਬੇਕਾਬੂ ਗਤੀ ਕਾਰਨ ਹੁੰਦੇ ਹਨ। ਕਈ ਵਾਰ ਅਸੀਂ ਜ਼ਿੰਦਗੀ ਦੇ ਸੰਬੰਧ ਵਿੱਚ ਇੱਕ ਨਿਰਧਾਰਤ ਰੁਟੀਨ ਅਪਣਾਉਂਦੇ ਹਾਂ। ਸਮਾਂ ਕਿੰਨਾ ਵੀ ਬਦਲ ਜਾਵੇ, ਸਾਡੇ ਵਿਚਾਰ ਨਹੀਂ ਬਦਲਦੇ। ਪੱਖਪਾਤ ਸਾਡੇ ਮਨ ਵਿੱਚ ਕਠੋਰਤਾ ਪੈਦਾ ਕਰਦੇ ਹਨ। ਸਮੇਂ-ਸਮੇਂ 'ਤੇ ਜ਼ਿੰਦਗੀ ਤੋਂ ਬੇਲੋੜੀਆਂ ਚੀਜ਼ਾਂ ਨੂੰ ਦੂਰ ਕਰਨਾ ਚਾਹੀਦਾ ਹੈ।



ਇਸ ਪ੍ਰਕਿਰਿਆ ਦੌਰਾਨ, ਆਪਣੇ ਆਪ ਤੋਂ ਕੁਝ ਸਵਾਲ ਪੁੱਛੇ ਜਾਣੇ ਚਾਹੀਦੇ ਹਨ। ਉਦਾਹਰਣ ਵਜੋਂ, ਕੀ ਮੈਂ ਉਹ ਕਰ ਰਿਹਾ ਹਾਂ ਜੋ ਮੈਂ ਆਪਣੀ ਜ਼ਿੰਦਗੀ ਤੋਂ ਚਾਹੁੰਦਾ ਹਾਂ? ਕੀ ਮੈਂ ਆਪਣੀ ਜ਼ਿੰਦਗੀ ਤੋਂ ਸੰਤੁਸ਼ਟ ਹਾਂ? ਇਨ੍ਹਾਂ ਸਵਾਲਾਂ ਦੇ ਜਵਾਬ ਦੱਸਣਗੇ ਕਿ ਸਾਡੇ ਵਿੱਚੋਂ ਅੱਧੇ ਤੋਂ ਵੱਧ ਲੋਕ ਬੇਕਾਰ ਚੀਜ਼ਾਂ ਦੇ ਪਿੱਛੇ ਭੱਜ ਰਹੇ ਹਨ ਅਤੇ ਇਸੇ ਲਈ ਸਾਡੀ ਜ਼ਿੰਦਗੀ ਇੰਨੀ ਗੁੰਝਲਦਾਰ ਅਤੇ ਮੁਸ਼ਕਲ ਹੈ। 'ਦਿ ਲਾਈਫ ਆਡਿਟ' ਦੀ ਲੇਖਕਾ ਕੈਰੋਲੀਨ ਰਾਈਟਨ ਕਹਿੰਦੀ ਹੈ, 'ਇਹ ਤੁਹਾਨੂੰ ਤੁਹਾਡੀ ਜ਼ਿੰਦਗੀ ਦੀ ਯਾਤਰਾ ਅਤੇ ਹੁਣ ਤੱਕ ਕੀਤੀ ਤਰੱਕੀ ਜਾਂ ਤਰੱਕੀ ਵਿੱਚ ਰੁਕਾਵਟ ਪਾਉਣ ਵਾਲੇ ਕਾਰਨਾਂ ਨੂੰ ਸਮਝਣ ਵਿੱਚ ਮਦਦ ਕਰਦਾ ਹੈ। ਤੁਹਾਨੂੰ ਇਹ ਵੀ ਪਤਾ ਲੱਗਦਾ ਹੈ ਕਿ ਤੁਸੀਂ ਕਿੱਥੇ ਫਸੇ ਹੋਏ ਹੋ। ਤੁਹਾਨੂੰ ਆਪਣੀਆਂ ਇੱਛਾਵਾਂ ਬਾਰੇ ਵੀ ਪਤਾ ਲੱਗਦਾ ਹੈ।'

# ਇਫਟੂ 'ਪੰਜਾਬ ਦੁਕਾਨ ਤੇ ਵਪਾਰਕ ਅਦਾਰੇ ਸੋਧ' ਵਾਪਸ ਲੈਣ ਲਈ 13 ਜੂਨ ਨੂੰ ਵਿਧਾਇਕਾਂ ਨੂੰ ਸੌਂਪੇਗੀ ਮੰਗ ਪੱਤਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਪੰਜਾਬ ਨੇ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਦੁਕਾਨ ਤੇ ਵਪਾਰਕ ਅਦਾਰੇ ਐਕਟ ਵਿਚ ਕੀਤੀ ਗਈ ਸੋਧ ਨੂੰ ਕਿਰਤੀਆਂ ਦੇ ਹਿੱਤਾਂ ਦੇ ਵਿਰੋਧੀ ਦੱਸਦੇ ਹੋਏ ਇਹ ਸੋਧ ਵਾਪਸ ਲੈਣ ਲਈ 13 ਜੂਨ ਨੂੰ ਵਿਧਾਇਕਾਂ ਨੂੰ ਮੰਗ ਪੱਤਰ ਸੌਂਪਣ ਦਾ ਫੈਸਲਾ ਕੀਤਾ ਹੈ।


ਜਾਣਕਾਰੀ ਦਿੰਦਿਆਂ ਇਫਟੂ ਦੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਦੱਸਿਆ ਕਿ ਇਹ ਫੈਸਲਾ ਇਫਟੂ ਦੀ ਸੂਬਾ ਕਮੇਟੀ ਦੀ ਹੋਈ ਆਨਲਾਈਨ ਮੀਟਿੰਗ ਵਿਚ ਲਿਆ ਗਿਆ ਜਿਸ ਵਿਚ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾ ਸਕੱਤਰ ਰਾਜ ਸਿੰਘ ਮਲੋਟ, ਸਹਾਇਕ ਸਕੱਤਰ ਅਵਤਾਰ ਸਿੰਘ ਤਾਰੀ, ਜੁਗਿੰਦਰਪਾਲ ਗੁਰਦਾਸਪੁਰ ਅਤੇ ਹੋਰ ਸੂਬਾ ਕਮੇਟੀ ਮੈਂਬਰਾਂ ਨੇ ਭਾਗ ਲਿਆ।

ਉਹਨਾਂ ਕਿਹਾ ਕਿ ਇਹ ਸੋਧ ਕਾਮਿਆਂ ਦੇ ਉਹਨਾਂ ਹੱਕਾਂ ਉੱਤੇ ਹਮਲਾ ਹੈ।ਮਾਨ ਸਰਕਾਰ ਨੇ ਮਾਲਕਾਂ ਨੂੰ ਕਾਮਿਆਂ ਕੋਲੋਂ 12-12 ਘੰਟੇ ਕੰਮ ਲੈਣ ਦਾ ਕਾਨੂੰਨੀ ਹੱਕ ਦੇ ਦਿੱਤਾ ਹੈ।ਇਹ ਕਿਰਤੀਆਂ ਦੇ ਉਸ ਹੱਕ ਉੱਤੇ ਹਮਲਾ ਹੈ ਜੋ ਦੁਨੀਆਂ ਭਰ ਦੇ ਕਿਰਤੀਆਂ ਨੇ ਕਰੀਬ 139 ਵਰ੍ਹੇ ਪਹਿਲਾਂ ਸੰਘਰਸ਼ ਕਰਕੇ 8 ਘੰਟੇ ਦੀ ਦਿਹਾੜੀ ਦੇ ਰੂਪ ਵਿਚ ਪ੍ਰਾਪਤ ਕੀਤਾ ਸੀ।

ਮਾਨ ਸਰਕਾਰ ਨੇ 20 ਕਿਰਤੀਆਂ ਵਾਲੀਆਂ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਨੂੰ ਰਜਿਸਟਰੇਸ਼ਨ ਤੋਂ ਮੁਕਤ ਕਰਕੇ ਇਹਨਾਂ ਵਿਚ ਕੰਮ ਕਰਦੇ ਕਾਮਿਆਂ ਕੋਲੋਂ ਆਪਣੀ ਰਜਿਸਟਰਡ ਯੂਨੀਅਨ ਬਣਾਉਣ ਦਾ ਹੱਕ ਵੀ ਖੋਹ ਲਿਆ ਹੈ। ਇਹਨਾਂ ਅਦਾਰਿਆਂ ਵਿਚ ਕਿਰਤੀਆਂ ਨੂੰ ਕੋਈ ਵਰ ਟਾਈਮ ਨਾ ਪਹਿਲਾਂ ਦਿੱਤਾ ਜਾਂਦਾ ਸੀ ਨਾ ਅੱਗੇ ਤੋਂ ਦਿੱਤਾ ਜਾਵੇਗਾ। ਇਸ ਤਰ੍ਹਾਂ ਮਾਨ ਸਰਕਾਰ ਕੇਂਦਰ ਦੀ ਮੋਦੀ ਸਰਕਾਰ ਦੇ ਕਿਰਤੀ ਵਿਰੋਧੀ ਚਾਰ ਕਿਰਤ ਕੋਡਾਂ ਨੂੰ ਲੁਕਵੇਂ ਢੰਗ ਨਾ.ਲ ਲਾਗੂ ਕਰ ਰਹੀ ਹੈ।

ਦੁਕਾਨਾਂ ਅਤੇ ਵਪਾਰਕ ਅਦਾਰਿਆਂ ਵਿਚ ਪਹਿਲਾਂ ਹੀ ਕਿਰਤੀਆਂ ਕੋਲੋਂ 8 ਘੰਟੇ ਦੀ ਥਾਂ 10 ਘੰਟੇ ਕੰਮ ਲਿਆ ਜਾਂਦਾ ਸੀ ਪਰ ਮਾਨ ਸਰਕਾਰ ਨੇ ਉਹਨਾਂ ਦੇ ਦਿਹਾੜੀ ਦੇ ਕੰਮ ਦੇ 12 ਘੰਟੇ ਕਰਕੇ ਆਪਣਾ ਮਜਦੂਰ ਵਿਰੋਧੀ ਚਿਹਰਾ ਨੰਗਾ ਕਰ ਲਿਆ ਹੈ।

*****




### ਤਿੰਨ ਮੁਟਿਆਰਾਂ ਮਨੋਰੰਜਨ ਸੰਸਾਰ ਦੀਆਂ ਸਰਕਾਰਾਂ ਕੌਰ ਸਿੰਮੀ ਤੇ ਜਯੋਤੀ ਅਰੋੜਾ/ਪ੍ਰਵੀਨ ਅਖ਼ਤਰ

ਇਸ ਵੇਲੇ ਪੰਜਾਬੀ ਮਨੋਰੰਜਨ ਦੁਨੀਆਂ ਵਿੱਚ ਇਹ ਤਿੰਨ ਔਰਤ ਚਿਹਰੇ ਖ਼ੂਬ ਚਰਚਿਤ ਹਨ। ਸੁਰਮੇ ਵਾਲੀ ਅੱਖ, ਸੁਨਹਿਰੀ ਵਾਲ ਤੇ ਚਮਕਦਾ ਚਿਹਰਾ ਕੌਰ ਸਿੰਮੀ ਜਿਸ ਕੋਲ ਸੁਰ ਵੀ ਏ ਤੇ ਅਦਾ ਵੀ ਤੇ ਗਾਇਕਾ ਬਣ ਕੌਰ ਸਿੰਮੀ ਦੀ ਸ਼ਾਵਾ ਸਿੰਮੀਏ ਬੱਲੇ ਸਿੰਮੀਏ ਹੈ, ਫ਼ਿਲਮਾਂ ਤੱਕ ਪਹੁੰਚੇਗੀ। ਕਾਲੀ ਜਾਲੀ ਵਾਲੀ ਟੋਪੀ ਪਤਲਾ ਚਿਹਰਾ ਗੋਰਾ ਮੁੱਖ ਤੇ ਹੋਂਠਾਂ ਨਾਲ ਨੱਚਦੀਆਂ ਅੱਖਾਂ ਜਯੋਤੀ ਅਰੋੜਾ ਟੀਵੀ ਐਂਕਰ, ਮਾਡਲ ਤੇ



"ਕੁੜੀਆਂ ਪੰਜਾਬ ਦੀਆਂ" ਦੀ ਨਾਇਕਾ ਬਾਲੀਵੁੱਡ ਜਾਏਗੀ। ਇਹ ਅਤਿ ਆਧੁਨਿਕ ਲੱਗਦੀ ਟੋਪ ਵ੍ਹਾਈਟ ਸ਼ਰਟ ਵਾਲੀ ਪਰਵੀਨ ਅਖ਼ਤਰ ਅੱਜ ਕਲ ਯੂ ਐਸ ਏ ਫ਼ਿਲਮ ਸ਼ੋ ਕਰ ਰਹੀ ਹੈ। ਯੋਗਰਾਜ ਸਿੰਘ ਕਾਫੀ ਪੰਜਾਬੀ ਫ਼ਿਲਮਾਂ ਕਰ ਚੁੱਕੀ ਪ੍ਰਵੀਨ ਅਖ਼ਤਰ ਗੁਰੂ ਘਰ ਦੀ ਸ਼ਰਧਾਵਾਨ ਹੈ। ਗੱਲ ਮੁੱਕਦੀ ਤੇ ਢੁੱਕਦੀ ਇਹ ਕਿ ਤਿੰਨ ਨਾਰਾਂ, ਹੁਸਨ ਦੀਆਂ ਸਰਕਾਰਾਂ ਕਰਨ ਫਿਲਮੀ ਕਾਰ ਵਿਹਾਰ, ਇੱਕ ਕੌਰ ਸਿੰਮੀ ਫ਼ਿਲਮ ਲਈ ਤਿਆਰ। ਜਯੋਤੀ ਅਰੋੜਾ ਕੰਮ ਜਿਆਦਾ ਆਰਾਮ ਥੋੜ੍ਹਾ ਤੇ ਅਖ਼ਤਰ ਪ੍ਰਵੀਨ ਐਕਟਿੰਗ ਮਸ਼ੀਨ ਜੈ ਹੋ।

### ਸਿਮਰਨ ਢਿੱਲੋਂ ਦਿਨ ਅੱਛੇ ਆ ਰਹੇ ਨੇ" ਡੋਂਟ ਵਰੀ"




ਹਰਸਿਮਰਨ ਢਿੱਲੋਂ ਨੇ ਹੁਣ ਸਿਮਰਨ ਢਿੱਲੋਂ ਨਾਮ ਤੇ ਆਪਣੇ ਨਾਮ ਨੂੰ ਸਟਾਰ ਕਲਾਕਾਰਾਂ ਵਿੱਚ ਸ਼ਾਮਿਲ ਕਰਨ ਵਾਸਤੇ ਬੈਕ ਟੂ ਬੈਕ ਦਿੱਤੇ ਨੇ ਟਰੈਕ। ਹੁਣ ਦਯਾ ਰਿਕਾਰਡਜ਼ ਨੇ ਇਸ ਆਵਾਜ਼ ਤੇ ਦਯਾ ਕੀਤੀ ਤੇ ਇੱਕ ਬੀਟ ਗੀਤ "ਡੋਂਟ ਵਰੀ" ਰਲੀਜ਼ ਕਰਨਾ ਹੈ। ਸੁੱਖ ਬੱਲ ਨੇ ਸੁੱਖ ਨਾਲ ਐਤਕੀਂ ਗੀਤ ਐਸਾ ਰਚਿਆ ਕਿ ਉਸ ਆਖਿਆ ਸਿਮਰਨ ਕੱਲੀ ਆਡੀ ਕਰ ਦੇ ਡੋਂਟ ਵਰੀ ਚਲੇਗਾ ਤੇ ਇਸਦਾ ਮਿਊਜ਼ਿਕ ਆਰਿਗ ਮਿਊਜ਼ਿਕ ਨੇ ਦਿੱਤਾ ਹੈ। ਟੌਹਰੀ ਪੱਗ , ਜਵਾਨ ਉਮਰ ਤੇ ਪਿਆਰਾ ਗੀਤ ਨਾਲ ਦਿਲਕਸ਼ ਸੰਗੀਤ "ਡੋਂਟ ਵਰੀ "ਸਿਮਰਨ ਢਿੱਲੋਂ ਗੱਲ ਬਣੂੰ ਬਣੂੰ ਤੇ ਇਸ ਤੋਂ ਪਹਿਲਾਂ ਸਿਮਰਨ ਢਿੱਲੋਂ ਦਾ ਬਲਬੀਰ ਬੀਰਾ, ਸੋਨੂੰ ਸ਼ਾਹ ਹੋਰਾਂ ਨਾਲ ਕਾਲੇਬ ਗੀਤ, ਧਾਰਮਿਕ ਗੀਤ ਤੇ "ਪੈਂਗ ਪਾਰਟੀ" ਆ ਚੁੱਕੇ ਹਨ। ਇਹ ਸਿਲਸਿਲਾ ਜ਼ਾਰੀ ਹੈ ਤੇ ਨਾਲ ਹ ਸ਼ੋ ਤੇ ਮੇਲੇ ਲਾ ਰਿਹਾ ਹੈ, ਰਹੀ ਗੱਲ ਨਵੇਂ ਟਰੈਕ ਦੀ ਤਾਂ "ਡੋਂਟ ਵਰੀ "ਸਿਮਰਨ ਢਿੱਲੋਂ ਗੱਲ ਬਣੂੰ ਬਣੂੰ ਲਿਖ ਕੇ ਲੈ ਲ ।

### ਰਮਨ ਰਮਨ ਹੋਈ ਪਈ ਐ ਕਨੇਡਾ ਵਿੱਚ ਰਮਨ ਗਿੱਲ ਛਾਈ

"ਬ੍ਰਾਂਡੇਡ ਜੱਟੀ" ਕਨੇਡਾ ਵਿੱਚ ਬੱਲੇ ਬੱਲੇ ਲੁੱਟ ਰਹੀ ਹੈ ਤੇ ਇਹ "ਬ੍ਰਾਂਡੇਡ ਜੱਟੀ" ਖ਼ੂਬਸੂਰਤ ਆਵਾਜ਼ ਤੇ ਅੰਦਾਜ਼ ਵਾਲੀ ਰਮਨ ਗਿੱਲ ਹੈ।ਰਮਨ ਦਾ ਟੌਹਰ ਮਾਣ ਨਹੀਂ ਹੈ, ਕਦੇ ਪੰਜਾਬੀ ਸੂਟ ਵਿੱਚ ਪਿਓਰ ਪੰਜਾਬਣ ਲੱਗਦੀ ਸੂ ਤੇ ਕਦੇ ਸ਼ਰਟ ਜ਼ੀਂਨ ਪਹਿਨ ਕਿ ਵਲੈਤਣ ਜੱਟੀ। ਰਮਨ ਗਿੱਲ ਦੇ ਸ਼ੋ ਕਨੇਡਾ ਜ਼ਾਰੀ ਹਨ। ਲੋਕ ਤੱਥ ਗਾ ਕਿ ਵਿਰਸੇ ਦੀ ਬਾਤ ਪਾਉਂਦੀ ਹੈ ਤੇ ਬੀਟ ਗਾ ਕਿ ਲੋਕ ਨਚਾ ੰਦੀ ਹੈ ਰਮਨ ਗਿੱਲ। "ਵਹਿਮ" ਤੇ "ਫੁਕਰੇ" ਗੀਤਾਂ ਦੇ ਇਲਾਵਾ ਲੋਕ ਬੋਲੀਆਂ ਨਾਲ ਪੰਜਾਬੀਅਤ ਦਾ ਵਿਹੜਾ ਸ਼ਿੰਗਾਰਦੀ ਹੈ ਰਮਨ ਗਿੱਲ। ਰਮਨ ਗਿੱਲ ਨੂੰ ਸਾਲ



ਭਰ ਵਿੱਚ ਜਿੰਨਾ ਪਿਆਰ ਸਰੋਤਿਆਂ ਤੇ ਦਰਸ਼ਕਾਂ ਨੇ ਦਿੱਤਾ ਹੈ ਸਾਲ ਭਰ ਹੋਰ ਉਹ ਪੰਜਾਬੀ ਫ਼ਿਲਮਾਂ ਲਈ ਗਾ ਰਹੀ ਹੋਏਗੀ ਤੇ ਪੰਜਾਬੀ ਫ਼ਿਲਮਾਂ ਵਿੱਚ ਐਕਟਿੰਗ ਲਈ ਉਸ ਦਾ ਗੁਲਾਬੀ ਚਿਹਰਾ ਤਿਆਰ ਹੈ। ਰਮਨ ਗਿੱਲ ਆਖੇ ਇਹ ਪੰਜਾਬ ਦੀ ਹੀ ਦੇਣ ਹੈ ਕਿ ਉਹ ਕਨੇਡਾ ਆ ਕਿ ਗਾ ਰਹੀ ਹੈ ਤੇ ਕਨੇਡਾ ਦੇ ਪੰਜਾਬੀਆਂ ਦੀ ਉਹ ਕਰਜ਼ਦਾਰ ਹੈ ਜਿਹਨਾਂ ਉਸ ਨੂੰ ਬਹੁਤ ਬਹੁਤ ਜਿਆਦਾ ਪਿਆਰ ਦਿੱਤਾ ਹੈ। ਸਦਕੇ ਜਾਵਾਂ ਰਮਨ ਦੀ ਮਖ਼ਮਲੀ ਆਵਾਜ਼ ਦੇ ਜਿਸ ਵਿੱਚ ਲੋਕ ਰੰਗ ਦਾ ਮਿਸ਼ਰਨ ਹਰੇਕ ਸੰਗੀਤ ਸੱਜਣ ਸੱਜਣੀ ਨੂੰ ਆਪਣੇ ਵੱਲ ਖਿੱਚਦਾ ਹੈ। ਮੁੱਕਦੀ ਤੇ ਢੁੱਕਦੀ ਗੱਲ ਇਹ ਕਿ ਰਮਨ ਗਿੱਲ ਦਾ ਟੂਰ ਏ ਕਨੇਡਾ ਕਾਮਯਾਬੀ ਦੇ ਵਰਕੇ ਭਰੀ ਜਾ ਰਿਹਾ ਹੈ।

### ਫਰਿਸ਼ਤਾ ਆਖਦੇ ਪਹਿਲਾਂ ਤੋਂ ਜਾਣੂੰ ਹਾਂ ਮੁੱਖ ਮੰਤਰੀ ਸਾਬ ਦਾ

ਸੁਰਿੰਦਰ ਫਰਿਸ਼ਤਾ ਉਰਫ ਘੁੱਲੇ ਸ਼ਾਹ ਸਦਾਬਹਾਰ ਹੈ, ਜਿਸ ਤਰਾਂ ਦੇ 16 ਸਾਲ ਪਹਿਲਾਂ ਸਨ ਉਸ ਤਰਾਂ ਦੇ ਹਨ। ਫਰਿਸ਼ਤਾ ਨੂੰ ਇੱਕ ਵੱਡੇ ਸਮਾਗਮ ਵਿੱਚ ਵੱਡਾ ਸਨਮਾਨ ਦੇਣ ਵੇਲੇ ਨਿਰਮਲ ਜੌੜਾ ਤੇ ਅੱਜ ਦੇ ਸਾਡੇ ਸੀ ਐਮ ਸਾਬ ਭਗਵੰਤ ਮਾਨ ਮੌਜੂਦ ਸਨ। ਮਾਨ ਵੀ ਕਮੇਡੀ ਕਰਦੇ ਸਨ ਤੇ ਫਰਿਸ਼ਤਾ ਵੀ, ਦੋਵਾਂ ਵਿਚਕਾਰ ਪ੍ਰੇਮ ਵਧਿਆ ਤੇ ਅੱਜ ਫਰਿਸ਼ਤਾ ਸਾਬ ਨੂੰ ਮੁੱਖ ਮੰਤਰੀ ਨੇ ਸੰਯੁਕਤ ਸਕੱਤਰ ਆਪ ਪੰਜਾਬ ਲਾਇਆ ਹੈ। ਭਗਵੰਤ ਮਾਨ ਸਾਬ ਸਰਕਾਰ ਚਲਾ ਰਹੇ ਨੇ ਤੇ ਫਰਿਸ਼ਤਾ ਸਟੇਜ ਕਰ ਰਹੇ ਨੇ ਫ਼ਿਲਮ ਵਿੱਚ ਆ ਰਹੇ ਹਨ। ਇੰਟਰਨੈੱਟ ਤੇ ਉਹਨਾਂ ਦਾ ਸੀਰੀਅਲ "ਘੁੱਲੇ ਸ਼ਾਹ ਦੇ ਕਾਰਨਾਮੇ" ਚਰਚਿਤ ਹੋ ਰਿਹਾ



ਹੈ ਤੇ ਪੰਜਾਬ ਆਮ ਆਦਮੀ ਪਾਰਟੀ ਦੇ ਸੰਯੁਕਤ ਸਕੱਤਰ ਬਣ ਘੁੱਲੇ ਸ਼ਾਹ ਰਾਜਨੀਤੀ ਵਿੱਚ ਵੀ ਸਰਗਰਮ ਹਨ। ਕਮੇਡੀ ਅੰਦਾਜ਼ ਵਿੱਚ ਆਖਦੇ ਨੇ ਘੁੱਲੇ ਸ਼ਾਹ ਫੋਟੋ ਵੇਖ ਲ ਜਵਾਨ ਮਾਨ ਨਾਲ ਘੁੱਲੇ ਸ਼ਾਹ ਤਦ ਵੀ ਇਸ ਤਰਾਂ ਦਾ ਸੀ ਤੇ ਅੱਜ ਵੀ ਇਸ



ਤਰਾਂ ਦਾ ਹੈ।

### ਅਮਰਪਾਲ ਦਾ "ਸਰਮਾਇਆ" ਸੁਖਬੀਰ ਭੁੱਲਰ ਤੇ ਟੀਮ ਅਮਰਪਾਲ

ਅਮਰਪਾਲ ਟੋਪ ਵੀਡਿ ਡਾਇਰੈਕਟਰ ਨੇ ਤੇ ਫ਼ਿਲਮ ਡਾਇਰੈਕਟਰ ਵੀ ਤੇ ਹੁਣ ਸੁਖਬੀਰ ਭੁੱਲਰ ਨੇ ਆਪਣੇ ਗਾਏ ਗੀਤ "ਸਰਮਾਇਆ" ਨੂੰ ਅਮਰਪਾਲ ਦੀ ਡਾਇਰੈਕਸ਼ਨ ਦਿਵਾਈ ਹੈ। ਅਮਰਪਾਲ ਆਖ ਰਹੇ ਨੇ ਕਿ ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਪ੍ਰੀਤ ਨਗਰ ਉਹਨਾਂ ਸ਼ੂਟ ਕੀਤਾ "ਸਰਮਾਇਆ" ਜਿਹੜਾ ਪੰਛੀ ਸਟੂਡੀ ਲੁਧਿਆਣਾ ਵਿਖੇ ਰਿਕਾਰਡ ਹੋਇਆ। ਬਾਬਾ ਸ਼ਾਹ ਬਖ਼ਤਿਆਰ ਜੀ ਵਿਲਸਨ ਪ੍ਰੀਤ ਤੇ ਪਰਿਵਾਰ ਤੇ ਬਲਵਿੰਦਰ ਕੁਮਾਰ ਤੇ ਪਰਿਵਾਰ ਇਹ ਸਹਯੋਗੀ ਜਿਹਨਾਂ ਕਾਰਨ ਸੁਖਬੀਰ ਭੁੱਲਰ ਦਾ "ਸਰਮਾਇਆ" ਪੂਰਾ ਹੋਇਆ ਹੈ। ਸੰਦੀਪ, ਗੁਰਬਾਜ ਸਿੰਘ ਤੇ ਸਾਹਿਲ ਵੀਡਿਓ ਵਿੱਚ ਹਨ। ਗਾਵੀ ਸ਼ੇਰਗਿੱਲ, ਫਰਾਂਸਿਸ ਪ੍ਰੀਤ ਮਨਦੀਪ ਤੇ ਹਰਜੀਤ ਕੌਰ ਤੋ ਅੱਛੀ ਮਾਡਲਿੰਗ ਅਮਰਪਾਲ ਨੇ ਕਰਵਾ ਕਿ ਸੁਖਬੀਰ ਭੁੱਲਰ ਨੂੰ ਕਹਿ ਦਿੱਤਾ ਹੈ ਕਿ ਆਪਾਂ ਕੋਈ ਕਸਰ ਵੀਡਿ ਲਈ ਨਹੀਂ ਰਹਿਣ ਦਿੱਤੀ ਤੇ ਅੱਗੇ ਤੇਰੇ ਭਾਗ ਲੱਛੀ ਏ।

### ਕਿੰਗ ਤੇ ਪਿੰਕੀ ਦੀ ਟੀਵੀ ਜੋੜੀ ਵਿੱਚ ਸਦੀਵੀ ਵਿਛੋੜੇ


ਹਰਿੰਦਰ ਕਿੰਗ ਬਹੁਤ ਪ੍ਰਿਤਭਾ ਵਾਲੇ ਡਾਇਰੈਕਟਰ ਸਨ ਤੇ ਉਹਨਾਂ ਨੇ



ਮੁੰਬਈ ਜ਼ੀ। ਟੀਵੀ ਲੀ ਵੀ ਕੰਮ ਕੀਤਾ ਸੀ। ਇਸ ਤੋਂ ਇਲਾਵਾ ਕਈ ਐਡ ਫ਼ਿਲਮਜ਼ ਕਰਨ ਵਾਲੇ ਹਰਿੰਦਰ ਕਿੰਗ ਹਰੇਕ ਦਾ ਵੀਡਿ ਵਧੀਆ ਬਣਾ ਕਿ ਦਿੰਦੇ ਸਨ ਚਾਹੇ ਬਜਟ ਘੱਟ ਹੀ ਨਿਰਮਾਤਾ ਕੋਲ ਹੋਏ। ਹਰਿੰਦਰ ਕਿੰਗ ਅੰਮ੍ਰਿਤਸਰ ਆ ਕਿ ਦੂਰਦਰਸ਼ਨ ਜਲੰਧਰ ਨਾਲ ਜੁੜ ਗਏ। ਇਥੇ ਹੀ ਕਿੰਗ ਨੇ ਦੂਰਦਰਸ਼ਨ ਤੇ ਡੀ ਡੀ ਪੰਜਾਬੀ ਲਈ ਨਿੱਜੀ ਵਰਾਇਟੀ ਪ੍ਰੋਗਰਾਮ ਲਿਆ ਤੇ ਹਰ ਤਰਾਂ ਨਾਲ ਇਸ ਨੂੰ ਮਨੋਰੰਜਨ ਭਰਪੂਰ ਬਣਾਉਣ ਦੇ ਯਤਨ ਕੀਤੇ। ਹਰੁਜਿੰਦਰ ਪਿੰਕੀ ਨੇ ਹਰਿੰਦਰ ਕਿੰਗ ਦੇ ਸ਼ੋ ਲਈ ਵਿਗਿਆਪਨ ਵਿਭਾਗ ਸੰਭਾਲਿਆ ਤੇ ਉਹ ਅੱਛੀ ਮਾਰਕੀਟਿੰਗ ਕਰਦੇ ਰਹੇ। ਇੱਕ ਤਰਾਂ ਨਾਲ ਹਰਿੰਦਰ ਕਿੰਗ ਕਾਮਯਾਬ ਨਿਰਦੇਸ਼ਕ ਹਰਜਿੰਦਰ ਪਿੰਕੀ ਦੇ ਸਹਿਯੋਗ ਨਾਲ ਬਣ ਵਿਚਰਦੇ ਰਹੇ। ਅਚਾਨਕ ਹਨਾਂ ਦਾ ਦੁਨੀਆਂ ਤੋਂ ਅਕਾਲ ਚਲਾਣਾ ਹੋਣ ਤੇ ਪਿੰਕੀ ਦੀਆਂ ਬਹੁਤ ਸਾਰੀਆਂ ਰੀਝਾਂ ਵਿਚਾਲੇ ਰਹਿ ਗਈਆਂ ਹਨ। ਹਰਿੰਦਰ ਕਿੰਗ ਸਾਬ ਤੇ ਪਿੰਕੀ ਦੀ ਜੋੜੀ ਵਿੱਚ ਰੱਬੀ ਵਿਛੋੜਾ ਜਿੱਤ ਗਿਆ। ਟੀਵੀ ਤੇ ਫਿਲਮੀ ਦੁਨੀਆਂ ਨੇ ਹਰਿੰਦਰ ਕਿੰਗ ਨੂੰ ਸ਼ਰਧਾ ਫੁੱਲ ਅਰਪਿਤ ਕਰਦਿਆਂ ਪਿੰਕੀ ਨਾਲ ਹਮਦਰਦੀ ਪ੍ਰਗਟਾਈ ਹੈ।

## ਸਾਹਿਤਕਾਰ ਤੇ ਫ਼ਿਰ ਬਣ ਗਈ ਸ਼ੋਰਟ ਫ਼ਿਲਮਾਂ ਦੀ ਲੇਖਿਕਾ ਤੇ ਨਿਰਦੇਸ਼ਕ ਸਿੰਮੀਪ੍ਰੀਤ ਕੌਰ

ਸਿੰਮੀਪ੍ਰੀਤ ਕੌਰ ਬਾਬਤ ਲਿਖਣਾ ਤਾਂ ਕਲਮ ਕਈ ਸਲਾਹਾਂ ਕਰਦੀ ਹੈ, ਕੇਹਂਦੀ ਹੈ ਕਿ ਜਵਾਨੀ ਦੀ ਉਹ ਉਮਰ ਜਿਸ ਵਿੱਚ ਜਜ਼ਬਾਤ ਹੀ ਉਭਰਦੇ ਨੇ, ਰੀਝਾਂ ਪੈਦਾ ਹੁੰਦੀਆਂ ਨੇ ਸਿੰਮੀ ਲੇਖਕਾ ਬਣ ਗਈ ਤੇ ਸਾਹਿਤਕ ਸਫ਼ਰ ਐਸਾ ਕਿ ਬਿੰਬ ਪ੍ਰਤੀ ਬਿੰਬ ਲੱਗੇ ਜਿਵੇਂ ਮਾਂ ਨੇ ਗੁੜ੍ਹਤੀ ਵਿੱਚ ਦਿੱਤੇ ਹੋਣ। ਦੂਜੇ ਪਾਸੇ ਕਲਮ ਆਖਦੀ ਕਿ ਸਾਹਿਤਕ ਦੇ ਨਾਲ ਨਾਲ ਉਹ ਡਾਇਰੈਕਟਰ ਬਣ ਕਿਵੇਂ ਕਿਸੇ ਅੰਦਰਲੇ ਕਲਾਕਾਰ ਨੂੰ ਪਹਿਚਾਣ ਉਸ ਦਾ ਫਿਲਮਾਕਣ ਕਰਦੀ ਜਿਵੇਂ ਕੋਈ ਤਜ਼ਰਬੇਕਾਰ ਪੰਜਾਹ ਸਾਲਾਂ






ਦੀ ਔਰਤ ਹੋਏ। ਚਲੋ ਹੋਰ ਕੀ ਸਲਾਹ ਕਲਮ ਦੀ ਬਾਅਦ ਵਿੱਚ ਪਹਿਲਾਂ ਇਹ ਜਾਣਕਾਰੀ ਲਵੋ ਕਿ ਸਿੰਮੀਪ੍ਰੀਤ ਕੌਰ ਸਾਹਿਤਕ ਸਰਗਰਮੀਆਂ, ਕਹਾਣੀਆਂ ਅਖ਼ਬਾਰਾਂ ਵਿੱਚ ਛਪਦੀ ਅੱਜ ਟੋਪ ਦੀ ਡਾਇਰੈਕਟਰ ਹੈ। ਦਰਜ਼ਨ ਦੇ ਕਰੀਬ ਵੀਡਿਓ ਗੀਤ ਉਹ ਡਾਇਰੈਕਟ ਕਰ ਚੁੱਕੀ ਹੈ ਤੇ ਗਾਇਕ ਪੰਮਾ ਸਾਹਿਰ ਆਖਦਾ ਮੇਰੇ ਗੀਤਾਂ ਦੀ ਉਮਰ ਸਿੰਮੀ ਨੇ ਵੀਡਿ ਬਣਾ ਵਧਾਈ ਹੈ। ਲਘੂ ਫ਼ਿਲਮ "ਤਰੇੜਾਂ" ਉਸ ਦੀ ਡਾਇਰੈਕਸ਼ਨ ਨੂੰ ਸਲਾਮ ਹੈ। ਕਿਤੇ ਉਹ ਕਾਰਜਕਾਰੀ ਨਿਰਮਾਤਾ ਬਣ ਤੇ ਕਿਤੇ ਕਹਾਣੀ ਤੇ ਸਕ੍ਰੀਨ ਪਲੇ ਗ਼ਜ਼ਬ ਦਾ ਲਿਆ ਮੂਵੀ ਜਾਨਦਾਰ ਦਿੰਦੀ ਰਹੀ ਹੈ। "ਭੜਕਨ" ਕਮਾਲ ਉਸ ਨੇ ਲਿਖੀ ਤੇ ਪੀਟੀਸੀ ਪੰਜਾਬੀ ਤੇ ਚੌਪਾਲ, ਪਿਟਾਰਾ ਹਰ ਥਾਂ ਸਿੰਮੀ ਪ੍ਰੀਤ ਕੌਰ ਛਾਈ ਰਹੀ ਹੈ। ਕਿਸ ਕਿਸ ਫ਼ਿਲਮ ਦਾ, ਵੈੱਬ ਫ਼ਿਲਮ ਦਾ ਜ਼ਿਕਰ ਕਰੀਏ ਕੁੱਲ ਮਿਲਾ ਕਿ ਸਿੰਮੀਪ੍ਰੀਤ ਕੌਰ ਨੇ ਬਹੁਤ ਲਘੂ ਫਿਲਮਾਂ ਦਿੱਤੀਆਂ ਹਨ। ਹੁਣ ਅਸਲੀ ਸਫ਼ਰ ਉਸ ਦਾ ਸ਼ੁਰੂ ਜਦ ਉਹ ਵੱਡੀ ਫ਼ਿਲਮ ਸਿਨੇਮਾ ਲਈ ਡਾਇਰੈਕਟ ਕਰੇਗੀ। ਜਦ ਉਹ ਵੱਡੇ ਨਾਮਵਰ ਗਾਇਕਾਂ ਦੇ ਵੀਡਿਓ ਕਰੇਗੀ ਤੇ ਸਿੰਮੀਪ੍ਰੀਤ ਤਦ ਇੱਕ ਨਵੀਂ ਸਿੰਮੀ ਬਣ ਨਜ਼ਰ ਆਏਗੀ। ਯੂਟਿਊਬ ਤੇ ਨਾਮ ਬਣਿਆ ਹੈ ਪਰ ਵਿਸ਼ਵ ਵਿਆਪੀ ਬਣਾਉਣ ਲਈ ਸਿੰਮੀ ਨੂੰ ਉੱਚ ਬੈਨਰ, ਕਲਾਕਾਰ ਸਟਾਰ ਨਾਲ ਕੰਮ ਕਰਨਾ ਹੈ। ਕੰਮ ਬਹੁਤ ਉਸ ਕੋਲ ਪਰ ਸਾਡੀ ਨਜ਼ਰੀਂ ਸਿੰਮੀ ਪ੍ਰੀਤ ਨੂੰ ਹੁਣ ਵੱਡੇ ਪ੍ਰੋਜੈਕਟ ਕਰਨੇ ਹਨ। ਤੇ ਹਾਂ ਹੁਣ ਕਲਮ ਸੰਗ ਰਹੀ ਏ ਤੇ ਇਸ਼ਾਰੇ ਕਰਦੀ ਏ ਕਿ ਹੀਰੋਇਨ ਹੀ ਲੱਗਦੀ ਹੈ ਸਿੰਮੀ, ਕੱਦ ਕਾਠ, ਉਚਾਈ ਲੰਬਾਈ, ਸਰੀਰਕ ਭਾਸ਼ਾ ਤੇ ਨਕਸ਼ ਨੈਣ ਸਭ ਫੁੱਲ ਪੱਤੀਆਂ ਗੁਲਾਬ ਦੀਆਂ ਹਨ, ਹਾਸਾ ਬੁੱਲ੍ਹੀਆਂ ਦੇ ਦਾਂਦਾਸੇ ਨੂੰ ਸੁਰਖ਼ ਕਰੇਂਦਾ ਹੈ ਤੇ ਕੁਲ ਮਿਲਾ ਕਿ ਇੱਕ ਫਿਲਮੀ ਨਾਇਕਾ ਜਿਹੀ ਸਿੰਮੀ ਦੀ ਪ੍ਰੀਤ ਫ਼ਿਲਮ ਨਿਰਦੇਸ਼ਨ ਤੇ ਲਿਖਣ ਨਾਲ ਹੈ ਕਿਤੇ ਕੰਮ ਕਾਰ ਤਜ਼ਰਬੇ ਬਾਬਤ ਵਾਧ ਘਾਟ ਤਾਂ ਸਿੰਮੀ ਕੋਈ ਨਹੀਂ ਚਲਦਾ ਹੈ ਪਰ ਆਖਰੀ ਗੱਲ ਕਿ ਪਤਲੀ ਪਤੰਗ ਜੱਟੀ ਰੰਗ ਰੂਪ ਦੀ ਹੱਟੀ, ਕਦੇ ਕਦੇ ਦਿਲ ਕਰਦਾ ਹੀਰੋਇਨ ਬਣ ਜਾਂਦੀ ਜਾਂ ਬਣ ਜਾਏ ਤਾਂ ਦੂਰ ਨਹੀਂ ਦਿੱਲੀ ਤੇ ਯਾਰਾਂ ਦੀ ਬੱਲੇ ਬੱਲੇ ਸਿਮੀਏ ਸਿੰਮੀ ਏ ਸੁੰਦਰ , ਸੁਸ਼ੀਲ ਤੇ ਕੰਮ ਦੀ ਤਜ਼ਰਬੇਕਾਰ ਡਾਇਰੈਕਟਰ ਲੇਖਿਕਾ ਖ਼ੁਸਬੂ ਲਾ ਕਿ ਇਹ ਸਿੰਮੀ ਪ੍ਰੀਤ ਇੰਜ ਹੀ ਵਧਦੀ ਫੁੱਲਦੀ ਰਹੇ ਰੱਬ ਰਾਖਾ ਅੱਲਾ ਬੇਲੀ।

